


These Books are printed and distributed free of cost by the :

WILLIAM BRANHAM GOOD NEWS SOCIETY
Glady's Dauch Memorial Building
PB. No. 5304
No. 13, Subbarayan Nagar I Street,
Kodambakkam, Chennai - 600 024. S.INDIA.
Phone : 2473 0634
Visit us at www.wbgns.org

PUNJABI

# *The Spoken Word*

*By*

**WILLIAM MARRION BRANHAM**

# ਸੱਤ ਕਲੀਸਿਯਾਈ ਯੁੱਗਾਂ ਅਤੇ ਸੱਤਾਂ ਮੋਹਰਾਂ ਦੇ ਵਿਚਲੀ ਦਰਾੜ

## THE BREACH BETWEEN THE SEVEN CHURCH AGES AND THE SEVEN SEALS

17 ਮਾਰਚ 1963

ਜੈਫਰਸਨਵਿਲੇ, ਇੰਡਿਆਨਾ, ਯੂ. ਐਸ. ਏ

**ਬੋਲਿਆ ਹੋਇਆ ਵਚਨ ਹੀ ਮੂਲ ਬੀਜ ਹੈ**

ਉਹ ਇਸ ਗੱਲ ਦਾ ਯਕੀਨ ਕਰਦੇ ਹਨ ਕਿ ਵਚਨ ਸੱਚਾ ਹੈ ਤਾਂ ਤੂੰ ਉਹਨਾਂ ਦੇ ਲਈ ਵਿਚੋਲਗੀ ਕਰ ਰਿਹਾ ਹੈਂ, ਅਤੇ ਉਹਨਾਂ ਨੂੰ ਲੇਲੇ ਦੇ ਬਲੀਦਾਨ ਵਾਲੇ ਲਹੂ ਦੇ ਦੁਆਰਾ ਸ਼ੁੱਧਤਾਂ ਦੀਆਂ ਹਾਲਤਾਂ ਵਿੱਚ ਕਬੂਲ ਕਰ ਰਿਹਾ ਹੈਂ । ਅਤੇ ਯਿਸੂ ਮਸੀਹ ਦੇ ਨਾਮ ਵਿੱਚ ਉਹ ਤੇਰੇ ਰਹਿਣਗੇ ।

326 ਹੁਣ ਤੂੰ ਜੋ ਇਹਨਾਂ ਲੋਕਾਂ ਨੂੰ ਆਪਣੇ ਪੈਰਾਂ ਦੇ ਉੱਤੇ ਖੜਾ ਹੋਏ ਵੇਖਦਾ ਹੈਂ, ਉਹ ਜਵਾਨ ਆਦਮੀ ਠੀਕ ਜੋ ਉਥੇ ਖੜਾ ਹੈ, ਅਤੇ ਉਹ ਉੱਪਰ ਖੜੇ ਹਨ, ਤੁਸੀਂ ਜਿਹੜੇ ਇਹ ਮਹਿਸੂਸ ਕਰਦੇ ਹੋ ਕਿ ਸਾਰੇ ਪਾਪ ਅਤੇ ਸਜਾ ਖਤਮ ਹੋ ਚੁੱਕੀ ਹੈ, ਤੁਹਾਡੇ ਵਿੱਚੋਂ ਕੁਝ ਲੋਕ ਜੋ ਉਹਨਾਂ ਦੇ ਕੋਲ ਖੜੇ ਹਨ, ਮੈਂ ਤੁਹਾਡੇ ਤੋਂ ਚਾਹੁੰਦਾ ਹਾਂ ਕਿ ਤੁਸੀਂ ਖੜੇ ਹੋ ਜਾਓ ਅਤੇ ਉਹਨਾਂ ਨਾਲ ਹੱਥ ਮਿਲਾਓ ਅਤੇ ਕਹੋ, "ਭਾਈ ਮੈਂ ਤੁਹਾਡੇ ਲਈ ਦੁਆ ਕਰਾਂਗਾ । ਭੈਣ ਮੈਂ ਤੁਹਾਡੇ ਲਈ ਦੁਆ ਕਰਾਂਗੀ। ਉਹਨਾਂ ਨਾਲ ਹੱਥ ਮਿਲਾਓ ਅਤੇ ਕਹੋ ,, " ਪ੍ਰਭੂ ਤੁਹਾਨੂੰ ਬਰਕਤ ਦੇਵੇ । ਅਤੇ ਹੁਣ ਤੁਹਾਡੀਆਂ ਬਾਲੀ ਗੱਲਾਂ ਸਰਵ-ਸ਼ਕਤੀਮਾਨ ਪ੍ਰਮੇਸ਼ੁਰ ਦੇ ਹੱਥ ਵਿੱਚ ਹਨ । ਤੁਸੀਂ ਬਸ ਕਹੋ, " ਮੈਂ ਤੁਹਾਡੇ ਲਈ ਦੁਆ ਕਰਾਂਗਾ, ਅਤੇ ਖੁਦਾ ਦੇ ਰਾਜ ਵਿੱਚ ਤੁਹਾਨੂੰ ਪਹੁੰਚਾਉਣ ਵਿੱਚ ਮੈਂ ਤੁਹਾਡੀ ਜਿੰਨੀ ਮੱਦਦ ਕਰ ਸੱਕਦਾ ਹਾਂ, ਕਰਾਂਗਾ । "

ਔਹ, ਅੱਜ ਬੁਲਾ ਰਿਹਾ ਹੈ !

ਔਹ, ਯਿਸੂ ਬੁਲਾ ਰਿਹਾ ਹੈ !

ਉਹ ਬੜੀ ਨਮਰਤਾ ਨਾਲ ਅੱਜ ਬੁਲਾ ਰਿਹਾ ਹੈ !

327 ਕੀ ਤੁਸੀਂ ਉਸ ਨਾਲ ਪਿਆਰ ਕਰਦੇ ਹੋ ? [ ਸੰਗਤ ਆਖਦੀ ਹੈ, " ਆਮੀਨ "-ਸੰਪਾ] ਕੀ ਉਹ ਅਦਭੁਤ ਨਹੀਂ ਹੈ ? [ " ਆਮੀਨ " ] ਔਹ, ਤੁਸੀਂ ਉਸ ਤੋਂ ਬਿਨਾ ਕੀ ਕਰੋਗੇ ? " ਮਨੁੱਖ ਨਿਰਾ ਰੋਟੀ ਦੇ ਨਾਲ ਹੀ ਜੀਉਂਦਾ ਨਹੀਂ ਰਹੇਗਾ ਬਲਕਿ ਪ੍ਰਮੇਸ਼ੁਰ ਦੇ ਹਰੇਕ ਵਚਨ ਦੇ ਨਾਲ ਜੋ ਉਸਦੇ ਮੂੰਹ ਵਿੱਚੋਂ ਨਿੱਕਲਦਾ ਹੈ । " ਔਹ, ਪ੍ਰਭੂ ਮੈਨੂੰ ਵਚਨ ਦਾ ਖਾਣਾ ਖੁਆ ।

328 ਅਤੇ ਇੱਕ ਦੂਸਰੇ ਦੇ ਨਾਲ ਇਕੱਠਾ ਹੋਣਾ ਨਾ ਛੱਡੋ, ਜਿਵੇਂ ਕਿ ਇਹ ਨਿਹਚਾਹੀਨ ਕਰਦੇ ਹਨ, ਪ੍ਰੰਤੂ ਜਿਵੇਂ ਤੁਸੀਂ ਉਸ ਦਿਨ ਨੂੰ ਆਉਂਦਾ ਵੇਖਦੇ ਹੋ, ਹੋਰ ਵੀ ਜਿਆਦਾ ਇੱਕਠਾ ਹੋਇਆ ਕਰੋ।"

329 ਕੱਲ ਰਾਤ ਖੁਦਾ ਨੇ ਚਾਹਿਆ ਤਾਂ, ਪ੍ਰਮੇਸ਼ੁਰ ਦੀ ਇੱਛਾ ਨਾਲ ਜੋ ਕੁਝ ਵੀ ਮੇਰੇ ਵਿੱਚ ਹੈ, ਉਸਦੇ ਰਾਹੀਂ ਮੈਂ ਯਤਨ ਕਰਾਂਗਾ ਕਿ ਉਸ ਤੋਂ ਇਹ ਮੰਗਾਂ ਕਿ ਜਦ ਮੋਹਰਾਂ ਨੂੰ ਤੋੜਿਆ ਜਾਂਦਾ ਹੈ, ਤਾਂ ਉਹ ਇਹਨਾਂ ਮੋਹਰਾਂ ਦੇ ਭੇਤਾਂ ਨੂੰ ਪ੍ਰਗਟ ਕਰਨ ਵਿੱਚ ਵਿਚੋਲਗੀ ਕਰੇ ਅਤੇ ਲੋਕਾਂ ਉੱਤੇ ਪ੍ਰਮੇਸ਼ੁਰ ਦੇ ਵਚਨ ਦੀ ਘੋਸ਼ਣਾ ਕਰੇ।

ਮੇਰੇ ਫਿਰ ਮਿਲਣ ਤੱਕ, ਪ੍ਰਮੇਸ਼ੁਰ ਤੁਹਾਡੇ ਨਾਲ ਹੋਵੇ !

330 ਹੁਣ ਮੈਂ ਸੰਗਤ ਆਪਣੇ ਪਿਆਰੇ ਭਾਈ,ਪਾਸਟਰ ਭਾਈ ਨੇਵਿਲ ਨੂੰ ਸੌਂਪਦਾ ਹਾਂ,ਕਿੰਨੇ ਭਾਈ ਨੇਵਿਲ ਨਾਲ ਪਿਆਰ ਕਰਦੇ ਹਨ?[ਸੰਗਤ "ਆਮੀਨ" ਆਖਦੀ ਹੈ।-ਸੰਪਾ]ਹੁਣ ਅਸੀਂ ਸਾਰੇ ਹੀ ਭਾਈ ਨੇਵਿਲ ਨਾਲ ਪਿਆਰ ਕਰਦੇ ਹਾਂ।ਭਾਈ ਨੇਵਿਲ ਜੀ ਅਗਾਂਹ ਆਓ।ਭਾਈ ਨੇਵਿਲ ਪ੍ਰਭੂ ਤੁਹਾਨੂੰ ਬਰਕਤ ਦੇਵੇ।

# ਸੱਤ ਕਲੀਸਿਯਾਈ ਯੁੱਗਾਂ ਅਤੇ ਸੱਤਾਂ ਮੋਹਰਾਂ ਦੇ ਵਿਚਲੀ ਦਰਾੜ
# THE BREACH BETWEEN THE SEVEN CHURCH AGES AND THE SEVEN SEALS

**WILLIAM MARRION BRANHAM**

These books are printed & distributed free of cost by the :

**WILLIAM BRANHAM GOOD NEWS SOCIETY**
Glady's Dauch Memorial Building,
Post Box No. 5304
No. 13, Dr. Subbarayan Nagar I Street,
Kodambakkam, Chennai - 600 024, South India.
Phone : 044-2473 0634
Web : www.wbgns.org



321 ਹੁਣ ਇਸ ਗੰਭੀਰਾਈ ਦੀ ਦੁਆ ਵਿੱਚ, ਮੈਂ ਇਸਨੂੰ ਉਸ ਤਰੀਕੇ ਨਾਲ ਕਹਿ ਰਿਹਾ ਹਾਂ ਜਿਸ ਤਰੀਕੇ ਨਾਲ ਪਵਿੱਤਰ ਆਤਮਾ ਦੀ ਮੈਨੂੰ ਅਗੁਵਾਈ ਮਿਲ ਰਹੀ ਹੈ । ਗੰਭੀਰਤਾ ਦੇ ਨਾਲ, ਪ੍ਰਮੇਸ਼ੁਰ ਦੇ ਸਨਮੁੱਖ ਆਪਣੇ ਆਪਨੂੰ ਪੇਸ਼ ਕਰੋ, ਜਿਵੇਂ ਕਿ ਉਸਨੇ ਆਪਣੇ ਆਪਨੂੰ ਤੁਹਾਡੇ ਉੱਤੇ ਸਿੱਧ ਕੀਤਾ ਹੈ । ਅਤੇ ਤੁਸੀਂ ਇੱਕ ਮਸੀਹੀ ਨਹੀਂ ਸੀ, ਜਾਂ ਤੁਸੀਂ ਉਹ ਨਹੀਂ ਸੀ ਜਿਸਨੂੰ ਅਸੀਂ ਕਹਿੰਦੇ ਹਾਂ, ਇੱਕ ਸੱਚਾ ਮਸੀਹੀ ........ਨਾਮਧਾਰੀ ਕਲੀਸਿਯਾ ਵਿੱਚ ਸ਼ਾਮਿਲ ਹੋਣ ਵਾਲਾ ਨਹੀਂ, ਪ੍ਰੰਤੂ ਮੇਰਾ ਮਤਲਬ ਨਵਾਂ ਜਨਮ ਪਾਏ ਹੋਏ ਮਸੀਹੀ ਤੋਂ ਹੈ । ਤੁਸੀਂ ਪੂਰੀ ਨਿਸ਼ਠਾ ਨਾਲ ਨਿਹਚਾ ਕਰੋ ਕਿ ਸੰਦੇਸ਼ ਸੱਚਾ ਹੈ, ਅਤੇ ਤੁਸੀਂ ਪੂਰੀ ਗੰਭੀਰਤਾ ਨਾਲ ਨਿਹਚਾ ਕਰੋ ਕਿ ਤੁਸੀਂ ਸਿਰਫ ਖੁਦਾ ਦੀ ਕਿਰਪਾ ਨਾਲ ਹੀ ਬਚ ਸੱਕਦੇ ਹੋ । ਅਤੇ ਤੁਸੀਂ ਵਿਸ਼ਵਾਸ਼ ਕਰੋ ਕਿ ਉਹ ਹੁਣ ਤੁਹਾਡੇ ਦਿਲ ਨਾਲ ਗੱਲ ਬਾਤ ਕਰ ਰਿਹਾ ਹੈ । ਅਤੇ ਕੀ ਤੁਸੀਂ ਉਸਨੂੰ ਕਬੂਲ ਕਰਨਾ ਚਹੁੰਦੇ ਹੋ, ਅਤੇ ਕੀ ਤੁਸੀਂ ਤਿਆਰ ਹੋ ਕਿ ਉਸਦਾ ਵਚਨ ਤੁਹਾਨੂੰ ਤੁਹਾਡੇ ਉਸ ਰੂਪ ਤੋਂ ਕੱਟ-ਵੱਢ ਕੇ ਜੋ ਤੁਸੀਂ ਹੁਣ ਹੋ, ਅਤੇ ਤੁਹਾਨੂੰ ਉਹ ਬਣਾਵੇ ਜੋ ਤੁਹਾਨੂੰ ਬਣਨਾ ਚਾਹੀਦਾ ਹੈ । ਕੀ ਤੁਸੀਂ ਆਪਣੇ ਪੈਰਾਂ ਤੇ ਖੜੇ ਹੋ ਕੇ ਇਸਦੀ ਗਵਾਹੀ ਦਿਓਗੇ ? ਜੇ ਇੱਥੇ ਕੋਈ ਇਸ ਤਰ੍ਹਾਂ ਦਾ ਆਦਮੀ ਹੈ ਜੋ ਬਣਾਉਣਾ ਚਾਹੁੰਦਾ ਹੈ .......ਪੂਰੀ ਤਰ੍ਹਾਂ ਨਾਲ ਸਿੱਧ, ਆਪਣੇ ਪੈਰਾਂ ਤੇ ਖੜਾ ਹੋ ਜਾਵੇ ।

322 ਸਵਰਗੀ ਪਿਤਾ ਮੈਂ ਹੋਰ ਵਧੇਰੇ ਕੁਝ ਨਹੀਂ ਜਾਣਦਾ ਸਿਵਾਏ ਤੇਰੇ ਵਚਨ ਦਾ ਹਵਾਲਾ ਦੇਣ ਦੇ । ਇੱਥੇ ਉਹ ਆਦਮੀਂ ਹਨ ਜਿਹੜੇ ਆਪਣੇ ਪੈਰਾਂ ਦੇ ਉੱਤੇ ਖੜੇ ਹੋਏ ਹਨ, ਤੇ ਉਹ ਮਹਿਸੂਸ ਕਰਦੇ ਹਨ ਕਿ ਉਹ ਉਸ ਜਗ੍ਹਾ ਤੇ ਨਹੀਂ ਹਨ ਜਿੱਥੇ ਕਿ ਉਨ੍ਹਾਂ ਨੂੰ ਹੋਣਾ ਚਾਹੀਦਾ ਹੈ, ਅਤੇ ਉਸ ਸਵਰਗ ਤੇ ਉਠਾਏ ਜਾਣ ਲਈ ਤਿਆਰ ਨਹੀਂ ਹਨ, ਜੋ ਹੋ ਸੱਕਦਾ ਹੈ ਕਿ ਸਾਡੇ ਤੇ ਪਹਿਲੀ ਮੋਹਰ ਖੁੱਲ੍ਹਣ ਤੋਂ ਪਹਿਲਾਂ ਹੋ ਜਾਵੇ ।

323 ਪਿਤਾ ਮੈਂ ਉਹਨਾਂ ਲਈ ਬੇਨਤੀ ਕਰਦਾ ਹਾਂ । ਮੈਂ ਤੇਰਾ ਸੇਵਕ ਹੋਣ ਦੇ ਨਾਤੇ ਇਸ ਦੁਆ ਨੂੰ ਉਸ ਮਹਾਨ ਵਿਚੋਲੇ ਦੇ ਅੱਗੇ ਭੇਂਟ ਕਰਦਾ ਹਾਂ ਜੋ ਕਿ ਮਸੀਹ ਹੈ । ਅਤੇ ਜਦ ਇਹ ਲੋਕ ਦੁਆ ਕਰ ਰਹੇ ਹਨ, ਮੈਂ ਆਪਣੀ ਬੇਨਤੀ ਨੂੰ ਪ੍ਰਮੇਸ਼ੁਰ ਦੇ ਹਾਥੀ ਦੰਦ ਦੇ ਸਿੰਘਾਸਣ ਦੇ ਸਨਮੁੱਖ ਭੇਟ ਕਰਦਾ ਹਾਂ, ਜਿੱਥੇ ਕਿ ਅੱਜ ਰਾਤ ਲਹੂ-ਲੂਹਾਨ ਬਲੀਦਾਨ ਪਿਆ ਹੈ । ਅਤੇ ਉਹ ਕਿਸੇ ਵੀ ਸਮੇਂ ਸਿੰਘਾਸਣ ਤੋਂ ਅਗਾਂਹ ਕਦਮ ਪੁੱਟ ਸੱਕਦਾ ਹੈ ਤਾਂ ਕਿ ਆਪਣੀ ਮਲਕੀਅਤ ਦਾ ਦਾਅਵਾ ਕਰੇ, ਤਦ ਕੋਈ ਦਯਾ ਬਾਕੀ ਨਹੀਂ ਰਹੇਗੀ, ਤਦ ਇਹ ਨਿਆਂ ਹੋਵੇਗਾ ।

324 ਪ੍ਰਭੂ ਬਖਸ਼ ਦੇ ਕਿ ਇਹ ਲੋਕ, ਜੋ ਆਪਣੇ ਪੈਰਾਂ ਤੇ ਖੜੇ ਹਨ ਅਤੇ ਆਪਣੇ ਦਿਲਾਂ ਵਿੱਚ ਆਪਣੇ ਪਾਪਾਂ ਦਾ ਇਕਰਾਰ ਕਰ ਰਹੇ ਹਨ, ਅਤੇ ਇਹ ਇੱਛਾ ਪ੍ਰਗਟ ਕਰ ਰਹੇ ਹਨ ਕਿ ਖੁਦਾ ਦਾ ਆਤਮਾ ਉਹਨਾਂ ਨੂੰ ਉਸ ਅਕਾਰ ਵਿੱਚ ਢਾਲੇ, ਪ੍ਰਮੇਸ਼ੁਰ ਪ੍ਰਭੂ ਦੇ ਭਵਨ ਵਿੱਚ ਜੀਵਤ ਪੱਥਰ ਦੇ ਰੂਪ ਵਿੱਚ ਢਾਲੇ । ਪਿਤਾ ਇਹ ਬਖਸ਼ ਦੇ । ਮੈਂ ਹੁਣ ਉਹਨਾਂ ਨੂੰ ਤੇਰੇ ਹੀ ਹਵਾਲੇ ਕਰਦਾ ਹਾਂ।

325 ਅਤੇ ਤੂੰ ਕਿਹਾ ਸੀ, " ਜੋ ਕੋਈ ਮਨੁੱਖਾਂ ਦੇ ਸਾਹਮਣੇ ਮੇਰਾ ਇਕਰਾਰ ਕਰੇਗਾ ਤਾਂ ਮੈਂ ਉਸਦਾ ਇਕਰਾਰ ਪ੍ਰਮੇਸ਼ੁਰ ਸਾਹਮਣੇ ਅਤੇ ਉਸਦੇ ਪਵਿੱਤਰ ਫਰਿਸ਼ਤਿਆਂ ਸਾਹਮਣੇ ਕਰਾਂਗਾ । " ਅੱਜ ਰਾਤ ਪ੍ਰਭੂ ਤੂੰ ਇਹਨਾਂ ਸਭਨਾਂ ਦੀ ਹਜ਼ੂਰੀ ਵਿੱਚ ਬੈਠਾ ਹੋਇਆ ਹੈਂ । ਅਤੇ ਉਹ ਇੱਥੇ ਖੜੇ ਤੇਰਾ ਇਕਰਾਰ ਕਰ ਰਹੇ ਹਨ । ਅਤੇ ਪ੍ਰਭੂ ਜੇ ਉਹਨਾਂ ਦਾ ਇਹ ਇਕਰਾਰ ਦਿਲ ਦੀ ਗਹਿਰਾਈ ਤੋਂ ਹੈ, ਅਤੇ

ਹੈ ਤਾਂ ਤੁਸੀਂ ਨਾਸ਼ ਹੋ । ਜੇ ਤੁਸੀਂ ਇਹਨਾਂ ਸਭ ਚੀਜ਼ਾਂ ਉੱਤੇ ਨਿਹਚਾ ਕੀਤੀ ਹੈ ਅਰ ਤੁਸੀਂ ਵਿਅਕਤੀਗਤ ਤਰੀਕੇ ਨਾਲ ਲੇਲੇ ਨੂੰ ਨਹੀਂ ਜਾਣਦੇ ਹੋ, ਤਦ ਮੈਂ ਤੁਹਾਨੂੰ ਪ੍ਰਮੇਸ਼ੁਰ ਦੇ ਸਨਮੁੱਖ ਹੁਕਮ ਦਿੰਦਾ ਹਾਂ, ਇਸ ਗੱਲ ਨੂੰ ਹੁਣੇ ਹੀ ਪ੍ਰਮੇਸ਼ੁਰ ਦੇ ਨਾਲ ਠੀਕ ਕਰ ਲਓ ।

316 ਤੁਸੀਂ ਆਪਣੇ ਦਿਲ ਵਿੱਚ ਪ੍ਰਾਰਥਨਾ ਕਰੋ । ਅਤੇ ਕੇਵਲ ਸਿੱਧੇ -ਸਾਦੇ ਬਣੇ ਰਹੋ ਕਿਉਂਕਿ ਪ੍ਰਮੇਸ਼ੁਰ ਸਧਾਰਨਤਾ ਵਿੱਚ ਛੁਪਿਆ ਹੋਇਆ ਹੈ । ਤੁਸੀਂ ਯਾਦ ਕਰੋ ਕਿ ਬਾਈਬਲ ਦੱਸਦੀ ਹੈ ਕਿ "ਜਿੰਨਿਆ ਨੇ ਨਿਹਚਾ ਕੀਤੀ ਪ੍ਰਭੂ ਉਹਨਾਂ ਨੂੰ ਉਨ੍ਹਾਂ ਵਿੱਚ ਰਲਾਉਂਦਾ ਸੀ । "

317 ਹੁਣ ਜਦ ਅਸੀਂ ਤੁਹਾਡੇ ਲਈ ਦੁਆ ਕਰਦੇ ਹਾਂ, ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀਂ ਆਪਣਾ ਸਦੀਪਕ ਫੈਸਲਾ ਲਓਗੇ, " ਪ੍ਰਭੂ ਮੈਂ ਹਾਂ ਕਹਾਂਗਾ !" ਅਤੇ *ਫੈਸਲਾ* ਇੱਕ " ਪੱਥਰ " ਹੁੰਦਾ ਹੈ । ਪਰ ਪੱਥਰ ਰਾਜ ਮਿਸਤਰੀ ਤੋਂ ਬਿਨਾਂ ਕਾਹਦੇ ਕੰਮ ਦਾ ਹੈ, ਜੇ ਉਸਨੂੰ ਕੱਟਣ ਤਰਾਸ਼ਣ ਵਾਲਾ ਕੋਈ ਮਿਸਤਰੀ ਨਾ ਹੋਵੇ ਜੋ ਉਸਨੂੰ ਕਿਸੇ ਭਵਨ ਲਈ ਆਕਾਰ ਦਿੰਦਾ ਹੈ ਅਤੇ ਉਸਨੂੰ ਭਵਨ ਵਿੱਚ ਫਿੱਟ ਕਰਦਾ ਹੈ ? ਅਜਿਹਾ ਹੋਵੇ ਕਿ ਪਵਿੱਤਰ ਆਤਮਾ ਤੁਹਾਨੂੰ ਤੁਹਾਡੇ ਉਸ ਆਕਾਰ ਤੋਂ ਕੱਟੇ ਜੋ ਕਿ ਤੁਸੀਂ ਹੋ, ਅਤੇ ਤੁਹਾਨੂੰ ਉਸ ਰੂਪ ਜਾਂ ਅਕਾਰ ਵਿੱਚ ਬਦਲੇ ਜਿਹੜਾ ਕਿ ਤੁਹਾਡਾ ਹੋਣਾ ਚਾਹੀਦਾ ਹੈ । ਜੇ ਤੁਸੀਂ ਨਾਮਧਾਰੀ ਕਲੀਸਿਯਾ ਦੇ ਕੱਟੜ ਮੈਂਬਰ ਹੋ, ਜੇ ਤੁਸੀਂ ਪਾਪੀ ਹੋ, ਜੇ ਤੁਸੀਂ ਮਸੀਹ ਤੋਂ ਬਿਨਾ ਹੋ, ਜੇ ਤੁਸੀਂ ਪਵਿੱਤਰ ਆਤਮਾ ਤੋਂ ਬਿਨਾ ਹੋ, ਜਾਂ ਤੁਸੀਂ ਜੋ ਕੁਝ ਵੀ ਹੋ, ਤਾਂ ਅਜਿਹਾ ਹੋਵੇ ਕਿ ਅੱਜ ਰਾਤ ਪ੍ਰਮੇਸ਼ੁਰ ਤੁਹਾਨੂੰ ਸ਼ਾਤੀਂ ਬਖਸ਼ੇ ।

318 ਹੁਣ ਪ੍ਰਭੂ, ਮੈਂ ਜਿੰਨੀ ਬੁੱਧੀ ਨਾਲ ਜਿੰਨਾ ਜਾਣਦਾ ਹਾਂ ਕਿ ਤੇਰੇ ਕੋਲ ਕਿਸ ਤਰ੍ਹਾਂ ਆਉਣਾ ਚਾਹੀਦਾ ਹੈ, ਮੈਂ ਵਚਨ ਦੇ ਦੁਆਰਾ ਜਿੰਨਾ ਜਾਣਦਾ ਹਾਂ ਕਿ ਤੇਰੇ ਕੋਲ ਕਿਵੇਂ ਆਉਣਾ ਚਾਹੀਦਾ ਹੈ, ਉਸੇ ਦੇ ਨਾਲ ਮੈਂ ਤੇਰੇ ਕੋਲ ਇਹਨਾਂ ਲੋਕਾਂ ਦੇ ਨਾਲ ਤੇਰੇ ਵਚਨ ਨਾਲ, ਆਪਣੇ ਆਪ ਨੂੰ ਅਤੇ ਇਹਨਾਂ ਲੋਕਾਂ ਨੂੰ ਤੇਰੇ ਸਪੁਰਦ ਕਰਦਾ ਹਾਂ । ਪ੍ਰਭੂ ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਅੱਜ ਰਾਤ ਵਚਨ ਨੇ ਇਹਨਾਂ ਲੋਕਾਂ ਦੇ ਦਿਲਾਂ ਵਿੱਚ ਜਗ੍ਹਾ ਲੱਭ ਲਈ ਹੈ ।

319 ਜੇ ਇੱਥੇ ਕੋਈ ਇਸ ਤਰ੍ਹਾਂ ਦਾ ਹੈ ਜੋ ਪਵਿੱਤਰ ਆਤਮਾ ਦੀ ਮਿੱਠੀ ਹਜ਼ੂਰੀ ਦੇ ਬਾਰੇ ਵਿੱਚ ਨਹੀਂ ਜਾਣਦਾ ਹੈ ਜਾਂ ਇੱਥੇ ਕੋਈ ਅਜਿਹਾ ਹੈ ਜਿਸਦੇ ਜੀਵਨ ਵਿੱਚ ਪਵਿੱਤਰ ਆਤਮਾ ਦੀ ਮਿੱਠੀ ਹਜ਼ੂਰੀ ਨਹੀਂ ਹੈ, ਅਤੇ ਗੁੱਸੇ, ਮਤਭੇਤਾਂ, ਖ਼ੁਦਗਰਜ਼ੀ, ਜਾਂ ਹੋਰ ਕਾਸੇ ਨੇ ਇਸ ਮਹਾਨ ਚੀਜ਼ ਨੂੰ ਉਹਨਾਂ ਤੋਂ ਕੱਟ ਦਿੱਤਾ ਹੈ, ਤੇ ਉਹਨਾਂ ਤੋਂ ਇਹਨੂੰ ਦੂਰ ਰੱਖਿਆ ਹੈ ; ਜਾਂ ਕਿਸੇ ਮੱਤ ਸਿਧਾਂਤ ਜਾਂ ਕਿਸੇ ਜਲਜਲਾਹਟ ਨੇ, ਪ੍ਰਮੇਸ਼ੁਰ ਦੀ ਮਿੱਠੀ ਸੰਗਤ ਤੋਂ ਉਹਨਾਂ ਨੂੰ ਦੂਰ ਰੱਖਿਆ ਹੈ, ਤਾਂ ਉਹ ਗੱਲਾਂ ਉਹਨਾਂ ਕੋਲੋਂ ਇਸੇ ਵੇਲੇ ਦੂਰ ਹੋ ਜਾਣ ।

320 ਅਤੇ ਲੇਲਾ, ਉਹ ਲਹੂ-ਲੁਹਾਨ ਲੇਲਾ ਉਹ ਪਵਿੱਤਰ ਨੇੜੇ ਦਾ ਸਾਕ ਜੋ ਸਿੰਘਾਸਣ ਤੋਂ ਉੱਠ ਕੇ ਆਉਂਦਾ ਹੈ, ਪ੍ਰਮੇਸ਼ੁਰ ਦੀਆਂ ਦਹਿਲੀਜ਼ਾਂ ਦੀਆਂ ਗੁਪਤ ਰੋਸ਼ਨੀਆਂ ਵਿੱਚੋਂ ਨਿੱਕਲ ਕੇ ਉਹ ਆਪਣੀ ਮਿਰਾਸ ਦਾ ਦਾਅਵਾ ਕਰਨ ਆਇਆ । ਪ੍ਰਭੂ, ਇਹ ਬਖਸ਼ ਦੇ ਕਿ ਉਹ ਇਸਨੂੰ ਕਬੂਲ ਕਰ ਲੈਣ । ਕਾਸ਼ ਕਿ ਹਰੇਕ ਫੈਸਲਾ ਗੰਭੀਰਤਾਈ ਨਾਲ ਕੀਤਾ ਜਾਵੇ ਅਤੇ ਕਾਸ਼ ਕਿ ਉਹ ਉਹਨੂੰ ਇੱਕਲੇ ਨੂੰ ਹੀ ਆਪਣਾ ਆਪ ਸੌਂਪਣ ਜਿਹੜਾ ਕਿ ਇਹਨਾਂ ਪੱਥਰਾਂ ਨੂੰ ਕੱਟ ਵੱਢ ਕੇ ਉਹਨਾਂ ਨੂੰ ਪੁੱਤਰ ਅਤੇ ਪੁੱਤਰੀਆਂ ਦੀ ਸ਼ਕਲ ਦੇ ਸੱਕਦਾ ਹੈ ।

# ਸੱਤ ਕਲੀਸਿਯਾਈ ਯੁੱਗਾਂ ਅਤੇ ਸੱਤਾਂ ਮੋਹਰਾਂ ਦੇ ਵਿਚਲੀ ਦਰਾੜ
# THE BREACH BETWEEN THE SEVEN CHURCH AGES AND THE SEVEN SEALS

ਸ਼ੁਭ ਸ਼ਾਮ, ਦੋਸਤੋ। ਅੱਜ ਰਾਤ ਫਿਰ ਪ੍ਰਭੂ ਦੇ ਘਰ ਵਿੱਚ ਸੰਗਤੀ ਵਿੱਚ ਆਉਣਾ, ਅਤੇ ਹੁਣ ਤੱਕ ਇਸ ਸਵੇਰ ਦੇ ਮੰਨੇ ਨਾਲ ਜੀਉਂਦੇ ਰਹਿਣਾ, ਜਿਸ ਵਿੱਚ ਉਸਦੀ ਮਹਾਨ ਹਜ਼ੂਰੀ ਦੇ ਦੁਆਰਾ ਸਾਡੇ ਪ੍ਰਾਣਾਂ ਨੂੰ ਮਹਾਨ ਬਰਕਤ ਮਿਲੀ ਹੈ, ਇੱਕ ਭਾਗਾਂ ਵਾਲੀ ਗੱਲ ਹੈ। ਅਤੇ ਹੁਣ, ਅੱਜ ਰਾਤ, ਸਾਡੇ ਕੋਲ ਇੱਕ ਹੈ .....ਅੱਜ ਰਾਤ ਅਸੀਂ *ਸੱਤ ਕਲੀਸਿਯਾਈ ਯੁੱਗਾਂ ਅਤੇ ਸੱਤਾਂ ਮੋਹਰਾਂ ਦੇ ਵਿਚਕਾਰਲਾ ਫਾਸਲਾ* ਵਿਸ਼ੇ 'ਤੇ ਸੰਦੇਸ਼ ਸ਼ੁਰੂ ਕਰ ਰਹੇ ਹਾਂ।

2 ਅੱਜ ਦੁਪਹਿਰ ਬਾਦ ਦੇ ਸਮੇਂ ਮੈਂ ਇੱਕ ਮਿੱਤਰ ਨਾਲ ਥੋੜੀ ਗੱਲਬਾਤ ਕਰ ਰਿਹਾ ਸੀ । ਅਤੇ ਸ਼ਾਇਦ, ਕਿ ਜੇ ਖ਼ੁਦਾ ਦੀ ਮਰਜ਼ੀ ਹੋਈ ਤਾਂ ਇਨ੍ਹਾਂ ਗਰਮੀਆਂ ਵਿੱਚ ਕਿਸੇ ਸਮੇਂ, ਜੇ ਉਹ ਮੈਨੂੰ ਘਰ ਨਹੀਂ ਲੈ ਕੇ ਜਾਂਦਾ ਹੈ ਜਾਂ -ਜਾਂ ਮੈਂ ਫਿਰ ਆਵਾਂ, ਜਾਂ ਸਮੁੰਦਰ ਪਾਰ ਨਹੀਂ ਜਾਂਦਾ ਹਾਂ ਜਾਂ ਕਿਤੇ ਹੋਰ ਨਹੀਂ ਜਾਂਦਾ ਹਾਂ, ਤਾਂ ਮੈਂ ਫਿਰ ਦੁਬਾਰਾ ਆਖਰੀ ਸੱਤ ਤੁਰ੍ਹੀਆਂ 'ਤੇ ਪ੍ਰਚਾਰ ਕਰਾਂਗਾ। ਅਤੇ ਇਹ ਇੱਕ ਦੂਸਰੇ ਨਾਲ ਜੁੜੀਆਂ ਹੋਈਆਂ ਹਨ। ਅਤੇ ਇਸ ਤੋਂ ਬਾਦ ਇਸ ਵਿੱਚ ਆਖਰੀ ਸੱਤ ਬਵਾਂ ਹਨ। ਅਤੇ ਜਿਵੇਂ ਜਿਵੇਂ ਅਸੀਂ ਇਸਦਾ ਅਧਿਐਨ ਕਰਦੇ ਅੱਗੇ ਵੱਧਦੇ ਜਵਾਂਗੇ ਇਹ ਇੱਕ ਦੂਸਰੇ ਨਾਲ ਜੁੜਦੀਆਂ ਜਾਣਗੀਆਂ।

3 ਅੱਜ ਰਾਤ ਜਦਕਿ ਅਸੀਂ ਇੱਕ ਤਰ੍ਹਾਂ ਨਾਲ ਸ਼ਾਂਤ ਹਾਂ ........ ਹੋ ਸਕਦਾ ਹੈ ਕਿ ਅੱਜ ਰਾਤ ਮੇਰਾ ਸੰਦੇਸ਼ ਥੋੜਾ ਜਿਹਾ ਲੰਬਾ ਹੋ ਜਾਵੇ। ਇੱਥੋਂ ਤੱਕ ...... ਜਿਉਂ ਹੀ ਮੈਂ ਇੱਥੇ ਵਾਪਿਸ ਆਉਂਦਾ ਹਾਂ ...... ਮੈਂ ਫਿਨਿਕਸ ਵਿੱਚ ਜਿੰਨਾ ਵੀ ਪ੍ਰਚਾਰ ਕੀਤਾ, ਅਤੇ ਮੇਰਾ ਗਲਾ ਇੱਕ ਵਾਰੀ ਵੀ ਖਰਾਬ ਨਹੀਂ ਹੋਇਆ, ਵੇਖਿਆ। ਇਹ ਠੀਕ ਗੱਲ ਹੈ। ਅਤੇ ਔਹ, ਮੇਰੇ ਪ੍ਰਭੂ ਮੈਂ ਉੱਥੇ ਕਿੰਨੀ ਜ਼ੋਰ ਨਾਲ ਵਚਨ ਦਾ ਪ੍ਰਚਾਰ ਕੀਤਾ ਸੀ। ਅਤੇ ਮੇਰਾ ਵਿਸ਼ਵਾਸ਼ ਹੈ ਕਿ ਮੈਂ ਬਿਨਾਂ ਕਿਸੇ ਗਲੇ ਦੀ ਖਰਾਬੀ ਦੇ ਸਤਾਈ ਸੰਗਤੀਆਂ ਕੀਤੀਆਂ ਸਨ। ਪ੍ਰੰਤੂ ਤੁਸੀਂ ਵੇਖਦੇ ਹੋ ਕਿ ਇੱਥੇ ਇਸ ਤਰ੍ਹਾਂ ਦਾ ਮੌਸਮ ਹੈ । ਇੱਥੇ ਬਹੁਤ ਖਰਾਬ ਮੌਸਮ ਹੈ, ਕਿਉਂਕਿ ਇਹ ਇੱਕ ਘਾਟੀ ਹੈ। ਇੱਥੇ ਵਾਪਿਸ ਆਉਣ ਨਾਲ ਮੇਰੀ ਸਿਹਤ ਬਿਗੜ ਜਾਂਦੀ ਹੈ, ਇੱਥੇ ਤਾਂ ਬਹੁਤ ਬੁਰਾ ਹਾਲ ਹੈ, ਤੁਸੀਂ ਜਾਣਦੇ ਹੋ ਕਿ ਮੇਰਾ ਕੀ ਮਤਲਬ ਹੈ, ਇਹ ਵਾਦੀ ਸਿਹਤ ਦੇ ਹਿਸਾਬ ਨਾਲ ਠੀਕ ਨਹੀਂ ਹੈ। ਅਤੇ ਕੋਈ ਵੀ ਪ੍ਰਚਾਰਕ ..... ਜੋ ਇੱਥੇ ਬੋਲਦਾ ਹੈ, ਸ਼ੁਰੂ ਤੋਂ ਹੀ ਉਸਦਾ ਗਲਾ ਖਰਾਬ ਹੋ ਜਾਂਦਾ ਹੈ।

4 ਅਤੇ ਇੱਕ ਵਾਰ ਮੇਰੇ ਇੱਕ ਦੋਸਤ ਨੇ ਜੋ ਡਾਕਟਰ ਹੈ ਮੇਰਾ ਗਲਾ ਵੇਖਿਆ ਕਿ ਪਤਾ ਲੱਗੇ ਕਿ ਮੇਰੇ ਗਲੇ ਵਿੱਚ ਕੀ ਨੁਕਸ ਹੈ। ਅਤੇ ਉਸਨੇ ਕਿਹਾ, "ਤੇਰੇ ਗਲੇ ਵਿੱਚ ਕੋਈ ਵੀ ਨੁਕਸ ਨਹੀਂ ਹੈ।" ਕਿਹਾ, "ਬਸ ਇਹ ਹੀ ਕਿ ਤਰਾ ਗਲਾ ਪੱਕ ਗਿਆ ਹੈ ।" ਤੁਸੀਂ ਜਾਣਦੇ ਹੋ ਕਿ ਹੋ ਸਕਦਾ ਹੈ, ਕਿ ਮੇਰੇ ਨਾਲ ਇਸੇ ਤਰ੍ਹਾਂ ਹੀ ਹੋਵੇ। ਜਦ ਤੱਕ ਇਸ ਗਲੇ ਦਾ ਇਸਤੇਮਾਲ ਪ੍ਰਚਾਰ ਲਈ ਹੁੰਦਾ ਰਹਿੰਦਾ ਹੈ, ਮੈਨੂੰ ਚੰਗਾ ਲੱਗਦਾ ਹੈ, ਸਮਝੇ ਤੁਸੀਂ। ਇਸ ਤਰ੍ਹਾਂ ਪ੍ਰਮੇਸ਼ੁਰ ਦੇ ਰਾਜ ਲਈ ਕਰਨਾ ਠੀਕ ਹੋਵੇਗਾ।

5 ਹੁਣ, ਹੋ ਸਕਦਾ ਹੈ ਕਿ ਅਸੀਂ ਆਪਣੀ ਦੇਹ 'ਤੇ ਯਿ .....ਯਿਸੂ ਮਸੀਹ ਦੇ ਚਿੰਨ੍ਹ ਜਾਂ ਦਾਗ ਲਵਾਉਣ ਦੇ ਯੋਗ ਨਾ ਹੋਈਏ, ਜਿਵੇਂ ਪੌਲੁਸ ਨੇ ਉਹ ਦਾਗ ਮਾਰ ਖਾਣ ਨਾਲ ਲੁਆਏ ਸਨ। ਪ੍ਰੰਤੂ ਹੋ ਸਕਦਾ ਹੈ ਕਿ ਅਸੀਂ ਆਪਣੇ ਪ੍ਰਚਾਰ ਨਾਲ ਅਤੇ ਆਪਣੀ ਅਵਾਜ਼ ਉਹਨਾਂ ਚੀਜ਼ਾਂ ਦੇ ਵਿਰੁੱਧ ਉਠਾਉਣ ਨਾਲ ਉਹਨਾਂ ਦਾਗਾਂ ਨੂੰ ਲਵਾ ਸਕਦੇ ਹਾਂ ਜੋ ਕਿ ਗਲਤ ਹਨ। ਇਸ ਲਈ ਅਸੀਂ ਧੰਨਵਾਦੀ ਹਾਂ ਕਿ ਸਾਨੂੰ ਹੋਰ ਅਗਾਂਹ ਨੂੰ ਮਾਰ ਖਾਣ ਦੀ ਲੋੜ ਨਹੀਂ ਹੈ, ਵਿਸ਼ੇਸ਼ ਕਰਕੇ ਇਸ ਸਮੇਂ ਤੱਕ ਲਈ।

6 ਇੱਥੇ ਕਿੰਨੇ ਲੋਕ ਹਨ ਜਿਹਨਾਂ ਨੇ *ਸ਼੍ਰੀਮਾਨੋਂ, ਕੀ ਸਮਾਂ ਇਹੀ ਹੈ,* ਸੰਦੇਸ਼ ਪੜ੍ਹਿਆ ਹੈ?ਜਾਂ, ਇਸਨੂੰ ਸੁਣਿਆ ਹੈ, ਕੀ ਤੁਸੀਂ ਜਾਣਦੇ ਹੋ *ਸ਼੍ਰੀਮਾਨ, ਇਹ ਸਮਾਂ ਕਿਹੜਾ ਹੈ?* ਇਹ ਮੈਨੂੰ ਥੋੜਾ ਜਿਹਾ ਬੇਚੈਨ ਕਰ ਦਿੰਦਾ ਹੈ। ਜੇ ਤੁਸੀਂ ਇਸਨੂੰ ਪੜ੍ਹਿਆ ਜਾਂ ਸੁਣਿਆ ਨਹੀਂ ਹੈ, ਤਾਂ ਮੈਂ ਚਹੁੰਦਾ ਹਾਂ ਕਿ ਤੁਸੀਂ ਕਿਸੇ ਵੀ ਤਰ੍ਹਾਂ ਇਸਨੂੰ ਜਰੂਰ ਪੜ੍ਹੋ ਜਾਂ ਸੁਣੋ। ਇਹ ਮੈਨੂੰ ਇੱਕ ਤਰ੍ਹਾਂ ਨਾਲ ਬੇਚੈਨ ਕਰ ਦਿੰਦਾ ਹੈ। ਸੰਗਤੀ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਇਸਨੂੰ ਤੁਹਾਨੂੰ ਦੱਸਣਾ ਚਹੁੰਦਾ ਹਾਂ। ਲੱਗਭੱਗ ਇਕ ਹਫਤਾ ਜਾਂ ਇਸ ਦਸ ਦਿਨ ਪਹਿਲਾਂ ਮੈਂ ਬਹੁਤ ਬੇਚੈਨ ਸੀ। ਮੈਂ ਸੰਗਤੀ ਜਾਂ ਕੋਈ ਹੋਰ ਦੂਸਰਾ ਕੰਮ ਨਹੀਂ ਕਰ ਸਕਿਆ ਸੀ, ਕਿਉਂਕਿ ਮੈਂ ਨਹੀਂ ਜਾਣਦਾ ਸੀ ਕਿ ਇਹ ਕੀ ਹੈ। ਇਹ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਕਿ ਇਹ ਇੱਕ ਬਹੁਤ ਹੀ ਬੁਰਾ ਹੈ, ਅਤੇ ਮੈਂ ਇਹ ਨਹੀਂ ਜਾਣਦਾ ਸੀ ਕਿ ਇਹ ਕੀ ਸੀ। ਸੋ ਮੈਂ ......

7 ਮੈਂ ਇੱਕ ਦਿਨ ਤੜਕੇ ਸਵੇਰ ਨੂੰ ਸਬੀਨੋ ਕੈਨੀਅਨ ਜਾਣ ਲਈ ਉੱਠ ਖਲੋਤਾ। ਸਬੀਨੋ ਕੈਨੀਅਨ ਜਾਣ ਲਈ ਮੇਰੇ ਘਰ ਤੋਂ ਤੀਹ ਜਾਂ ਚਾਲੀ ਮਿੰਟ ਲਗੱਦੇ ਹਨ ....... ਜਾਂ ਸਬੀਨੋ ਕੈਨੀਅਨ ਦੀ ਚੋਟੀ ਤੱਕ ਪਹੁੰਚਣ ਲਈ ਮੇਰੇ ਘਰੋਂ ਗੱਡੀ ਵਿੱਚ ਚਾਲੀ ਮਿੰਟ ਲੱਗਦੇ ਹਨ। ਉੱਥੇ ਸਿਰਫ ਇੱਕ ਸੜਕ ਹੈ ਜੋ ਪਹਾੜੀ ਤੱਕ ਤੀਹ ਮੀਲ ਦੀ ਦੂਰੀ ਤੱਕ ਜਾਂਦੀ ਹੈ।

8 ਉੱਥੇ ਉਤਾਂਹ ਇੱਕ ਅਨੋਖਾ ਦੇਸ਼ ਹੈ। ਹੁਣ ਮੈਂ ਇੱਥੇ ਰੇਗਿਸਤਾਨ ਵਿੱਚ ਹੋ ਸਕਦਾ ਹਾਂ, ਜਿੱਥੇ ਹੁਣ ਇਸ ਵੇਲੇ ਤਾਪਮਾਨ ਅੱਸੀ ਜਾਂ ਨੱਬੇ ਹੈ, ਅਤੇ ਇੱਥੋਂ ਤੀਹ ਮਿੰਟ ਦੀ ਦੂਰੀ ਤੇ ਅੱਠ ਫੁੱਟ ਉੱਚੀ ਬਰਫ ਵਿੱਚ ਹੋ ਸਕਦਾ ਹਾਂ, ਮੈਂ ਪਹਾੜ ਦੀ ਚੋਟੀ 'ਤੇ ਹੋ ਸਕਦਾ ਹਾਂ। ਅਸੀਂ ਹੁਣੇ ਹੀ ਥੋੜੇ ਦਿਨ ਪਹਿਲਾਂ ਫਿਨਿਕਸ ਵਿੱਚ ਸੀ, ਜਿੱਥੇ ਤਾਪਮਾਨ ਵੀਹ ਜਾਂ ਆਠਾਈ ਜਾਂ ਕੁਝ ਅਜਿਹਾ ਹੀ ਸੀ। ਉਹਨਾਂ ਨੇ ਤੈਰਨ ਵਾਲੇ ਤਲਾਬਾਂ ਦੇ ਪਾਣੀ ਨੂੰ ਗਰਮ ਕੀਤਾ ਹੋਇਆ ਸੀ ਅਤੇ ਲੋਕ ਉਹਨਾਂ ਵਿੱਚ ਤੈਰ ਰਹੇ ਸਨ। ਅਤੇ ਉੱਥੋਂ ਚਾਲੀ ਮੀਲ ਗੱਡੀ ਚਲਾਉਣ 'ਤੇ ਅਜਿਹੀ ਥਾਂ ਆ ਜਾਂਦੀ ਹੈ ਜਿੱਥੇ ਜ਼ੀਰੋ ਤੋਂ ਵੀ ਚਾਲੀ ਡਿਗਰੀ ਥੱਲੇ ਤਾਪਮਾਨ ਸੀ, ਅਜਿਹਾ ਫਲੈਗਸਟਾਫ ਵਿੱਚ ਸੀ। ਵੇਖਿਆ? ਇਹ ਮਾਰੂਥਲ ਅਤੇ ਸਮੁੰਦਰੀ ਪਾਣੀਆਂ ਦੇ ਉੱਚੇ ਬਹਾਵ ਦਾ ਅੰਤਰ ਹੈ। ਅਤੇ ਦਮੇ ਦੀ ਬੀਮਾਰੀ ਦੇ ਰੋਗੀਆਂ ਵਗੈਰਾ ਲਈ ਇਹ ਜਲਵਾਯੂ ਬਹੁਤ ਹੀ ਸਿਹਤਮੰਦ ਸੀ।

9 ਪ੍ਰੰਤੂ, ਹੁਣ ਮੈਂ ਉੱਥੇ ਕੈਨੀਅਨ ਵਿੱਚ ਚੜ੍ਹ ਗਿਆ, ਅਤੇ ਜਿੰਨਾ ਉੱਚੀ ਚੜ੍ਹ ਸੱਕਦਾ ਸੀ ਚੜ੍ਹ ਗਿਆ। ਅਤੇ ਜਦ ਮੈਂ ਉੱਥੇ ਬੈਠਾ ਹੋਇਆ ਸੀ, ਮੈਂ ਪ੍ਰਭੂ ਨੂੰ ਪੁੱਛਿਆ ਕਿ ਪ੍ਰਭੂ ਇਸ ਸਭ ਦਾ ਕੀ ਅਰਥ ਹੈ। ਮੈਂ ਇੱਕ ਤਰ੍ਹਾਂ ਨਾਲ ਬੇਚੈਨ ਸੀ, ਅਤੇ ਨਹੀਂ ਜਾਣਦਾ ਸੀ ਕਿ ਕੀ ਕਰਨਾ ਚਾਹੀਦਾ ਹੈ।

10 ਅਤੇ ਜਦਕਿ ਮੈਂ ਪ੍ਰਾਰਥਨਾ ਕਰ ਰਿਹਾ ਸੀ, ਤਾਂ ਇੱਕ ਅਨੋਖੀ ਘਟਨਾ ਘਟਦੀ ਹੈ। ਮੈਂ ਇਮਾਨਦਾਰ ਬਣਿਆ ਰਹਿਣਾ ਚਹੁੰਦਾ ਹਾਂ। ਹੁਣ ਵੇਖੋ, ਹੋ ਸੱਕਦਾ ਹੈ ਕਿ ਉਸ ਵੇਲੇ ਮੈਂ ਨੀਂਦ



ਕਿਉਂਕਿ ਇੱਕ ਅਜਿਹਾ ਦਿਨ ਆ ਰਿਹਾ ਹੈ ਜਦ ਤੁਸੀਂ ਉਸਦੇ ਕੋਲ ਆਉਣਾ ਚਾਹੋਗੇ, ਅਤੇ ਉੱਥੇ ਫਿਰ ਕੋਈ ਵੀ ਵਿਚੋਲਗੀ ਕਰਨ ਵਾਲਾ ਨਾ ਹੋਵੇਗਾ । ਕਿਉਂਕਿ ਅਸੀਂ ਵੇਖਦੇ ਹਾਂ ਕਿ ਜਿਸ ਸਮੇਂ ਵਿੱਚ ਅਸੀਂ ਰਹਿ ਰਹੇ ਹਾਂ, ਉਹ ਸੱਤਵਾਂ ਕਲੀਸਿਯਈ ਯੁੱਗ ਹੈ, ਅਤੇ ਪ੍ਰਮੇਸ਼ੁਰ ਦੇ ਭੇਤਾਂ ਦਾ ਪ੍ਰਗਟਾਵਾ ਬਿਲਕੁੱਲ ਉਸੇ ਤਰ੍ਹਾਂ ਹੀ ਹੋਇਆ ਹੈ ਜਿਸ ਤਰ੍ਹਾਂ ਕਿ ਉਹ ਹੈ, ਅਤੇ ਪ੍ਰਮੇਸ਼ੁਰ ਦਾ ਆਤਮਾ ਉਹਨਾਂ ਨੂੰ ਸੱਚਾ ਸਾਬਤ ਕਰ ਰਿਹਾ ਹੈ ਅਤੇ ਸਭਨਾਂ ਨੂੰ ਇਹ ਵਿਖਾ ਰਿਹਾ ਹੈ ਕਿ ਉਸਨੇ ਇਹਨਾਂ ਗੱਲਾਂ ਦਾ ਵਾਅਦਾ ਅੰਤ ਦੇ ਦਿਨਾਂ ਲਈ ਕੀਤਾ ਹੈ, ਤਾਂ ਹੋਰ ਕਿੰਨਾ ਕੁ ਸਮਾਂ ਬਾਕੀ ਹੈ? ਪਾਪੀ ਮਿੱਤਰੋ ਆ ਜਾਓ।

312 ਪ੍ਰਭੂ ਯਿਸੂ ਸਮਾਂ ਖਤਮ ਹੁੰਦਾ ਜਾ ਰਿਹਾ ਹੈ । ਹੋ ਸੱਕਦਾ ਹੈ ਕਿ ਇਸ ਤੋਂ ਪਹਿਲਾਂ ਕਿ ਅਸੀਂ ਸੋਚੀਏ ਦੇਰ ਹੋ ਜਾਏ । ਅਤੇ ਇਸ ਘੜੀ ਨੂੰ ਆਉਂਦੇ ਵੇਖ ਕੇ ਅਸੀਂ ਖੁਸ਼ ਹਾਂ । ਅਤੇ ਵਿਸ਼ਵਾਸ਼ੀ ਦੇ ਲਈ ਇਹ ਸਭ ਤੋਂ ਮਹਿਮਾਂ ਵਾਲਾ ਸਮਾਂ ਹੈ ਜੋ ਕਦੇ ਸੰਸਾਰ ਨੇ ਜਾਣਿਆ ਹੋਵੇ । ਪਰ ਰੱਦ ਕਰਨ ਵਾਲੇ ਦੇ ਲਈ ਇਹ ਸੱਭ ਤੋਂ ਵਧੀਕ ਮਯੂਸੀ ਦਾ ਸਮਾਂ ਹੈ ਜੋ ਕਦੇ ਹੋ ਸੱਕਦਾ ਹੈ । , ਵਰਣਮਾਲਾ ਵਿੱਚ ਅਜਿਹੇ ਅੱਖਰ ਹੈ ਹੀ ਨਹੀਂ ਜਿਹਨਾਂ ਨਾਲ ਉਹਨਾਂ ਸ਼ਬਦਾਂ ਨੂੰ ਕਿਹਾ ਜਾ ਸਕੇ, ਜੋ ਕਿ ਆਉਣ ਵਾਲੇ ਸਮੇਂ ਵਿੱਚ ਮੁਸੀਬਤਾਂ ਅਤੇ ਦੁੱਖਾਂ ਦਾ ਵਰਣਨ ਕਰ ਸਕਣ । ਅਤੇ ਨਾ ਹੀ ਸਾਡੀ ਵਰਣਨਮਾਲਾ ਵਿੱਚੋਂ ਸ਼ਬਦ ਲੱਭੇ ਜਾ ਸੱਕਦੇ ਹਨ ਜੋ ਕਿ ਉਹਨਾਂ ਬਰਕਤਾਂ ਦਾ ਵਰਣਨ ਕਰ ਸਕਣ ਜੋ ਕਿ ਵਿਸ਼ਵਾਸ਼ੀ ਦੇ ਲਈ ਆਉਣ ਵਾਲੇ ਸਮੇਂ ਵਿੱਚ ਹੋਣਗੀਆਂ ਅਥਵਾ ਵਿਸ਼ਵਾਸ਼ੀਆਂ ਲਈ ਰੱਖੀਆਂ ਹੋਈਆਂ ਹਨ ।

313 ਪਿਤਾ, ਹੋ ਸੱਕਦਾ ਹੈ ਅੱਜ ਰਾਤ ਇੱਥੇ ਕੁਝ ਅਜਿਹੇ ਲੋਕ ਹੋਣ ਜਿਹਨਾਂ ਦੇ ਕੋਲ ਕੋਈ ਆਸ ਨਹੀਂ ਹੈ । ਅਤੇ ਉਹ ਬੁੱਧੀਮਾਨ ਲੋਕ ਹਨ । ਅਤੇ ਜੇ ਹਾਲੇ ਵੀ ਲਹੂ ਕਿਰਪਾ ਵਾਲੀ ਥਾਂ ਤੇ ਹੈ ਤਾਂ ਹੋਣ ਦੇ ਕਿ ਲੇਲਾ ਸਿੰਘਾਸਣ ਤੋਂ ਉੱਠ ਕੇ ਉਹਨਾਂ ਦੇ ਦਿਲ ਵਿੱਚ ਚਲ ਕੇ ਆਵੇ, ਅਤੇ ਉਹਨਾਂ ਉੱਤੇ ਇਹ ਪ੍ਰਗਟ ਕਰੇ ਕਿ ਉਹ ਗੁਆਚੇ ਹੋਏ ਹਨ । ਅਤੇ ਉਹ ਆਪਣੇ ਲਹੂ -ਲੁਹਾਨ ਹੱਥਾਂ ਦੇ ਨਾਲ, ਉਹਨਾਂ ਨੂੰ ਕਹੇ, " ਜਦ ਕਿ ਆਉਣ ਦਾ ਸਮਾਂ ਹੈ ਆ ਜਾਓ । "

314 ਪ੍ਰਭੂ ਮੈਂ ਸੰਦੇਸ਼ ਨੂੰ ਪ੍ਰਾਰਥਨਾ ਦੇ ਨਾਲ ਤੇਰੇ ਹੱਥਾਂ ਵਿੱਚ ਸੌਂਪਦਾ ਹਾਂ । ਪਿਤਾ, ਜੋ ਤੂੰ ਇਸਦੇ ਨਾਲ ਕਰਨਾ ਚਾਹੇਂ ਉਹ ਕਰ, ਯਿਸੂ ਦੇ ਨਾਮ ਵਿੱਚ ।

ਜਦਕਿ ਸਾਡੇ ਸਿਰ ਝੁਕੇ ਹੋਏ ਹਨ,

315 ਜੇ ਤੁਸਾਂ ਇਸ ਬੇਨਤੀ ਅਤੇ ਲੋੜ ਨੂੰ ਪੂਰਿਆਂ ਨਹੀਂ ਕੀਤਾ ਹੈ । ਜੇਕਰ ਤੁਸੀਂ ਆਪਣੇ ਗਿਰਜੇ ਵਿੱਚ ਹੀ ਨਿਹਚਾ ਕੀਤੀ ਹੈ ! ਅਜਿਹਾ ਕੋਈ ਵੀ ਨਹੀਂ ਸੀ ਜੋ ਕਿ ਛੁਡਾ ਸਕੇ । ਜੇ ਤੁਸੀਂ ਕਿਸੇ ਸੰਤ ਦੀ ਵਿਚੋਲਗੀ ਵਿੱਚ ਨਿਹਚਾ ਕੀਤੀ ਹੈ, ਤੁਸੀਂ ਅਜੇ ਵੀ ਗੁਆਚੇ ਹੋਏ ਹੋ । ਜੇ ਤੁਸਾਂ ਆਪਣੇ ਹੱਥਾਂ ਦੇ ਕੰਮਾਂ ਵਿੱਚ ਨਿਹਚਾ ਕੀਤੀ ਹੈ, ਕਿ ਤੁਸੀਂ ਕੋਈ ਚੰਗਾ ਕੰਮ ਕੀਤਾ ਹੈ, ਤਾਂ ਤੁਸੀਂ ਗੁਆਚੇ ਹੋਏ ਹੋ । ਜੇ ਤੁਸੀਂ ਆਪਣੀ ਮਾਂ ਦੀ ਪ੍ਰਾਰਥਨਾ ਵਿੱਚ, ਜਾਂ ਫਿਰ ਆਪਣੀ ਮਾਂ ਜੀ ਦੀ ਰਾਸਤਬਾਜੀ ਵਿੱਚ ਨਿਹਚਾ ਕੀਤੀ ਹੈ ਜਾਂ ਫਿਰ ਆਪਣੇ ਪਿਤਾ ਜੀ ਦੀ ਰਾਸਤਬਾਜੀ ਵਿੱਚ, ਜੇ ਤੁਸੀਂ ਉਸ ਵਿੱਚ ਨਿਹਚਾ ਕੀਤੀ ਹੈ ਤਾਂ ਤੁਸੀਂ ਨਾਸ਼ ਹੋ । ਜੇ ਤੁਸਾਂ ਕਿਸੇ ਸੰਵੇਦਨਾ ਉੱਤੇ, ਜਾਂ ਕਿਸੇ ਭਾਵਨਾ ਉੱਤੇ, ਜੋਸ਼ ਉੱਤੇ ਜਾਂ ਗੈਰ ਜੁਬਾਨਾਂ ਬੋਲਣ ਤੇ ਨੱਚਣ ਟੱਪਣ ਤੇ ਨਿਹਚਾ ਕੀਤੀ

ਸੁਰਗ ਦੀ ਸਾਰੀ ਸੈਨਾ ਇੱਕਠੀ ਹੋਵੇਗੀ ;
ਔਹ, ਇਹ ਮਹਿਮਾਂਮਈ ਨਜ਼ਾਰਾ ਹੋਵੇਗਾ,
ਅਤੇ ਸਾਰੇ ਸੰਤ ਦੂਧੀਆ ਚਿੱਟੇ ਬਸਤਰਾਂ ਵਿੱਚ ਹੋਣਗੇ ;
ਅਤੇ ਯਿਸੂ ਦੇ ਨਾਲ ਅਸੀਂ ਸਾਰੇ ਹਮੇਸ਼ਾਂ ਰਾਜ ਕਰਾਂਗੇ ।
ਔਹ, " ਆਓ ਅਤੇ ਭੋਜਨ ਕਰੋ ", ਸੁਆਮੀ ਬੁਲਾਉਂਦਾ ਹੈ,
(ਵਚਨ ਦਾ ) " ਆਓ ਅਤੇ ਭੋਜਨ ਕਰੋ । "

306 ਔਹ, ਮੈਂ -ਮੈਂ - ਮੈਂ ਬਿਨਾਂ ਸ਼ਬਦਾਂ ਦੇ ਹਾਂ, ਵੇਖੋ ।
"ਆਓ ਅਤੇ ਭੋਜਨ ਕਰੋ "" ਆਓ ਅਤੇ ਭੋਜਨ ਕਰੋ "
ਤੁਸੀਂ ਯਿਸੂ ਦੇ ਮੇਜ਼ ਤੇ ਕਰ ਸੱਕਦੇ ਹੋ ਭੋਜਨ ਕਿਸੇ ਵੀ ਸਮੇਂ,
(ਹੁਣ ! ਪਰ ਜਦ ਉਹ ਉੱਠ ਕੇ ਚਲਾ ਜਾਵੇਗਾ ਫਿਰ ਕੋਈ ਆਸ ਨਹੀਂ ਰਹੇਗੀ )
ਉਸਨੇ ਭੀੜਾਂ ਨੂੰ ਖੁਆਇਆ, ਪਾਣੀ ਦੀ ਸੀ ਮੈ ਬਣਾ ਦਿੱਤੀ ।

307 ਉਸ ਜਿਸਨੇ ਆਖਿਆ, " ਕਿ ਜਿਹੜਾ ਮੇਰੇ ਉੱਤੇ ਨਿਹਚਾ ਕਰਦਾ ਹੈ, ਜਿਹੜੇ ਕੰਮ ਮੈਂ ਕਰਦਾ ਹਾਂ ਉਹ ਵੀ ਕਰੇਗਾ । ਹੇ ਮੇਰੇ, ਪ੍ਰਭੂ ! ਉਹ ਜਿਹਨੇ ਆਖਰੀ ਦਿਨਾਂ ਲਈ ਇਹਨਾਂ ਗੱਲਾਂ ਦਾ ਵਾਇਦਾ ਕੀਤਾ ਸੀ, ਉਹ ਹੀ ਪ੍ਰਗਟ ਕਰਨ ਦੇ ਸਮੇਂ ਵਿੱਚ ਹੈ, ਜਦ ਇਹਨਾਂ ਗੱਲਾਂ ਨੂੰ ਪ੍ਰਗਟ ਕੀਤਾ ਜਾ ਰਿਹਾ ਹੈ । " ਆਓ ਅਤੇ ਭੋਜਨ ਕਰ ਲਓ । " ਔਹ, ਮੇਰ ਭਾਈ ਜੀ, ਇਸਨੂੰ ਗੁਆ ਨਾ ਲਓ ।

ਆਓ ਇੱਕ ਪਲ ਲਈ ਆਪਣੇ ਸਿਰਾਂ ਨੂੰ ਝੁਕਾਈਏ ।

308 ਕੱਲ ਰਾਤ ਨੂੰ ਪ੍ਰਮੇਸ਼ੁਰ ਦੀ ਕਿਰਪਾ ਨਾਲ ਅਸੀਂ ਪਹਿਲੀ ਮੋਹਰ ਨੂੰ ਤੋੜਨ ਦਾ ਯਤਨ ਕਰਾਂਗੇ, ਜੇ ਖੁਦਾ ਇਸਨੂੰ ਸਾਡੇ ਲਈ ਤੋੜੇ ਤਾਂ ਕਿ ਅਸੀਂ ਵੇਖ ਸਕੀਏ ਕਿ ਇਹ ਪ੍ਰਕਾਸ਼ ਕੀ ਰਿਹਾ ਹੈ, " ਜੋ ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਦਾ ਹੀ ਛੁਪਿਆ ਹੋਇਆ ਹੈ । "

309 ਇਸ ਤੋਂ ਪਹਿਲਾਂ ਕਿ ਅਸੀਂ ਇਹ ਕਰੀਏ, ਪਾਪੀ ਦੋਸਤੋ, ਜਾਂ ਸੀਲ ਗਰਮ ਕਲੀਸਿਯਾ ਦੇ ਮੈਂਬਰੋ, ਕੀ ਤੁਹਾਡੀ ਕੇਵਲ ਚਰਚ ਵਿੱਚ ਮੈਂਬਰਸ਼ਿਪ ਹੀ ਹੈ, ਜਾਂ ਕਿ ਤੁਹਾਡੀ ਮੈਂਬਰਸ਼ਿਪ ਨਹੀਂ ਹੈ ? ਅਤੇ ਜੇ ਕੇਵਲ ਤੁਹਾਡੀ ਮੈਂਬਰਸ਼ਿਪ ਹੀ ਹੈ, ਤਾਂ ਫਿਰ ਤੁਸੀਂ ਤਾਂ ਇਸਨੂੰ ਨਾ ਪਾਉਣ ਦੇ ਬਰਾਬਰ ਹੀ ਹੋਵੋਂਗੇ । ਤੁਹਾਨੂੰ ਨਵੇਂ ਸਿਰੇ ਤੋਂ ਜਨਮ ਲੈਣ ਦੀ ਲੋੜ ਹੈ । ਤੁਹਾਨੂੰ ਲਹੂ ਦੇ ਕੋਲ ਆਉਣਾ ਚਾਹੀਦਾ ਹੈ । ਤੁਹਾਨੂੰ ਤਾਂ ਉਸ ਚੀਜ ਦੇ ਕੋਲ ਆਉਣਾ ਚਾਹੀਦਾ ਹੈ ਜੋ ਕਿ ਪਾਪ ਦੇ ਧੱਬਿਆਂ ਨੂੰ ਝੱਟ ਹੀ ਮਿਟਾ ਦੇਵੇ ਕਿ ਉਹਨਾਂ ਦੀ ਅੱਗੇ ਤੋਂ ਕੋਈ ਯਾਦ ਬਾਕੀ ਨਾ ਰਹੇ ।

310 ਜੇ ਤੁਸਾਂ ਅਜੇ ਤੱਕ ਵੀ ਤਿਆਰੀ ਨਹੀਂ ਕੀਤੀ ਕਿ ਤੁਸੀਂ ਲੇਲੇ ਨੂੰ ਹਵਾ ਵਿੱਚ ਮਿਲੋ !ਤਾਂ ਉਸ ਸਮਰਥ ਅਤੇ ਅਧਿਕਾਰ ਨਾਲ ਜੋ ਪ੍ਰਮੇਸ਼ੁਰ ਦੇ ਦੁਆਰਾ ਮੈਨੂੰ ਦਿੱਤਾ ਗਿਆ ਹੈ, ਅਤੇ ਜੋ ਸੇਵਕਾਈ ਅੱਗ ਦੇ ਖੰਭੇ ਰਾਹੀਂ ਮੈਨੂੰ ਬਖਸ਼ੀ ਗਈ ਹੈ, ਉਸ ਅਧਾਰ ਤੇ ਮੈਂ ਤੁਹਾਨੂੰ ਯਿਸੂ ਮਸੀਹ ਦੇ ਨਾਮ ਵਿੱਚ ਹੁਕਮ ਦਿੰਦਾ ਹਾਂ ਕਿ ਤੁਸੀਂ ਤਿਆਰ ਹੋ ਜਾਓ । ਇਸ ਧਰਤੀ ਦੇ ਚਰਚ ਦੀ ਮੈਂਬਰਸ਼ਿਪ ਦੇ ਨਾਲ ਉਹਨੂੰ ਮਿਲਣ ਦੀ ਕੋਸ਼ਿਸ਼ ਬਿਲਕੁੱਲ ਨਾ ਕਰੋ ।

311 ਜਿਥੇ ਤੱਕ ਮੈਂ ਜਾਣਦਾ ਹਾਂ ਉਹ ਹਾਲੇ ਵੀ ਪ੍ਰਮੇਸ਼ੁਰ ਦੇ ਸਿੰਘਾਸਣ ਤੇ ਬੈਠਾ ਵਿਚੋਲਗੀ ਕਰ ਰਿਹਾ ਹੈ, ਅਰ ਜਦਕਿ ਉਹ ਵਿਚੋਲਗੀ ਕਰ ਰਿਹਾ ਹੈ, ਤੁਸੀਂ ਉਸਦੇ ਕੋਲ ਆ ਜਾਓ ।



ਵਿੱਚ ਹੋਵਾਂ, ਜਾਂ ਇਹ ਹੋ ਸੱਕਦਾ ਹੈ ਕਿ ਜਾਂ ਇਹ ਅਚੇਤਨ ਵਾਲੀ ਹਾਲਤ ਹੋਵੇ ਜਾਂ ਹੋ ਸੱਕਦਾ ਹੈ ਕਿ ਇਹ ਇੱਕ ਦਰਸ਼ਨ ਹੋਵੇ। ਮੈਂ ਤਾਂ ਇਹ ਹੀ ਵਿਸ਼ਵਾਸ਼ ਕਰਦਾ ਹਾਂ ਕਿ ਇਹ ਇੱਕ ਦਰਸ਼ਣ ਸੀ। ਮੇਰੇ ਹੱਥ ਇਸ ਤਰ੍ਹਾਂ ਨਾਲ ਫੈਲੇ ਹੋਏ ਸਨ, ਅਤੇ ਮੈਂ ਕਹਿ ਰਿਹਾ ਸੀ, "ਪ੍ਰਭੂ ਇਸ ਧਮਾਕੇ ਦਾ ਅਰਥ ਕੀ ਹੈ? ਅਤੇ ਉਹਨਾਂ ਸੱਤ ਸਵਰਗ ਦੂਤਾਂ ਦਾ ਮਿਨਾਰ ਅਰਥਾਤ ਪੈਰਾਮਿਡ ਦੇ ਰੂਪ ਵਿੱਚ ਇੱਕ ਸਮੂਹ ਵਿੱਚ ਆਉਣਾ ਮੈਨੂੰ ਧਰਤੀ ਤੋਂ ਉੱਪਰ ਚੁੱਕ ਲੈਣਾ ਪੂਰਬ ਵੱਲ ਨੂੰ ਮੁੜ ਜਾਣ ਦਾ, ਕੀ ਅਰਥ ਹੈ?"

11 ਮੈਂ ਉੱਥੇ ਪ੍ਰਾਥਨਾ ਵਿੱਚ ਖੜ੍ਹਾ ਸੀ ਅਤੇ ਉਸੇ ਵੇਲੇ ਕੁਝ ਹੋਇਆ। ਅਤੇ ਮੇਰੇ ਹੱਥ ਵਿੱਚ ਕੋਈ ਚੀਜ਼ ਆ ਡਿੱਗੀ। ਅਤੇ ਮੈਂ ਜਾਣਦਾ ਹਾਂ ਕਿ ਜੇ ਤੁਸੀਂ ਆਤਮਿਕ ਗੱਲਾਂ ਬਾਰੇ ਨਹੀਂ ਸਮਝਦੇ ਹੋ ਤਾਂ ਹੋ ਸਕਦਾ ਹੈ ਕਿ ਇਹ ਤੁਹਾਨੂੰ ਬੇਹੱਦ ਅਜੀਬ ਲੱਗੇ। ਪ੍ਰੰਤੂ ਕੋਈ ਚੀਜ਼ ਮੇਰੇ ਹੱਥ 'ਤੇ ਆ ਕੇ ਡਿੱਗੀ ਸੀ। ਅਤੇ ਜਦ ਮੈਂ ਵੇਖਿਆ ਤਾਂ ਇਹ ਇੱਕ ਤਲਵਾਰ ਸੀ। ਅਤੇ ਉਸ ਤਲਵਾਰ ਦੀ ਮੁੱਠ ਜਾਂ ਹੱਥਾ ਮੋਤੀ ਦਾ ਬਣਿਆ ਹੋਇਆ ਸੀ, ਉਹ ਉਸ ਸੋਹਣੇ ਮੋਤੀ ਦਾ ਬਣਿਆ ਸੀ ਜੋ ਮੈਂ ਪਹਿਲਾਂ ਕਦੇ ਵੀ ਨਹੀਂ ਵੇਖਿਆ ਸੀ। ਤੁਸੀਂ ਜਾਣਦੇ ਹੋ ਉਹ ਸੁਰੱਖਿਆ ਜੋ ਉਸ ਹੱਥੇ 'ਤੇ ਲਗਾਈ ਹੁੰਦੀ ਹੈ, ਮੇਰਾ ਅੰਦਾਜ਼ਾ ਹੈ ਕਿ ਉਹ ਇਸ ਲਈ ਹੁੰਦੀ ਹੈ ਕਿ ਜਦ ਲੋਕ ਗਤਕਾ ਖੇਡਦੇ ਹਨ ਤਾਂ ਉਹਨਾਂ ਦੇ ਹੱਥ ਨਾ ਵੱਢੇ ਜਾਣ। ਸੋ ਉਹ ਸੁਰੱਖਿਅਕ ਹੱਥਾ ਸੋਨੇ ਦਾ ਸੀ। ਅਤੇ ਉਸ ਤਲਵਾਰ ਦਾ ਪੱਤਰਾ ਬਹੁਤਾ ਲੰਬਾ ਨਹੀਂ ਸੀ ਪਰ ਇਹ ਉਸਤਰੇ ਵਰਗਾ ਤਿੱਖਾ ਸੀ ਅਤੇ ਉਹ ਚਾਂਦੀ ਵਾਂਗ ਚਮਕਦਾ ਸੀ। ਅਤੇ ਇਹ ਏਨੀ ਸੋਹਣੀ ਸੀ ਜਿਹੀ ਮੈਂ ਪਹਿਲਾਂ ਕਦੇ ਨਹੀਂ ਵੇਖੀ ਸੀ ਇਹ ਬਿਲਕੁੱਲ ਮੇਰੇ ਹੱਥ ਵਿੱਚ ਪੂਰੀ ਤਰ੍ਹਾਂ ਨਾਲ ਫਿੱਟ ਹੋ ਗਈ ਅਤੇ ਮੈਂ ਇਸਨੂੰ ਫੜਿਆ ਹੋਇਆ ਸੀ। ਮੈਂ ਕਿਹਾ, " ਕੀ ਇਹ ਸੋਹਣੀ ਨਹੀਂ ਹੈ । " ਮੈਂ ਉਸਨੂੰ ਦੇਖਿਆ, ਅਤੇ ਮੈਂ ਸੋਚਿਆ " ਤੁਸੀਂ ਜਾਣਦੇ ਹੋ ਕਿ ਮੈਂ ਹਮੇਸ਼ਾਂ ਹੀ ਤਲਵਾਰ ਤੋਂ ਡਰਿਆਂ ਹਾਂ। "ਮੈਂ ਇੱਕ ਤਰ੍ਹਾਂ ਨਾਲ ਖੁਸ਼ ਸੀ ਕਿ ਮੈਂ ਉਸ ਸਮੇਂ ਵਿੱਚ ਨਹੀਂ ਰਹਿ ਰਿਹਾ ਹਾਂ ਜਦ ਲੋਕ ਤਲਵਾਰ ਦੀ ਵਰਤੋਂ ਕਰਦੇ ਸਨ। ਕਿਉਂਕਿ ਮੈਨੂੰ ਤਾਂ ਚਾਕੂ ਤੋਂ ਵੀ ਡਰ ਲੱਗਦਾ ਹੈ। ਅਤੇ ਮੈਂ ਸੋਚਿਆ, "ਮੈਂ,ਇਸਦਾ ਕੀ ਕਰਾਂਗਾ?"

12 ਅਤੇ ਜਦ ਮੈਂ ਇਹ ਤਲਵਾਰ ਆਪਣੇ ਹੱਥ ਵਿੱਚ ਫੜੀ ਹੋਈ ਸੀ, ਕਿਤਿਉਂ ਇੱਕ ਅਵਾਜ਼ ਨੇ ਮੈਨੂੰ ਆਖਿਆ, " ਇਹ ਮਹਾਰਾਜੇ (THE KING) ਦੀ ਤਲਵਾਰ ਹੈ। " ਅਤੇ ਇਸ ਤੋਂ ਬਾਦ ਉਹ ਤਲਵਾਰ ਮੈਨੂੰ ਛੱਡ ਕੇ ਚਲੀ ਗਈ।

13 ਚੰਗਾ, ਮੈਂ-ਮੈਂ ਹੈਰਾਨ ਹੋ ਰਿਹਾ ਸੀ ਕਿ ਇਸਦਾ ਮਤਲਬ ਕੀ ਹੈ, " ਇਹ ਮਹਾਰਾਜੇ ਦੀ ਤਲਵਾਰ ਹੈ। " ਅਤੇ ਮੈਂ ਸੋਚਿਆ, ਜੇ ਉਸਨੇ ਕਿਹਾ ਹੁੰਦਾ ਰਾਜੇ ( KING) ਦੀ ਤਲਵਾਰ ਤਾਂ ਹੋ ਸਕਦਾ ਸੀ ਕਿ ਮੈਂ ਇਸਨੂੰ ਸਮਝ ਜਾਂਦਾ। ਪ੍ਰੰਤੂ ਉਸਨੇ ਤਾਂ ਕਿਹਾ ਸੀ " ਮਹਾਰਾਜੇ (THE KING) ਦੀ ਤਲਵਾਰ। " ਇਸ ਲਈ ਹੋ ਸਕਦਾ ਹੈ ਕਿ ਮੈਨੂੰ ਇਸਦਾ ਅਧਿਕਾਰ ਨਾ ਹੋਵੇ, ਪ੍ਰੰਤੂ ਮੈਂ ਸੋਚਿਆ "ਸਿਰਫ ਇੱਕ ਹੀ ਮਹਾਰਾਜਾ ਹੈ ਜੋ ਕਿ ਖੁਦਾ ਹੈ। ਅਤੇ ਉਸੇ ਦੀ ਹੀ ਇਹ ਤਲਵਾਰ ਹੈ, ਜੋ ਕਿ ਦੋਧਾਰੀ ਤਲਵਾਰ ਨਾਲੋਂ ਵੀ ਤਿੱਖੀ ਹੈ। 'ਸਮਝੇ? ' ਅਤੇ ਜੇ ਤੁਸੀਂ ਮੇਰੇ ਵਿੱਚ ਬਣੇ ਰਹੋ ਅਤੇ ਮੇਰੀਆਂ ਗੱਲਾਂ ਤੁਹਾਡੇ ਵਿੱਚ ਬਣੀਆਂ ਰਹਿਣ .....' "ਵੇਖਿਆ ਤੁਸੀਂ? ਅਤੇ ਮੈਂ ਸੋਚਿਆ .....

14 ਅਤੇ ਤੁਸੀਂ ਗਤਕੇ ਵਿੱਚ ਵੇਖਦੇ ਹੋ, ਅਤੇ ਜਿਵੇਂ ਕਿ ਮੈਂ ਸਮ-..... ਮੈਂ ਇਸਦੇ ਬਾਰੇ ਵਿੱਚ ਇੱਕ ਸ਼ਬਦ ਤੱਕ ਨਹੀਂ ਸਮਝਦਾ ਹਾਂ, ਤੇ ਨਾ ਹੀ ਕੋਈ ਗਤਕੇ ਦਾ ਨਿਯਮ ਜਾਣਦਾ ਹਾਂ। ਪ੍ਰੰਤੂ ਜਿੱਥੋਂ

ਤੱਕ ਮੈਂ ਇਸਦੇ ਬਾਰੇ ਵਿੱਚ ਸਮਝਦਾ ਹਾਂ ਇਸ ਵਿੱਚ ਚਾਕੂ ਜਾਂ ਤਲਵਾਰ ਤਿਰਛੀ ਚਲਾਈ ਜਾਂਦੀ ਹੈ। ਅਤੇ ਤਦ ਆਖੀਰ ਵਿੱਚ ਜਦ ਉਹ, ਤੁਹਾਡਾ ਦੁਸ਼ਮਣ ਅਤੇ ਤੁਸੀਂ ਆਪਣੀਆਂ-ਆਪਣੀਆਂ ਤਲਵਾਰਾਂ ਨੂੰ ਇੱਕ ਦੂਜੇ ਦੀ ਤਲਵਾਰ ਨਾਲ ਭਿੜਾਉਂਦੇ ਹੋ ਜਾਂ ਰੋਕਦੇ ਲੈਂਦੇ ਹੋ ਤਦ ਇਸ ਤੋਂ ਬਾਦ ਇਹ ਆਦਮੀ ਦੇ ਜ਼ੋਰ 'ਤੇ ਨਿਰਭਰ ਕਰਦਾ ਹੈ। ਵੇਖੋ, ਕਿਉਂਕਿ ਉਸਦੀ ਤਲਵਾਰ ਮੇਰੇ ਦਿਲ ਵੱਲ ਨੂੰ ਨਿਸ਼ਾਨਾ ਬੰਨੇ ਹੋਏ ਹੁੰਦੀ ਹੈ, ਅਤੇ ਮੇਰੀ ਤਲਵਾਰ ਉਸਦੇ ਵੱਲ, ਪ੍ਰੰਤੂ ਉਹ ਭਿੜ ਅਰਥਾਤ ਰੁਕ ਗਈਆਂ ਹਨ, ਜਿਵੇਂ ਕਿ ਸਾਡੇ ਚਾਕੂ ਇੱਕ ਦੂਜੇ ਨਾਲ ਟਕਰਾ ਰਹੇ ਹੋਣ। ਅਤੇ ਇਸ ਤੋਂ ਬਾਦ ਜਦ ਉਹ ਫਿਰ ਦੁਬਾਰਾ ਇੱਕ ਦੂਸਰੇ ਨਾਲ ਟਕਰਾਉਂਦੀਆਂ ਹਨ, ਤਾਂ ਉਹ ਦੋਨੋਂ ਇੱਕੋ ਸਮੇਂ ਆ ਜਾਂਦੀਆਂ ਹਨ। ਅਤੇ ਜਿਹੜਾ ਦੂਜੇ ਨੂੰ ਪਿਛਾਂਹ ਧੱਕ ਸੁੱਟੇ, ਉਸਦੀ ਤਲਵਾਰ ਸਿੱਧੀ ਉਸਦੇ ਦਿਲ 'ਤੇ ਹੁੰਦੀ ਹੈ। ਸੋ ਇਹ ਤਾਂ ਨਿਰਭਰ ਕਰਦਾ ਹੈ ......

15 ਇੱਥੋਂ ਤੱਕ ਕਿ ਤਲਵਾਰ ਵਚਨ ਹੋ ਸੱਕਦੀ ਹੈ, ਜੋ ਵਿਸ਼ਵਾਸ਼ ਦੇ ਮਜ਼ਬੂਤ ਹੱਥਾਂ ਦੀ ਪਕੜ 'ਤੇ ਨਿਰਭਰ ਕਰਦੀ ਹੈ ਕਿ ਉਹ ਉਸਨੂੰ ਫੜਨ, ਕਿ ਉਹ ਉਸਨੂੰ ਦੁਸ਼ਮਣ ਦੇ ਦਿਲ ਤੱਕ ਲਿਆਉਣ। ਹੁਣ, ਮੈਂ ਇਹਨਾਂ ਗੱਲਾਂ ਦੇ ਬਾਰੇ ਵਿੱਚ ਨਹੀਂ ਜਾਣਦਾ ਹਾਂ, ਪ੍ਰੰਤੂ ਸਿਰਫ ...... ਜੋ ਕੁਝ ਵੀ ਮੈਨੂੰ ਪ੍ਰਮੇਸ਼ੁਰ ਕੋਲੋਂ ਮਿਲਿਆ ਹੈ, ਉਹ ਹੀ ਮੈਂ ਤੁਹਾਨੂੰ ਦੱਸ ਸਕਦਾ ਹਾਂ।, ਉਹ ਹੀ ਮੈਂ ਤੁਹਾਨੂੰ ਦੱਸਿਆ ਹੈ,ਤਾਂ ਕਿ ਤੁਸੀਂ ਜਾਣ ਜਾਓ ਕਿ ਮੈਂ ਵਿਸ਼ਵਾਸ਼ ਕੀਤਾ ਹੈ ਕਿ ਇਸੇ ਤਰ੍ਹਾਂ ਹੀ ਸੀ .....ਕਿ ਸਾਡੇ ਪ੍ਰਭੂ ਨੇ ਇਹ ਨਹੀਂ ਕਿਹਾ ਸੀ,ਕਿ ਸਭ ਕੁਝ ਜੋ ਉਸਨੇ ਪਿਤਾ ਕੋਲੋਂ ਪਾਇਆ ਹੈ, ਉਸਨੇ ਸਭ ਕੁਝ ਦੱਸ ਦਿੱਤਾ ਹੈ ਅਤੇ ਕੁਝ ਵੀ ਬਾਕੀ ਨਹੀਂ ਰੱਖਿਆ?ਅਤੇ-ਅਤੇ ਇਸੇ ਤਰ੍ਹਾਂ ਅਸੀਂ ਉਹਨਾਂ ਸਭਨਾਂ ਗੱਲਾਂ ਨੂੰ ਦੱਸ ਦਿੰਦੇ ਹਾਂ ਜਿਵੇਂ ਉਹ ਆਉਂਦੀਆਂ ਹਨ। ਹੁਣ ਜੇ ਤੁਸੀਂ ਸੱਚੀਂ ਹੀ ਸਮਝਦਾਰ ਬਣੇ ਰਹੇ ਹੋ ਅਤੇ ਦੁਆ ਕਰਦੇ ਰਹੇ ਹੋ, ਤਾਂ ਮੈਨੂੰ ਯਕੀਨ ਹੈ ਕਿ ਹੁਣ ਤੁਸੀਂ ਛੇਤੀ ਹੀ ਇਹਨਾਂ ਗੱਲਾਂ ਨੂੰ ਸਮਝ ਜਾਓਗੇ ਜਿਹਨਾਂ ਦੇ ਪ੍ਰਗਟ ਹੋਣ ਦਾ ਮੈਂ ਵਿਸ਼ਵਾਸ਼ ਕਰਦਾ ਹਾਂ।

16 ਹੁਣ, ਆਓ ਅਸੀਂ ਉਸ ਕਿਤਾਬ ਵਿੱਚੋਂ 5ਅਧਿਆਏ ਨੂੰ ਕੱਢੀਏ ਜੋ ਕਿ ਯਿਸੂ ਮਸੀਹ ਦਾ ਪ੍ਰਕਾਸ਼ ਆਖਵਾਉਂਦੀ ਹੈ।

17 ਹੁਣ ਵੇਖੋ, ਕੱਲ ਰਾਤ ਅਸੀਂ ਪਹਿਲੀ ਮੋਹਰ 'ਤੇ ਪ੍ਰਚਾਰ ਕਰਾਂਗੇ। ਪਹਿਲੀਆਂ ਚਾਰ ਮੋਹਰਾਂ ਚਾਰ ਘੋੜਸਵਾਰਾਂ ਦੇ ਨਾਲ ਖੋਲ੍ਹੀਆਂ ਜਾਂਦੀਆਂ ਹਨ, ਅਤੇ ਇਸ ਵਿੱਚ ਹਰੇਕ ਮੋਹਰ ਦੇ ਖੁੱਲ੍ਹਣ ਤੇ ਧਰਤੀ ਉੱਤੇ ਕੁਝ ਹੁੰਦਾ ਹੈ। ਅਤੇ ਇਸ ਤੋਂ ਬਾਦ, ਸ਼ਾਇਦ ਇਹ ਮੋਹਰਾਂ ਜਿਆਦਾ ਲੰਬੀਆਂ ਨਹੀਂ ਹੋਣਗੀਆਂ, ਜਦ ਤੱਕ ਕਿ ਅਸੀਂ ਉਹਨਾਂ ਨੂੰ ਵੇਖਦੇ ਜਾਈਏ ...... ਜਿਵੇਂ ਸੋਮਵਾਰ, ਮੰਗਲਵਾਰ, ਵੀਰਵਾਰ ਆਦਿ ਨੂੰ ਅਤੇ ਇਸ ਤੋਂ ਬਾਅਦ ਮੈਂ ਛੇਵੀਂ ਮੋਹਰ ਦੇ ਲਈ ਸੋਚਦਾ ਹਾਂ ......ਅਤੇ ਸ਼ਾਇਦ ਪੰਜਵੀਂ, ਛੇਵੀਂ ਅਤੇ ਸੱਤਵੀਂ ਮੋਹਰ ਬਹੁਤ ਲੰਬੀ ਹੋਵੇਗੀ। ਇਸ ਲਈ ਹੋ ਸੱਕਦਾ ਹੈ ਕਿ ਤੁਹਾਨੂੰ ਥੋੜਾ ਇਹਦੇ ਅੰਦਰ ਅਰਾਮ ਕਰਨ ਨੂੰ ਮਿਲ ਸਕੇ।

18 ਸਾਡਾ ਮਕਸਦ ਇੱਥੇ ਸੰਗਤੀਆਂ ਕਰਨ ਦਾ ਹੈ, ਮੈਂ ਵਿਸ਼ਵਾਸ਼ ਕਰਦਾ ਹਾਂ ਇਹ ਹਫਤੇ ਦੀ ਹਰੇਕ ਰਾਤ ਨੂੰ ਸੱਤ ਵਜੇ ਹੋਵੇਗੀ। ਅਤੇ ਮੈਂ ਮੰਚ 'ਤੇ ਠੀਕ ਸਾਢੇ ਸੱਤ ਵਜੇ ਹੋਵਾਂਗਾ । ਅਤੇ ਤਦ ਹੋ ਸਕਦਾ ਹੈ ਕਿ ਅਸੀਂ ਅੱਧੀ ਰਾਤ ਨੂੰ ਇੱਥੋਂ ਬਾਹਰ ਨਿੱਕਲੀਏ। ਸੋ ਮੈਂ ਅੱਜ ਸਵੇਰੇ ਇੱਕ ਘੰਟਾ ਵੱਧ ਲੈ ਲਿਆ ਸੀ। ਮੇਰਾ ਇਹ ਮਤਲਬ ਨਹੀਂ ਸੀ, ਮੈਂ ਤਾਂ ਬਸ .... ਮੈਂ ਨਹੀਂ ਜਾਣਦਾ ਹਾਂ ਕਿ ਕਦੋਂ।



(ਆਮੀਨ ! ਆਮੀਨ, ਅਤੇ ਆਮੀਨ ! ਓਹ ! ) *ਚਾਰੇ ਜੰਤੂ ਬੋਲੇ, " ਆਮੀਨ " ਅਤੇ ਉਹਨਾਂ ਚੱਵੀ ਬਜ਼ੁਰਗਾਂ ਨੇ ਡਿੱਗ ਕੇ ਮੱਥਾ ਟੇਕਿਆ ਅਤੇ ਜਿਹੜਾ ਜੁੱਗੋ ਜੁੱਗ ਜੀਉਂਦਾ ਹੈ ਉਸਦੀ ਭਗਤੀ ਕੀਤੀ।*

299 ਯੂਹੰਨਾ ਇੱਥੇ ਉਸ ਸਮੇਂ ਦੇ ਅਨੰਦ ਬਾਰੇ ਦੱਸ ਰਿਹਾ ਹੈ, ਜਦ ਉਹ ਲੇਲਾ ਨਿੱਕਲ ਕੇ ਅੱਗੇ ਆਉਂਦਾ ਹੈ ! ਵੇਖੋ, ਭੇਤ ਮੋਹਰਬੰਦ ਹਨ, ਇੱਥੋਂ ਤੋੜੀ ਕਿ ਪੋਥੀ ਸਵਰਗ ਵਿੱਚ ਬੰਦ ਹੈ।

300 ਤੁਸੀਂ ਆਖਦੇ ਹੋ, "ਕੀ ਮੇਰਾ ਨਾਮ ਉੱਥੇ ਹੈ ?" ਇਹ ਮੈਂ ਨਹੀਂ ਜਾਣਦਾ । ਮੈਂ ਆਸ ਕਰਦਾ ਹਾਂ ਕਿ ਇਹ ਹੈ । ਪਰ ਜੇ ਇਹ ਹੈ ਤਾਂ ਇਹ ਪੋਥੀ ਵਿੱਚ ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਹੀ ਲਿਖਿਆ ਗਿਆ ਸੀ।

301 ਪ੍ਰੰਤੂ ਉਹ ਪਹਿਲੀ ਗੱਲ ਜਿਹੜੀ ਛੁਟਕਾਰੇ ਨੂੰ ਦਰਸਾਉਂਦੀ ਹੈ, ਉਹ ਲੇਲਾ ਹੈ, ਜੋ ਕਿ ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਹੀ ਕੋਹਿਆ ਗਿਆ ਸੀ । ਅਤੇ ਉਸਨੇ ਪੋਥੀ ਲਈ ( ਮਹਿਮਾਂ ਹੋਵੇ! ), ਪੋਥੀ ਨੂੰ ਖੋਲ੍ਹਿਆ, ਅਤੇ ਮੋਹਰਾਂ ਨੂੰ ਤੋੜਿਆ ; ਅਤੇ ਇਹਨਾਂ ਨੂੰ ਖੋਲ੍ਹ ਕੇ ਧਰਤੀ ਉੱਤੇ ਆਪਣੇ ਸੱਤਵੇਂ ਦੂਤ ਦੇ ਕੋਲ ਭੇਜਦਾ ਹੈ, ਕਿ ਉਹਨਾਂ ਨੂੰ ਆਪਣੇ ਲੋਕਾਂ ਉੱਤੇ ਪ੍ਰਗਟ ਕਰੇ ! [ ਸੰਗਤ ਵੱਡੇ ਅਨੰਦ ਦੇ ਨਾਲ ਭਰ ਜਾਂਦੀ ਹੈ -ਸੰਪਾ ] ਇਹ ਹੈ ਗੱਲ । ਹੇ, ਮੇਰੇ ਪ੍ਰਭੂ ! ਕੀ ਹੋਇਆ ਸੀ ? ਚੀਕਣਾਂ, ਚਿਲਾਉਣਾ, ਹਾਲੇਲੂਯਾਹ, ਮਸ੍ਹਾ, ਸਮਰੱਥਾ, ਅਤੇ ਮਾਣ ਲੇਲੇ ਦਾ ਹੈ । [ ਸੰਗਤ ਦਾ ਵੱਡੇ ਅਨੰਦ ਨਾਲ ਭਰਕੇ ਧੰਨਵਾਦ ਕਰਨਾ ਜਾਰੀ ਰਹਿੰਦਾ ਹੈ। ]

302 ਅਤੇ ਸਾਡਾ ਭਾਈ ਬਜ਼ੁਰਗ ਯੂਹੰਨਾ ਜੋ ਕਿ ਉੱਥੇ ਖੜਾ ਸੀ, ਉੱਚੇ ਸ਼ਬਦ ਨਾਲ ਚਿਲਾ ਰਿਹਾ ਸੀ ! " ਕਿਉਂਕਿ ਉਹਨੇ ਕਿਹਾ, ਹਰੇਕ ਚੀਜ਼ ਸਵਰਗ ਵਿੱਚ, ਅਤੇ ਧਰਤੀ ਉੱਤੇ, ਅਤੇ ਸਮੁੰਦਰ ਦੀਆਂ ਸਭ ਵਸਤਾਂ, ਅਤੇ ਸਭ ਕੁਝ ਜੋ ਉਹਨਾਂ ਵਿੱਚ ਹੈ, ਨੂੰ 'ਆਮੀਨ' ਆਖਦੇ ਸੁਣਿਆ ! ਆਮੀਨ! ਧੰਨਵਾਦ, ਮਾਣ, ਮਹਿਮਾਂ, ਪ੍ਰਾਕਰਮ, ਜੁੱਗੋ ਜੁੱਗ ਉਹਦਾ ਹੋਵੇ ਜਿਹੜਾ ਸਦਾ ਜੀਉਂਦਾ ਹੈ । "

303 ਜਦ ਉਹ ਮੋਹਰਾਂ ਟੁੱਟੀਆਂ, ਉਹ ਅਨੰਦ ਦਾ ਸਮਾਂ ਸੀ !ਯੂਹੰਨਾ ਨੇ ਜਰੂਰ ਸਮੇਂ ਦੇ ਪਰਦੇ ਦੇ ਪਿੱਛੇ ਝਾਤ ਮਾਰ ਕੇ ਵੇਖਿਆ ਹੋਵੇਗਾ ਅਤੇ ਆਖਿਆ ਹੋਵੇਗਾ, " ਉੱਥੇ ਯੂਹੰਨਾ ਹੈ । " ਓਹ, ਓਹ!

304 ਉਹ ਇਹ ਵੇਖ ਕੇ ਬਹੁਤ ਖੁਸ਼ ਸੀ, ਉਹ ਅਸਲ ਵਿੱਚ ਹੀ ਏਨਾ ਖੁਸ਼ ਸੀ ਕਿ ਉਹ ਕਹਿ ਉੱਠਿਆ, " ਸੁਰਗ ਵਿੱਚ ਸਭ ਚੀਜ਼ । " ਉਹ ਜਰੂਰ ਹੀ ਚਿਲਾ ਉੱਠਿਆ ਹੋਵੇਗਾ, ਕੀ ਉਹ ਨਹੀਂ? "ਸੁਰਗ ਵਿਚਲੀ ਹਰੇਕ ਚੀਜ਼, ਧਰਤੀ ਉਤਲੀ ਹਰੇਕ ਚੀਜ਼, ਧਰਤੀ ਹੇਠਲੀ ਹਰੇਕ ਚੀਜ਼, ਹਰੇਕ ਸਰਿਸ਼ਟ, ਸਭ ਚੀਜਾਂ ਨੇ, ਮੈਨੂੰ ਇਹ ਆਖਦੇ ਹੋਏ ਸੁਣਿਆ, ਆਮੀਨ ! ਧੰਨਵਾਦ, ਮਹਿਮਾਂ, ਬੁੱਧ, ਅਤੇ ਸ਼ਕਤੀ, ਬਲ, ਧਨ ਉਹਦੇ ਹਨ। " ਆਮੀਨ !

305 ਕਿਉਂ ? ਕਿਉਂਕਿ ਤਦ ਉਸਨੂੰ ਇਹ ਪ੍ਰਕਾਸ਼ ਮਿਲ ਗਿਆ ਸੀ ਕਿ ਲੇਲਾ ਜੋ ਕਿ ਸਾਨੂੰ ਛੁਡਾਉਣ ਵਾਲਾ ਹੈ, ਜੋ ਕਿ ਸਾਡਾ ਨੇੜੇ ਦਾ ਸਾਕ ਹੈ, ਉਹ ਸਿੰਘਾਸਣ ਤੋਂ ਉੱਠ ਕੇ ਆ ਗਿਆ ਹੈ, ਅਤੇ ਉਹ ਇੱਥੇ ਆਪਣੀ ਮਲਕੀਅਤ ਨੂੰ ਲੈਣ ਲਈ ਆਇਆ ਹੈ । ਓਹ !

ਜਲਦੀ ਹੀ ਲਾੜਾ ਆਪਣੀ ਲਾੜੀ ਲੈ ਨੂੰ ਜਾਵੇਗਾ,
ਤਾਂ ਕਿ ਉਹ ਸਦਾ ਉਸਦੇ ਨਾਲ ਰਹੇ,

293 ਉਹ ਵਾਪਿਸ ਆਉਣਾ ਚਾਹੁੰਦੇ ਸਨ । ਅਤੇ ਇੱਥੇ ਉਹ ਰਾਜੇ ਅਤੇ ਜਾਜਕ ਹੋਣ ਦੇ ਲਈ ਵਾਪਿਸ ਆ ਰਹੇ ਹਨ ।

294 ਪ੍ਰਮੇਸ਼ੁਰ ਦੀ ਮਹਿਮਾਂ ਹੋਵੇ ! ਪਰਾਈ ਭਾਖਿਆ ਵਿੱਚ ਬੋਲਣ ਤੇ ਮੈਨੂੰ ਬਹੁਤ ਖੁਸ਼ੀ ਦਾ ਅਨੁਭਵ ਹੁੰਦਾ ਹੈ । ਵੇਖੋ । ਧਿਆਨ ਦਿਓ । ਜੀ ਹਾਂ । ਮੈਨੂੰ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ, ਮੈਨੂੰ ਜਿਆਦਾ ਭਾਸ਼ਾਵਾਂ ਨਹੀਂ ਆਉਂਦੀਆਂ ਹਨ, ਜਿਹਨਾਂ ਵਿੱਚ ਮੈਂ ਖੁਦਾ ਦੀ ਵਡਿਆਈ ਕਰ ਸੱਕਦਾ। ਮੈਂ ਬਸ ਇੱਕ ਗੈਰ ਭਾਸ਼ਾ ਜਾਣਦਾ ਹਾਂ ਅਤੇ ਉਹ ਵੀ ਮੈਨੂੰ ਨਹੀਂ ਆਉਂਦੀ ਹੈ ।

295 ਧਿਆਨ ਦਿਓ, " ਅਤੇ ਮੈਂ ਵੇਖਿਆ ........" ਇਸਨੂੰ ਸੁਣੋ ।

*ਤਾਂ ਮੈਂ ਡਿੱਠਾ, ਤੇ ਮੈਂ ਬਹੁਤਿਆਂ ਦੂਤਾਂ ਦੀ ਅਵਾਜ ਸੁਣੀ ......*

296 ਸੁਣੋ ਕੀ ਹੀ ਅਨੰਦ ਦਾ ਵਰ੍ਹਾ ਆ ਰਿਹਾ ਹੈ ! ਜਦ ਉਹਨਾਂ ਨੇ ਲੇਲੇ ਨੂੰ ਆਣ ਕੇ ਛੁਟਕਾਰੇ ਦੀ ਪੋਥੀ ਲੈਂਦੇ ਵੇਖਿਆ, ਤਾਂ ਉਹ ਪ੍ਰਾਣ ਅਨੰਦ ਦੇ ਨਾਲ ਚਿਲਾ ਉੱਠੇ । ਅਸੀਂ ਇਸਨੂੰ ਲਵਾਂਗੇ। ਸਾਰੇ ਹੀ । ਬਜ਼ੁਰਗ ਉਸ ਲੇਲੇ ਦੇ ਅੱਗੇ ਡਿੱਗ ਪਏ । ਉਹਨਾਂ ਨੇ ਸੰਤਾਂ ਦੀਆਂ ਪ੍ਰਾਰਥਨਾਵਾਂ ਉਸਦੇ ਸਾਹਮਣੇ ਉਡੇਲ ਦਿੱਤੀਆਂ । ਉਹਨਾਂ ਨੇ ਇਸ ਤਰ੍ਹਾਂ ਕਿਉਂ ਕੀਤਾ ? ਕਿਉਂਕਿ ਉੱਥੇ ਸਾਡੇ ਲਈ ਇੱਕ ਛੁਡਾਉਣ ਵਾਲਾ ਨੇੜੇ ਦਾ ਸਾਕ ਆਇਆ ਸੀ । ਉਹ ਆਪਣੇ ਮੂੰਹ ਪਰਨੇ ਉਸਦੇ ਅੱਗੇ ਡਿੱਗ ਪਏ । ਅਤੇ ਉਹਨਾਂ ਨੇ ਗੀਤ ਗਇਆ, ਅਤੇ ਆਖਿਆ, " ਤੂੰ ਇਸ ਪੋਥੀ ਨੂੰ ਲੈਣ ਅਤੇ ਉਹਦੀਆਂ ਮੋਹਰਾਂ ਖੋਲਣ ਦੇ ਯੋਗ ਹੈਂ, ਕਿਉਂਕਿ ਤੂੰ ਕੋਹਿਆ ਗਿਆ ਸੀ ! " ਗੌਰ ਕਰੋ ਕੀ ...... ਅਤੇ ਉਹਨਾਂ ਸਵਰਗਦੂਤਾਂ ਦੀ ਵੱਲ ਵੇਖੋ !

*ਅਤੇ ਮੈਂ ਡਿੱਠਾ ਅਤੇ ਸਿੰਘਾਸਣ, ਉਹਨਾਂ ਜੰਤੂਆਂ, ਅਤੇ ਬਜ਼ੁਰਗਾਂ ਦੇ ਦੁਆਲੇ ਬਹੁਤਿਆਂ ਦੂਤਾਂ ਦੀ ਅਵਾਜ਼ ਸੁਣੀ ਅਤੇ ਉਹਨਾਂ ਦੀ ਗਿਣਤੀ ਲੱਖਾਂ ਅਤੇ ਕਰੋੜਾਂ ਸੀ* ( ਵਾਹ ! ਧਿਆਨ ਦਿਓ! )

*ਅਤੇ ਉਹ ਵੱਡੀ ਅਵਾਜ਼ ਦੇ ਨਾਲ ਇਹ ਆਖਦੇ ਸਨ, ਲੇਲਾ ਜਿਹੜਾ ਕੋਹਿਆ ਗਿਆ ਸੀ, ਸਮਰੱਥਾ, ਧਨ, ਬੁੱਧ, ਸ਼ਕਤੀ, ਮਾਣ, ਮਹਿਮਾਂ ਅਤੇ ਧੰਨਵਾਦ ਲੈਣ ਦੇ ਜੋਗ ਹੈ ।*

297 ਉਸ ਸਮੇਂ ਸਵਰਗ ਵਿੱਚ ਕਿਹਾ ਅਨੰਦ ਹੋਵੇਗਾ ਜਦ ਲੇਲਾ ਆਪਣੇ ਵਿਚੋਲਗੀ ਦੇ ਕਟਹਿਰੇ ਵਿੱਚੋਂ ਨਿੱਕਲ ਕੇ ਆਪਣੇ ਅਧਿਕਾਰਾਂ ਦਾ ਦਾਅਵਾ ਕਰਨ ਲਈ ਆਵੇਗਾ !

298 ਤੁਸੀਂ ਜਾਣਦੇ ਹੋ ਕਿ ਇਹ ਸੱਭ ਯੂਹੰਨਾ ਦੇ ਸਾਹਮਣੇ ਹੋਇਆ ਸੀ । ਇਸ ਲਈ ਉਸਨੇ ਆਪਣਾ ਨਾਮ ਉੱਥੇ ਲਿਖਿਆ ਹੋਇਆ ਜਰੂਰ ਵੇਖਿਆ ਹੋਵੇਗਾ । ਜਦ ਉਹ ਮੋਹਰਾਂ ਖੁੱਲ੍ਹੀਆਂ ਹੋਣਗੀਆਂ, ਤਾਂ ਉਹ ਬਹੁਤ ਹੀ ਖੁਸ਼ ਹੋਇਆ ਹੋਵੇਗਾ । ਹੁਣ ਸੁਣੋ ਕਿ ਉਸਨੇ ਕੀ ਕਿਹਾ ।

*ਹਰੇਕ ਸਰਿਸ਼ਟ ਜੋ ਸੁਰਗ ਵਿੱਚ ਅਤੇ ਧਰਤੀ ਦੇ ਹੇਠ ਅਤੇ ਸਮੁੰਦਰ ਉੱਤੇ ਹੈ ਅਤੇ ਸੱਭੇ ਜੋ ਉਹਨਾਂ ਦੇ ਵਿੱਚ ਹਨ ਮੈਂ ਇਹ ਆਖਦਿਆਂ ਸੁਣਿਆ, -*

*ਜਿਹੜਾ ਸਿੰਘਾਸਣ ਉੱਤੇ ਬਿਰਾਜਮਾਨ ਹੈ, ਉਹਦਾ ਅਤੇ ਲੇਲੇ ਦਾ ਧੰਨਵਾਦ, ਮਾਣ, ਮਹਿਮਾਂ ਪ੍ਰਾਕਰਮ ਜੁੱਗੋ ਜੁੱਗ ਹੋਵੇ !* .......



19 ਮੈਂ ਨਹੀਂ ਜਾਣਦਾ ਹਾਂ ਕਿ ਪਹਿਲਾ ਸਵਾਰ ਕੌਣ ਹੈ। ਮੈਂ ਨਹੀਂ ਜਾਣਦਾ ਹਾਂ ਕਿ ਪਹਿਲੀ,ਦੂਸਰੀ, ਤੀਸਰੀ, ਚੌਥੀ, ਪੰਜਵੀਂ ਛੇਵੀਂ, ਸੱਤਵੀਂ ਮੋਹਰ ਕੀ ਹੈ। ਮੈਂ ਇਸ ਪੱਲ ਤੱਕ ਨਹੀਂ ਜਾਣਦਾ ਹਾਂ। ਸਮਝੇ? ਮੈਂ ਤਾਂ ਕੇਵਲ ਉਸੇ ਉੱਤੇ ਹੀ ਨਿਰਭਰ ਹਾਂ। ਇਸ ਲਈ ਇਹ ਹੀ ਕਾਰਨ ਹੈ ਕਿ ਮੈਂ ਇਸ ਹਫਤੇ ਪ੍ਰਮੇਸ਼ੁਰ ਦੀ ਕਿਰਪਾ ਨਾਲ, ਉਸਦੀ ਮੱਦਦ ਨਾਲ ਇਹਨਾਂ ਨੂੰ ਦੱਸਣ ਦੀ ਕੋਸ਼ਿਸ਼ ਕਰ ਰਿਹਾਂ ਹਾਂ, ਅਤੇ ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀਂ ਇਹਨਾਂ ਨੂੰ ਗਹਿਰਾਈ ਨਾਲ ਸਮਝ ਜਾਉਗੇ .....

20 ਤੁਸੀਂ ਜਾਣਦੇ ਹੋ ਕਿ ਦਰਸ਼ਣ ਵਿੱਚ ਤੁਸੀਂ ਜਿਹਨਾਂ ਗੱਲਾਂ ਨੂੰ ਵੇਖਦੇ ਹੋ ਤੁਸੀਂ ਉਹਨਾਂ ਗੱਲਾਂ ਨੂੰ ਤਦ ਤੱਕ ਪ੍ਰਗਟ ਨਹੀਂ ਕਰ ਸਕਦੇ ਜਦ ਤੱਕ ਕਿ ਤੁਹਾਨੂੰ ਉਹਨਾਂ ਨੂੰ ਪ੍ਰਗਟ ਕਰਨ ਦੀ ਇਜਾਜਤ ਨਹੀਂ ਮਿਲ ਜਾਂਦੀ ਹੈ। ਕਿੰਨੀ ਵਾਰੀ ਤੁਸਾਂ ਸਭਨਾਂ ਨੇ ਮੈਨੂੰ ਇਹ ਕਹਿੰਦੇ ਹੋਏ ਸੁਣਿਆ ਹੋਵੇਗਾ, " ਘਰ ਵਿੱਚ ਜਾਓ,ਸ਼ਾਇਦ ਉੱਥੇ ਇੱਕ ਟੋਪੀ ਰੱਖੀ ਹੋਈ ਹੋਵੇਗੀ। ਅਤੇ ਇਹ ਬੱਚਾ ਜਾਂ ਹੋਰ ਕੋਈ ਤਦ ਤੱਕ ਚੰਗਾ ਨਹੀਂ ਹੋਵੇਗਾ ਜਦ ਤੱਕ ਕਿ ਇਹ ਉਥੇ ਪਈ ਹੋਈ ਹੈ। " ਮੈਂ ਉਹਨਾਂ ਨੂੰ ਨਹੀਂ ਦੱਸ ਸਕਦਾ ਹਾਂ ਜਾਂ ਨਾ ਹੀ ਮੈਂ ਉਸਨੂੰ ਉੱਥੋਂ ਹਟਾ ਸਕਦਾ ਹਾਂ। ਉਸਨੂੰ ਤਾਂ ਕਿਸੇ ਹੋਰ ਢੰਗ ਨਾਲ ਹਟਣਾ ਹੈ। ਕਿਸੇ ਹੋਰ ਨੇ ਉਸਨੂੰ ਚੁੱਕਣਾ ਹੈ ਅਤੇ ਹਟਾਉਣਾ ਹੈ। ਅਤੇ ਤਦ ਸਭ ਕੁਝ ਠੀਕ ਹੋ ਜਾਂਦਾ ਹੈ, ਇਸ ਤੋਂ ਬਾਦ ਇਸਨੂੰ ਪ੍ਰਗਟ ਕੀਤਾ ਜਾ ਸਕਦਾ ਹੈ।

21 ਸੋ ਆਓ ਹੁਣ ਅਸੀਂ ਪ੍ਰਾਰਥਨਾ ਵਿੱਚ ਚੱਲਦੇ ਹਾਂ, ਹਣ, ਇਸ ਤੋਂ ਪਹਿਲਾਂ ਕਿ ਅਸੀਂ ਪ੍ਰਕਾਸ਼ ਦੀ ਪੋਥੀ ਪੜ੍ਹੀਏ, ਆਓ ਅਸੀਂ ਆਪਣੇ ਝੁਕੇ ਹੋਏ ਸਿਰਾਂ ਦੇ ਨਾਲ ਉਸ ਨਾਲ ਗੱਲਾਂ ਕਰੀਏ।

22 ਪ੍ਰਭੂ ਯਿਸੂ ਅਸੀਂ ਤਾਂ ਪੂਰੇ ਦੇ ਪੂਰੇ ਹੀ ਅਧੂਰੇ ਹਾਂ। ਇਸ ਅੱਤ ਪਵਿੱਤਰ ਘੜੀ ਵਿੱਚ ਜਿਸ ਵਿੱਚ ਕਿ ਪ੍ਰਾਣ ਸਮੇਂ ਦੇ ਟਿਕਾਣੇ 'ਤੇ ਲਟਕੇ ਹੋਏ ਹਨ,ਅਸੀਂ ਪ੍ਰਭੂ ਤੋਂ ਬਿਨਾਂ ਪੁੱਛੇ ਇਸ ਪਵਿੱਤਰ ਕਿਤਾਬ ਨੂੰ ਸਮਝਣ ਲਈ ਹੋਰ ਕਿਸੇ ਵੀ ਸਾਧਨ ਦਾ ਯਤਨ ਨਹੀਂ ਕਰਾਂਗੇ, ਸਿਰਫ ਇੱਕ ਹੀ ਹੈ ਜੋ ਇਸ ਕਿਤਾਬ ਨੂੰ ਪ੍ਰਗਟ ਕਰ ਸਕਦਾ ਹੈ,ਹੋਣ ਦੇ ਕਿ ਹੁਣ ਉਹ ਅੱਗੇ ਆਵੇ ਅਤੇ ਆਪਣੇ ਦਾਸ ਦੀਆਂ ਕਮਜ਼ੋਰ ਕੋਸ਼ਿਸ਼ਾਂ ਨੂੰ ਬਰਕਤ ਦੇਵੇ। ਪ੍ਰਭੂ ਜਿਵੇਂ ਵਚਨ ਅੱਗੇ ਵੱਧਦਾ ਹੈ ਵਚਨ 'ਤੇ ਬਰਕਤ ਦੇ। ਹੋਣ ਦੇ ਕਿ ਇਹ ਆਤਮਾ ਦੀ ਸਾਮਰਥ ਵਿੱਚ ਅੱਗੇ ਵਧੇ। ਅਤੇ ਹੋਣ ਦੇ ਕਿ ਆਤਮਿਕ ਧਰਤੀ .....ਜਿਹੜੇ ਰਾਸਤਬਾਜੀ ਨੂੰ ਜਾਨਣ ਦੇ ਭੁੱਖੇ ਅਤੇ ਪਿਆਸੇ ਹਨ, ਇਹ ਉਸ ਉੱਤੇ ਡਿੱਗੇ ਅਤੇ ਆਪਣੇ ਵਰਗੇ ਹੀ ਫਲ ਪੈਦਾ ਕਰੇ। ਪ੍ਰਭੂ ਇਹ ਬਖਸ਼ ਦੇ, ਕਿ ਸਾਰੀ ਮਹਿਮਾਂ ਤੈਨੂੰ ਮਿਲੇ। ਕਾਸ਼ ਕਿ ਅੱਜ ਰਾਤ ਜੋ ਭੁੱਖੇ ਅਤੇ ਪਿਆਸੇ ਹਨ ਉਹ ਵਚਨ ਦੇ ਵਿੱਚੋਂ ਰੋਟੀ ਅਤੇ ਜਲ ਪ੍ਰਾਪਤ ਕਰ ਸਕਣ। ਅਸੀਂ ਇਸਨੂੰ ਯਿਸੂ ਮਸੀਹ ਦੇ ਨਾਮ ਵਿੱਚ ਜਿਸਦਾ ਕਿ ਇਹ ਪ੍ਰਕਾਸ਼ ਹੈ ਮੰਗਦੇ ਹਾਂ। ਆਮੀਨ।

23 ਹੁਣ, ਅਸੀਂ ਪੰਜਵਾਂ ਅਧਿਆਏ ਕੱਢਣ ਲਈ ਜਾ ਰਹੇ ਹਾਂ। ਹੁਣ ਇਹ ਤਾਂ ਸੱਤ ਮੋਹਰਾਂ ਨਹੀਂ ਹਨ। ਪਰ ਇਹ ਤਾਂ ਸੱਤਾਂ ਮੋਹਰਾਂ ਅਤੇ ਸੱਤਾਂ ਕਲੀਸਿਯਾਈ ਯੁੱਗਾਂ ਦੇ ਵਿਚਕਾਰਲੀ ਦਰਾੜ ਹੈ। ਹੁਣ, ਛੇਵਾਂ ਅਧਿਆਏ ਵੀ .......

24 ਅਸਲ ਵਿੱਚ ਇਹ ਪ੍ਰਕਾਸ਼ ਦੀ ਪੋਥੀ ਦਾ ਚੌਥਾ ਅਧਿਆਏ ਹੈ ਜਿਹਦੇ ਵਿੱਚ ਇੱਕ ਕਿਸਮ ਦਾ ਕੁਝ ਪ੍ਰਗਟ ਕੀਤਾ ਗਿਆ ਹੈ ਜੋ ਕਲੀਸਿਯਾ ਦੇ ਉੱਠਾਏ ਜਾਣ ਤੋਂ ਬਾਦ ਹੋਵੇਗਾ। ਕਲੀਸਿਯਾ

ਪ੍ਰਕਾਸ਼ ਦੀ ਪੋਥੀ ਦੇ ਤੀਸਰੇ ਅਧਿਆਏ ਵਿੱਚ ਉਠਾ ਲਈ ਜਾਂਦੀ ਹੈ ਅਤੇ ਪ੍ਰਕਾਸ਼ ਦੀ ਪੋਥੀ ਦੇ 19ਵੇਂ ਬਾਬ ਤੱਕ ਵਾਪਿਸ ਨਹੀਂ ਆਉਂਦੀ। ਸਮਝੇ? ਇਸੇ ਲਈ ਕਲੀਸਿਯਾ ਕਸ਼ਟ ਕਾਲ ਦੇ ਸਮੇਂ ਵਿੱਚ ਨਹੀਂ ਹੋਵੇਗੀ। ਮੈਂ ਜਾਣਦਾ ਹਾਂ ਕਿ ਇਹ ਉਹਨਾਂ ਸਾਰੇ ਹੀ ਸਿਖਾਉਣ ਵਾਲਿਆਂ ਦੇ ਵਿਰੁੱਧ ਹੈ ਜਿਹਨਾਂ ਨਾਲ ਮੈਂ ਗੱਲਾਂ ਕੀਤੀਆਂ ਹਨ। ਪ੍ਰੰਤੂ ਮੇਰਾ-ਮੇਰਾ-ਮੇਰਾ ਮਤਲਬ ਸਾਰਿਆਂ ਨਾਲ ਅਸਹਿਮਤ ਹੋਣ ਦਾ ਨਹੀਂ ਹੈ,ਮੈਂ ਤਾਂ ਤੁਹਾਡਾ ਭਾਈ ਬਣਿਆ ਰਹਿਣਾ ਚਹੁੰਦਾ ਹਾਂ, ਪ੍ਰੰਤੂ ਮੈਨੂੰ ਇਸਦੀ ਸਿੱਖਿਆ ਉਸੇ ਤਰ੍ਹਾਂ ਹੀ ਦੇਣੀ ਚਾਹੀਦੀ ਹੈ ਜਿਵੇਂ ਮੈਨੂੰ ਇਹ ਵਿਖਾਈ ਦਿੰਦੀ ਹੈ। ਤੁਸੀਂ ਵੇਖੋ, ਜੇ ਮੈਂ ਇਸ ਤਰ੍ਹਾਂ ਨਹੀਂ ਕਰਦਾ ਹਾਂ ਤਾਂ, ਮੈਂ ਵਚਨ ਨੂੰ ਸੁਚੱਜੇ ਢੰਗ ਨਾਲ ਕੱਠਿਆਂ ਨਹੀਂ ਕਰ ਸਕਦਾ ਹਾਂ, ਲੱਗੀ ਸਮਝ। ਹੁਣ, ਭਾਵੇਂ ਕਲੀਸਿਯਾ ਕਲੇਸ਼ ਦੇ ਬਾਦ ਉਠਾਈ ਜਾਂਦੀ ਹੈ ਜਾਂ ਪਹਿਲਾਂ ਉਠਾਈ ਜਾਂਦੀ ਹੈ ਪਰ ਮੈਂ ਤਾਂ ਇਸਦੇ ਨਾਲ ਹੀ ਉਠਾਇਆ ਜਾਣਾ ਚਹੁੰਦਾ ਹਾਂ। ਇਹ ਹੈ ਖਾਸ ਗੱਲ।

25 ਇਸ ਲਈ ਅਸੀਂ ਉਹਨਾਂ ਗੱਲਾਂ ਦਾ ਬਸ ਅੰਦਾਜਾਂ ਹੀ ਲਗਾ ਰਹੇ ਹਾਂ, ਕਿਉਂਕਿ ਪੜ੍ਹਾਈ ਦੇ ਘਾਟੇ ਦੇ ਕਾਰਨ ਮੈਂ ਉਦਾਹਰਨਾਂ ਵਿੱਚ ਵਚਨ ਨੂੰ ਸਮਝਾਉਂਦਾ ਹਾਂ। ਮੈਂ ਉਸਨੂੰ ਵੇਖਦਾ ਹਾਂ ਅਤੇ ਵੇਖਦਾ ਹਾਂ ਕਿ ਇਹ ਕੀ ਹੈ ਜਾਂ ਇਹ ਪੁਰਾਣੇ ਨੇਮ ਵਿੱਚ ਕੀ ਸੀ ਜੋ ਕਿ ਨਵੇਂ ਨੇਮ ਦਾ ਨਮੂਨਾ ਜਾਂ ਪਰਛਾਵਾਂ ਹੈ, ਇਸ ਤੋਂ ਬਾਦ ਮੈਨੂੰ ਕੁਝ ਸੋਚ ਵਿਚਾਰ ਮਿਲਦਾ ਹੈ ਕਿ ਇਹ ਨਵੇਂ ਨੇਮ ਵਿੱਚ ਕੀ ਹੈ। ਸਮਝੇ?ਜਿਵੇਂ ......ਨੂਹ ਕਸ਼ਟ ਕਾਲ ਦੇ ਆਉਣ ਤੋਂ ਪਹਿਲਾਂ ਕਿਸ਼ਤੀ ਵਿੱਚ ਚਲਾ ਜਾਂਦਾ ਹੈ,ਜੋ ਕਿ ਇੱਕ ਨਮੂਨਾ ਹੈ, ਪ੍ਰੰਤੂ ਇਸ ਤੋਂ ਪਹਿਲਾਂ ਕਿ ਨੂਹ ਕਿਸ਼ਤੀ ਵਿੱਚ ਜਾਵੇ ਹਨੋਕ ਉਠਾ ਲਿਆ ਜਾਂਦਾ ਹੈ। ਵੇਖੋ ਕੁਝ ਵੀ ਹੋਣ ਤੋਂ ਪਹਿਲਾਂ ਹਨੋਕ ਉੱਪਰ ਚਲਾ ਜਾਂਦਾ ਹੈ। ਅਤੇ ਇਸ ਤੋਂ ਪਹਿਲਾਂ ਕਿ ਸਦੂਮ ਤੇ ਕਸ਼ਟ ਆਏ, ਇਸ ਤੋਂ ਪਹਿਲਾਂ ਕਿ ਸਦੂਮ ਦਾ ਨਾਸ਼ ਹੋਵੇ, ਲੂਤ ਨੂੰ ਸਦੂਮ ਵਿੱਚੋਂ ਬਾਹਰ ਬੁਲਾ ਲਿਆ ਜਾਂਦਾ ਹੈ; ਪ੍ਰੰਤੂ ਅਬਰਾਹਾਮ ਸਦਾ ਹੀ ਸਦੂਮ ਵਿੱਚੋਂ ਬਾਹਰ ਸੀ। ਤੁਸੀਂ ਇਹਨਾਂ ਨਮੂਨਿਆਂ ਜਾਂ ਪਰਛਾਵਿਆਂ ਨੂੰ ਵੇਖੋ।

26 ਪਰ ਹੁਣ ਅਸੀਂ ਪਹਿਲੀ ਆਇਤ ਪੜ੍ਹਾਂਗੇ। ਮੈਂ ਇਸ ਦੀਆਂ ਪਹਿਲੀਆਂ ਦੋ ਜਾਂ ਤਿੰਨ ਆਇਤਾਂ ਪੜ੍ਹਾਂਗਾ।

*ਜਿਹੜ੍ਹਾ ਸਿੰਘਾਸਣ ਉੱਤੇ ਬਿਰਾਜਮਾਨ ਸੀ ਮੈਂ ਉਹਦੇ ਸੱਜੇ ਹੱਥ ਵਿੱਚ ਇੱਕ ਪੋਥੀ ਵੇਖੀ ਜੋ ਅੰਦਰੋਂ ਬਾਹਰੋਂ ਲਿਖੀ ਹੋਈ ਅਤੇ ਸੱਤਾਂ ਮੁਹਰਾਂ ਨਾਲ ਬੰਦ ਕੀਤੀ ਹੋਈ ਸੀ।*

*ਅਤੇ ਮੈਂ ਇੱਕ ਬਲੀ ਦੂਤ ਨੂੰ ਵੱਡੀ ਅਵਾਜ਼ ਨਾਲ ਇਹ ਪ੍ਰਚਾਰ ਕਰਦੇ ਵੇਖਿਆ ਭਈ ਪੋਥੀ ਨੂੰ ਖੋਲ੍ਹਣ ਅਤੇ ਉਹ ਦੀਆਂ ਮੁਹਰਾਂ ਨੂੰ ਤੋੜਨ ਦੇ ਯੋਗ ਕੌਣ ਹੈ?*

*ਤਾਂ ਨਾ ਸੁਰਗ ਵਿੱਚ, ਨਾ ਧਰਤੀ ਉੱਤੇ, ਨਾ ਧਰਤੀ ਦੇ ਹੇਠ ਕੋਈ ਸੀ ਜੋ ਓਸ ਪੋਥੀ ਨੂੰ ਖੋਲ੍ਹ ਸੱਕਦਾ ਯਾ ਉਸ ਉਸ ਉੱਤੇ ਨਿਗਾਹ ਕਰ ਸੱਕਦਾ।* (ਕਿਸ ਤਰ੍ਹਾਂ ਦੀ ਪੋਥੀ ਹੈ !)

*ਤਾਂ ਮੈਂ ਰੋਣਾ ਇਸ ਲਈ ਜੋ ਓਸ ਪੋਥੀ ਦੇ ਖੋਲ੍ਹਣ ਯਾ ਉਸ ਉੱਤੇ ਨਿਗਾਹ ਕਰਨ ਦੇ ਯੋਗ ਕੋਈ ਨਾ ਨਿੱਕਲਿਆ।*

27 ਹੁਣ, ਤੁਸੀਂ ਅਯੋਗਤਾ ਦੀ ਗੱਲ ਕਰਦੇ ਹੋ? " ਇੱਥੋ ਤੱਕ ਕਿ ਉਸ ਉੱਤੇ ਨਿਗਾਹ ਕਰਨ ਦੇ ਯੋਗ ਕਿਤੇ ਵੀ ਕੋਈ ਵੀ ਨਹੀਂ ਮਿਲਿਆ ਸੀ। "



ਇਸ ਤੋਂ ਬਾਦ ਅਸੀਂ " ਅੱਧੇ ਘੰਟੇ ਦੀ ਚੁੱਪ ", ਦੇਖਾਂਗੇ । ਇਸਨੂੰ ਵੇਖੋ, ਅਤੇ ਅਸੀਂ ਇੱਥੇ ਇਹਨਾਂ ਮੋਹਰਾਂ ਦੀ ਵਿਆਖਿਆ ਕਰਨੀ ਸ਼ੁਰੂ ਕਰਾਂਗੇ ਅਤੇ ਅਸੀਂ ਇੱਥੇ ਅਗਲੇ ਐਤਵਾਰ ਦੀ ਰਾਤ ਨੂੰ ਇਸ ਦੀ ਸਮਾਪਤੀ ਕਰ ਦਿਆਂਗੇ । ਅਰ ਹੁਣ ਤੁਸੀਂ ਇਸਨੂੰ ਧਿਆਨ ਨਾਲ ਸੁਣੋ । ਕੀ ਤੁਸੀਂ ਤਿਆਰ ਹੋ ? ਜੇ ਤਿਆਰ ਹੋ ਤਾਂ " ਆਮੀਨ " ਕਹੋ । [ਸੰਗਤ " ਆਮੀਨ " ਆਖਦੀ ਹੈ - ਸੰਪਾ] ਧਿਆਨ ਨਾਲ ਸੁਣੋ ਕਿ ਜਦ ਉਸਨੇ ਇਸ ਪੋਥੀ ਨੂੰ ਲੈ ਲਿਆ ਤਾਂ ਕੀ ਹੁੰਦਾ ਹੈ ।

291 ਜਦ ਸਾਰੀ ਸਰਿਸ਼ਟੀ ਹਾਉਕੇ ਭਰ ਰਹੀ ਸੀ ; ਕੋਈ ਵੀ ਇਹ ਨਹੀਂ ਜਾਣਦਾ ਸੀ ਕਿ ਕੀ ਕਰਨਾ ਹੈ, ਅਤੇ ਯੂਹੰਨਾ ਰੋ ਰਿਹਾ ਸੀ । " ਤਾਂ ਲੇਲਾ ਬਾਹਰ ਨਿੱਕਲ ਕੇ ਆਉਂਦਾ ਹੈ ! " ਅਤੇ ਇਹ ਪੋਥੀ ਮੂਲ ਸਵਾਮੀ ਦੇ ਹੱਥਾਂ ਵਿੱਚ ਸੀ, ਕਿਉਂਕਿ ਮਨੁੱਖ ਡਿੱਗ ਚੁੱਕਾ ਸੀ ਅਤੇ ਉਸਨੇ ਇਸਨੂੰ ਗੁਆ ਦਿੱਤਾ ਸੀ । ਅਤੇ ਕੋਈ ਵੀ ਮਨੁੱਖ ਉਸਨੂੰ ਲੈਣ ਦੇ ਯੋਗ ਨਹੀਂ ਸੀ, ਕੋਈ ਵੀ ਧਰਤੀ ਦਾ ਛੁਟਕਾਰਾ ਕਰਨ ਦੇ ਯੋਗ ਨਹੀਂ ਸੀ ;ਜਿਵੇਂ ਕਿ ਮੈਂ ਕਿਹਾ, ਨਾ ਕੋਈ ਪਾਦਰੀ, ਨਾ ਪੋਪ, ਨਾ ਕੋਈ ਹੋਰ ਉਸਨੂੰ ਲੈਣ ਦੇ ਯੋਗ ਸੀ । " ਪ੍ਰੰਤੂ ਤਦ ਲੇਲਾ ਸਾਹਮਣੇ ਆਉਂਦਾ ਹੈ ! " ਨਾ ਮਰਿਯਮ, ਨਾ *ਇਹ* ਸੰਤ, ਨਾ *ਉਹ* ਸੰਤ ਆਉਂਦਾ ਹੈ ਪ੍ਰੰਤੂ ਕੋਹਿਆ ਹੋਇਆ ਲੇਲਾ, ਲਹੂ-ਲੁਹਾਨ ਹੋਇਆ ਲੇਲਾ ਆਉਂਦਾ ਹੈ ਅਤੇ ਆ ਕੇ ਉਸਦੇ ਸੱਜੇ ਹੱਥ ਵਿੱਚੋਂ ਜੋ ਸਿੰਘਾਸਣ ਉੱਤੇ ਬਿਰਾਜਮਾਨ ਸੀ, ਪੋਥੀ ਲੈ ਲੈਂਦਾ ਹੈ।" ਅਤੇ ਜਦ ਉਹਨਾਂ ਨੇ ਵੇਖਿਆ ਤਾਂ ਉੱਥੇ ਇੱਕ ਛੁਡਾਉਣ ਵਾਲਾ ਸੀ ; ਉੱਥੇ ਵੇਦੀ ਦੇ ਥੱਲੇ ਰੂਹਾਂ ਸਨ, ਜਦ ਸਵਰਗਦੂਤ ਉੱਥੇ ਸਨ, ਜਦ ਬਜ਼ੁਰਗ ਉੱਥੇ ਸਨ, ਜਦ ਉੱਥੇ ਸਾਰੇ ਜਣੇ ਸਨ, ਤਦ ਉਸਨੇ ਇਸ ਤਰ੍ਹਾਂ ਕੀਤਾ ਸੀ -ਤਦ ਉਸਨੇ ਉਸ ਪੋਥੀ ਨੂੰ ਲਿਆ ਸੀ, ਇਹ ਹਾਲੇ ਭਵਿੱਖ ਵਿੱਚ ਹੋਣਾ ਹੈ । ਪ੍ਰੰਤੂ ਅੱਜ ਰਾਤ ਉਹ ਵਿਚੋਲਾ ਹੈ, ਪ੍ਰੰਤੂ ਉਹ ਇਸ ਤਰ੍ਹਾਂ ਕਰਨ ਆ ਰਿਹਾ ਹੈ । ਹੁਣ ਵੇਖੋ :

*ਅਤੇ ਜਾਂ ਉਹਨੇ ਪੋਥੀ ਲੈ ਲਈ ਤਾਂ ਚਾਰੇ ਜੰਤੂ ਚੱਵੀ ਬਜ਼ੁਰਗ ਲੇਲੇ ਦੇ ਅੱਗੇ ਡਿੱਗ ਪਏ, ਅਤੇ ਹਰੇਕ ਦੇ ਕੋਲ ਰਬਾਬ ਅਤੇ ਧੂਪ ਨਾਲ ਭਰੇ ਹੋਏ ਸੋਨੇ ਦੇ ਕਟੋਰੇ ਸਨ ਜਿਹੜੇ ਸੰਤਾਂ ਦੀਆਂ ਪ੍ਰਾਰਥਨਾਵਾਂ ਹਨ ।*

292 ਇਹ ਉਹਨਾਂ ਦੀਆਂ ਪ੍ਰਾਰਥਨਾਵਾਂ ਹਨ, ਜੋ ਵੇਦੀ ਦੇ ਥੱਲੇ ਹਨ, ਜਿਹਨਾਂ ਨੇ ਬਹੁਤ ਸਮਾਂ ਪਹਿਲਾਂ ਪ੍ਰਾਰਥਨਾਵਾਂ ਕੀਤੀਆਂ ਸਨ। ਵੇਖੋ, ਉਹਨਾਂ ਨੇ ਛੁਟਕਾਰੇ ਦੇ ਲਈ ਪ੍ਰਾਰਥਨਾਵਾਂ ਕੀਤੀਆਂ ਸਨ, ਉਹਨਾਂ ਨੇ ਮੁਰਦਿਆਂ ਦੇ ਜੀ ਉੱਠਣ ( ਕਿਆਮਤ) ਬਾਰੇ ਪ੍ਰਾਰਥਨਾਵਾਂ ਕੀਤੀਆਂ ਸਨ । ਅਤੇ ਇੱਥੇ ਇਹ ਬਜ਼ੁਰਗ ਉਹਨਾਂ ਦੀਆਂ ਪ੍ਰਾਰਥਨਾਵਾਂ ਨੂੰ ਉਡੇਲ ਰਹੇ ਹਨ ......... ਕਿਉਂਕਿ ਸਾਡਾ ਹੁਣ ਇੱਕ ਪ੍ਰਤੀਨਿਧ ਹੈ, ਸਾਡਾ ਸੁਰਗ ਵਿੱਚ ਇੱਕ ਨੇੜੇ ਦਾ ਸਾਕ ਹੈ, ਜੋ ਆਪਣੇ ਦਾਅਵੇ ਕਰਨ ਦੇ ਲਈ ਅੱਗੇ ਆਉਂਦਾ ਹੈ ।

*ਅਤੇ ਉਹ ਇਹ ਆਖਦਿਆਂ ਇੱਕ ਨਵਾਂ ਗੀਤ ਗਾਉਂਦੇ ਸਨ ਕਿ ਉਹ ਪੋਥੀ ਲੈਣ ਅਤੇ ਉਹਦੀਆਂ ਮੋਹਰਾਂ ਖੋਲ੍ਹਣ ਦੇ ਯੋਗ ਹੈ,*

*ਕਿਉਂਕਿ ਤੂੰ ਕੋਹਿਆ ਗਿਆ ਸੀ ਅਤੇ ਤੂੰ ਆਪਣੇ ਲਹੂ ਨਾਲ ਹਰੇਕ ਗੋਤ, ਭਾਖਿਆ, ਉੱਮਤ ਅਤੇ ਕੌਮ ਵਿੱਚੋਂ ਪ੍ਰਮੇਸ਼ੁਰ ਦੇ ਲਈ ਲੋਕਾਂ ਨੂੰ ਮੁੱਲ ਲਿਆ ਅਤੇ ਉਹਨਾਂ ਨੂੰ ਸਾਡੇ ਪ੍ਰਮੇਸ਼ੁਰ ਲਈ, ਇੱਕ ਪਾਤਸ਼ਾਹੀ ਅਤੇ ਜਾਜਕ ਬਣਾਇਆ, ਅਤੇ ਉਹ ਧਰਤੀ ਉੱਤੇ ਰਾਜ ਕਰਨਗੇ।*

ਉਹ ਆਖਦਾ ਹੈ, " ਮੈਂ ਉਹਨਾਂ ਨੂੰ ਕਬਰ ਵਿੱਚ ਪਾ ਦਿਆਂਗਾ । "

284 ਪਰ ਉਸਨੇ ਕਲੀਸਿਯਾ ਨੂੰ ਦੱਸਿਆ, " ਮੈਂ ਤੁਹਾਨੂੰ ਬਾਹਰ ਕੱਢ ਲਿਆਵਾਂਗਾ । " ਸਮਝੇ? "ਪ੍ਰੰਤੂ, ਪਹਿਲਾਂ ਮੈਂ ਇੱਕ ਵਿਚੋਲਾ ਬਣਨਾ ਹੈ । "

285 ਹੁਣ ਉਹ ਬਾਹਰ ਆਉਂਦਾ ਹੈ, ਉਹ ਅਨੰਤਤਾ ਵਿੱਚੋਂ ਆਪਣੇ ਪੈਰਾਂ ਨੂੰ ਬਾਹਰ ਕੱਢਦਾ ਹੋਇਆ, ਪਿਤਾ ਦੇ ਸਿੰਘਾਸਣ ਤੋਂ, ਜਿੱਥੇ ਉਹ ਵਿਚੋਲਾ ਹੋ ਕੇ ਬੈਠਾ ਹੋਇਆ ਸੀ, ਨਿੱਕਲਦਾ ਹੈ। ਹੁਣ ਉਹ ਰਾਜਾ ਹੋਣ ਦੇ ਲਈ ਆਉਂਦਾ ਹੈ, ਔਹ, ਲੋਹੇ ਦੇ ਡੰਡੇ ਨਾਲ ਸੱਭ ਕੌਮਾਂ ਉੱਤੇ ਰਾਜ ਕਰਨ ਲਈ ਆਉਂਦਾ ਹੈ । ਔਹ, ਭਾਈ ਜੀ, ਸਾਡੇ ਛੁਡਾਉਣ ਵਾਲੇ ਨੇੜੇ ਦੇ ਸਾਕ ਦੇ ਹੱਥ ਵਿੱਚ ਸਭ ਕੁਝ ਹੈ । ਜੀ ਹਾਂ, ਸ਼੍ਰੀਮਾਨ ਜੀ । ਇਹ ਠੀਕ ਹੈ ।

286 ਉਹ ਕੀ ਕਰਦਾ ਹੈ ? ਉਹ ਉਸ ਵਿਰੋਧੀ ਦੇ ਹੱਥ ਨੂੰ ; ਸ਼ੈਤਾਨ ਨੂੰ ਬੁਲਾਉਂਦਾ ਹੈ, ਅਤੇ ਕਹਿੰਦਾ ਹੈ । " ਉਹ ਸੱਭ ਮੇਰੇ ਹਨ । ਮੈਂ ਉਹਨਾਂ ਨੂੰ ਕਬਰ ਵਿੱਚੋਂ ਜੀਉਂਦੇ ਕੀਤਾ ਹੈ । " ਅਤੇ ਉਹ ਸੱਭ ਝੂਠਿਆਂ ਨੂੰ ਅਤੇ ਵਚਨ ਦੇ ਵਿਗਾੜਨ ਵਾਲਿਆਂ ਨੂੰ ਅਤੇ ਇਸ ਤਰ੍ਹਾਂ ਦੇ ਸਭਨਾਂ ਨੂੰ ਲੈ ਕੇ, ਸ਼ੈਤਾਨ ਦੇ ਨਾਲ, ਉਹਨਾਂ ਨੂੰ ਅੱਗ ਦੀ ਝੀਲ ਵਿੱਚ ਨਾਸ਼ ਕਰਦਾ ਹੈ । ਹੁਣ ਉਹ ਸੱਭ ਖਤਮ ਹੋ ਗਏ ਹਨ । ਉਹ ਉਹਨਾਂ ਨੂੰ ਅੱਗ ਦੀ ਝੀਲ ਵਿੱਚ ਸੁੱਟਦਾ ਹੈ । ਹੇ ਮੇਰੇ, ਪ੍ਰਭੂ !

287 ਕੀ ਤੁਸੀਂ ਇਹ ਜਾਣਦੇ ਹੋ ? ਮੈਂ ਸਮਾਪਤ ਕਰਨ ਤੋਂ ਪਹਿਲਾਂ ਇੱਥੇ ਕੁਝ ਕਹਿਣਾ ਚਾਹੁੰਦਾ ਹਾਂ । ਅਤੇ ਫਿਰ ਅਸੀਂ ਜਲਦੀ ਕਰਾਂਗੇ । ਧਿਆਨ ਦਿਓ । ਅਸੀਂ ਹੁਣ ਸੱਤਵੀਂ ਆਇਤ ਦੇ ਉੱਤੇ ਹਾਂ । ਪਰ ਅੱਠਵੀਂ ਆਇਤ ਤੋਂ ਚੌਧਵੀਂ ਆਇਤ ਤੱਕ, ਮੈਂ ਚਹੁੰਦਾ ਹਾਂ ਕਿ ਤੁਸੀਂ ਧਿਆਨ ਦਿਓ ਕਿ ਕੀ ਹੁੰਦਾ ਹੈ ।

*ਅਤੇ ਉਹ ਸੱਭ ਜਿਹੜੇ ਸੁਰਗ ਵਿੱਚ ਸਨ ਅਤੇ ਉਹ ਸਭ ਜਿਹੜੇ ਧਰਤੀ ਦੇ ਉੱਤੇ ਸਨ....*

288 ਜਰਾ ਇਸਨੂੰ ਸੁਣੋ । ਹੁਣ ਮੈਂ ਇਸਨੂੰ ਪੜ੍ਹਦਾ ਹਾਂ । ਮੇਰਾ ਯਕੀਨ ਹੈ ਕਿ ਇਹ ਵਧੀਆ ਹੋਵੇਗਾ ਕਿ ਮੈਂ ਇਸ ਕਿਤਾਬ ਵਿੱਚੋਂ 7ਵੀਂ ਆਇਤ ਤੋਂ ਪੜ੍ਹਨਾ ਸ਼ੁਰੂ ਕਰਾਂ । ਅਤੇ ਹੁਣ ਛੇਵੀਂ ਆਇਤ ਨੂੰ ਵੇਖੋ ।

*ਅਤੇ ਮੈਂ ਸਿੰਘਾਸਣ ਅਤੇ ਉਹਨਾਂ ਚੌਹਾਂ ਜੰਤੂਆਂ ਦੇ ਵਿਚਾਲੇ ਇੱਕ ਲੇਲੇ ਨੂੰ ਜੋ ਮਾਨੋ ਕੋਹਿਆ ਗਿਆ ਸੀ ਖਲੋਤਾ ਵੇਖਿਆ ਜਿਹ ਦੇ ਸੱਤ* ਸਿਰ ....ਜਾਂ *ਸੱਤ ਸਿੰਙ* (ਜੀ ਹਾਂ ) *ਅਤੇ ਸੱਤ ਅੱਖੀਆਂ ਸਨ।* ( ਅਸੀਂ ਥੋੜੀ ਦੇਰ ਪਹਿਲਾਂ ਹੀ ਇਸਦੀ ਵਿਆਖਿਆ ਕੀਤੀ ਸੀ ) *ਏਹ ਪਰਮੇਸ਼ੁਰ ਦੇ ਸੱਤੇ ਆਤਮੇ ਹਨ ਜਿਹੜੇ ਸਾਰੀ ਧਰਤੀ ਵਿੱਚ ਘੱਲੇ ਹੋਏ ਹਨ।*

289 ਵੇਖੋ, ਸੱਤ ਕਲੀਸਿਯਾਈ ਯੁੱਗ, ਇਹ ਉਹ ਸੱਤ ਦੂਤ ਹਨ ਜਿਹਨਾਂ ਨੇ ਉਸ ਅੱਗ ਨੂੰ ਬਲਦੇ ਹੋਏ ਰੱਖਿਆ । ਸਮਝੇ ? ਠੀਕ ਹੈ ।

*ਅਤੇ ਉਹ ਨੇ ਆਣ ਕੇ ( ਲੇਲੇ ਨੇ ) ਉਸ ਦੇ ਸੱਜੇ ਹੱਥੋਂ ਜਿਹੜਾ ਸਿੰਘਾਸਣ ਉੱਤੇ ਬਿਰਾਜਮਾਨ ਸੀ -ਜਿਹੜਾ ਸਿੰਘਾਸਣ ਉੱਤੇ ਬਿਰਾਜਮਾਨ ਸੀ ਉਹ ਪੋਥੀ ਲੈ ਲਈ।*

290 ਹੁਣ ਧਿਆਨ ਦਿਓ । ਜਦ ਉਸਨੇ ਇਹ ਕੀਤਾ ਤਾਂ ਵੇਖੋ ਕੀ ਹੁੰਦਾ ਹੈ ? ਤੁਸੀਂ ਅਨੰਦ ਦੇ ਵਰਹੇ ਦੇ ਬਾਰੇ ਗੱਲ ਕਰਦੇ ਹੋ ! ਹੁਣ ਇਹ ਉਹਨਾਂ ਮੋਹਰਾਂ ਦਾ ਤੋੜਿਆ ਜਾਣਾ ਹੈ । ਠੀਕ



*ਓਹਨਾਂ ਬਜ਼ੁਰਗਾਂ ਵਿੱਚੋਂ ਇੱਕ ਨੇ ਮੈਨੂੰ ਆਖਿਆ, ਨਾ ਰੋ ! ਵੇਖ, ਉਹ ਬੱਬਰ ਸ਼ੇਰ ਜਿਹੜਾ ਯਹੂਦਾਹ ਦੇ ਗੋਤ ਵਿੱਚੋਂ ਹੈ*

*ਅਤੇ, "ਦਾਊਦ ਦੀ ਜੜ੍ਹ" ਹੈ ਉਸ ਪੋਥੀ ਅਤੇ ਉਹ ਦੀਆਂ ਮੋਹਰਾਂ ਦੇ ਖੋਲ੍ਹਣ ਲਈ ਜਿੱਤ ਗਿਆ ਹੈ।*

*ਅਤੇ ਮੈਂ ਸਿੰਘਾਸਣ ਅਤੇ ਉਹਨਾਂ ਚੌਹਾਂ ਜੰਤੂਆਂ ਦੇ ਵਿਚਾਲੇ ਇੱਕ ਲੇਲੇ ਨੂੰ ਜੋ ਮਾਨੋ ਕੋਹਿਆ ਗਿਆ ਸੀ ਖਲੋਤਾ ਵੇਖਿਆ ਜਿਹ ਦੇ ਸੱਤ ਸਿੰਙ ਅਤੇ ਸੱਤ ਅੱਖੀਆਂ ਸਨ। ਏਹ ਪਰਮੇਸ਼ੁਰ ਦੇ ਸੱਤੇ ਆਤਮੇ ਹਨ ਜਿਹੜੇ ਸਾਰੀ ਧਰਤੀ ਵਿੱਚ ਘੱਲੇ ਹੋਏ ਹਨ।*

*ਅਤੇ ਉਹ ਨੇ ਆਣ ਕੇ ਉਸ ਦੇ ਸੱਜੇ ਹੱਥੋਂ ਜਿਹੜਾ ਸਿੰਘਾਸਣ ਉੱਤੇ ਬਿਰਾਜਮਾਨ ਸੀ ਉਹ ਪੋਥੀ ਲੈ ਲਈ।*

28 ਅਸੀਂ ਹੁਣ ਥੋੜੀ ਦੇਰ ਲਈ ਪ੍ਰਕਾਸ਼ ਦੀ ਪੋਥੀ ਦੇ ਪੰਜਵੇ ਬਾਬ ਦੀ ਪਹਿਲੀ ਆਇਤ ਤੋਂ ਸੱਤਵੀਂ ਆਇਤ ਤੱਕ ਪੜ੍ਹਨਾ ਰੋਕਦੇ ਹਾਂ।

29 ਹੁਣ ਜੇ ਤੁਸੀਂ ਇਸ 'ਤੇ ਨਿਸ਼ਾਨੀ ਲਗਾ ਰਹੇ ਹੋ ਤਾਂ ਇਹ ਸਮਝੋ ਕਿ ਇਹ ਸੱਤਾਂ ਮੋਹਰਾਂ ਦੀ ਪੋਥੀ ਪ੍ਰਕਾਸ਼ ਦੀ ਪੋਥੀ ਦੀ 10 ਬਾਬ ਦੀਆਂ ਸੱਤਾਂ ਗਰਜ਼ਾਂ ਦੇ ਸਮੇਂ ਪ੍ਰਗਟ ਹੁੰਦੀ ਹੈ। ਆਓ ਅਸੀਂ ਥੋੜੇ ਸਮੇਂ ਲਈ ਪ੍ਰਕਾਸ਼ ਦੀ ਪੋਥੀ ਦੇ ਦਸਵੇਂ ਬਾਬ ਨੂੰ ਕੱਢੀਏ, ਤਾਂ ਕਿ ਇਸ ਤੋਂ ਪਹਿਲਾਂ ਕਿ ਅਸੀਂ ਆਪਣੇ ਪਾਠ ਦਾ ਅਧਿਐਨ ਕਰੀਏ ਤੁਹਾਨੂੰ ਇੱਕ ਸਮਝ ਮਿਲ ਜਾਵੇ। ਹੁਣ ਵੇਖੋ ਇਹ ਅੰਤ ਸਮੇਂ ਲਈ ਹੈ। ਸੁਣੋ:

*......ਮੈਂ ਇੱਕ ਹੋਰ ਬਲੀ ਦੂਤ ਨੂੰ ਬੱਦਲ ਪਹਿਨੀ ਆਕਾਸ਼ੋਂ ਉੱਤਰਦੇ ਵੇਖਿਆ, ਅਤੇ ਉਸ ਦੇ ਸਿਰ ਉੱਤੇ ਮੇਘ ਧਣੁੱਖ ਸੀ, .....*

30 ਜੇ ਤੁਸੀਂ ਧਿਆਨ ਦਿਓ, ਇਹ ਮਸੀਹ ਹੈ, ਕਿਉਂਕਿ ਪੁਰਾਣੇ ਨੇਮ ਵਿੱਚ ਉਹ ਨੇਮ ਦਾ ਦੂਤ ਅਖਵਾਉਂਦਾ ਸੀ। ਹੁਣ ਇੱਥੇ ਉਹ ਸਿੱਧੇ ਯਹੂਦੀਆਂ ਲਈ ਆ ਰਿਹਾ ਹੈ, ਕਿਉਂਕਿ ਕਲੀਸਿਯਾ ਜਾ ਚੁੱਕੀ ਹੈ। ਸਮਝੇ? ਇਹ ਠੀਕ ਗੱਲ ਹੈ।

*.....ਅਤੇ ਉਸਦਾ ਮੂੰਹ ....ਸੂਰਜ ਵਰਗਾ ਅਤੇ ਉਸਦੇ ਪੈਰ ਅਗਨ ਦਿਆਂ ਥੰਮ੍ਹਾਂ ਵਰਗੇ ਸਨ:*

31 ਕੀ ਤੁਹਾਨੂੰ ਪ੍ਰਕਾਸ਼ ਦੀ ਪੋਥੀ 1ਵਾਲਾ ਉਹ ਦੂਤ ਯਾਦ ਹੈ?ਇਹ ਉਹ ਹੀ ਹੈ। ਦੂਤ ਇੱਕ ਸੰਦੇਸ਼ਵਾਹਕ ਹੁੰਦਾ ਹੈ। ਅਤੇ ਉਹ ਇਸਰਾਇਲ ਦੇ ਲਈ ਇੱਕ ਸੰਦੇਸ਼ਵਾਹਕ ਜਾਂ ਸੁਨੇਹਾ ਦੇਣ ਵਾਲਾ ਹੈ। ਸਮਝ ਲੱਗੀ? ਹੁਣ ਵੇਖੋ, ਇੱਥੇ ਕਲੀਸਿਯਾ ਉੱਠਾਈ ਜਾ ਚੁੱਕੀ ਹੈ ਜਾਂ ਉਠਾਈ ਜਾਣ ਵਾਲੀ ਹੈ। ਉਹ ਅਪਣੀ ਕਲੀਸਿਯਾ ਦੇ ਲਈ ਆਉਂਦਾ ਹੈ। ਹੁਣ ਵੇਖੋ।

*ਅਤੇ ਆਪਣੇ ਹੱਥ ਵਿੱਚ ਇੱਕ ਖੁੱਲ੍ਹੀ ਹੋਈ ਛੋਟੀ ਜਿਹੀ ਪੋਥੀ ਓਸ ਨੇ ਫੜੀ ਹੋਈ ਸੀ: .....*

32 ਹੁਣ, ਇੱਥੇ ਵੇਖੋ, ਪਹਿਲੇ ਇਹ ਪੋਥੀ ਬੰਦ ਸੀ ਅਤੇ ਇਸ ਉੱਤੇ ਮੋਹਰ ਲੱਗੀ ਹੋਈ ਸੀ ਪ੍ਰੰਤੂ ਇੱਥੇ ਇਹ ਖੁੱਲ੍ਹੀ ਹੋਈ ਹੈ। ਇੱਥੇ ਇਹ ਖੋਲ੍ਹੀ ਜਾ ਚੁੱਕੀ ਹੈ। ਉਸ ਸਮੇਂ ਤੋਂ ਜਦ ਇਹ ਪੁਸਤਕ

ਮੋਹਰਬੰਦ ਸੀ ਅੱਜ ਰਾਤ ਤੱਕ ਅਸੀਂ ਇਸਦਾ ਅਧਿਐਨ ਕਰਨ ਜਾ ਰਹੇ ਹਾਂ ਤਾਂ ਇਹ ਹੁਣ ਖੁੱਲ੍ਹੀ ਹੋਈ ਹੈ। "ਅਤੇ ਉਸਦੇ ਹੱਥ ਵਿੱਚ...ਇੱਕ ਛੋਟੀ ਜਿਹੀ ਪੋਥੀ ਖੁਲ੍ਹੀ ਹੋਈ ਸੀ ਔਹ, ਕਿਵੇਂ ਸੂਰਜ ਥੰਮ੍ਹਾਂ ਵਾਂਗ ....." ਇੱਕ ਮਿੰਟ ਲਈ ਰੁਕੋ, ਮੈਂ ਇਸ ਨੂੰ ਫਿਰ ਦੁਬਾਰਾ ਪੜ੍ਹਨਾ ਸ਼ੁਰੂ ਕਰਦਾ ਹਾਂ।

*ਅਤੇ ਆਪਣੇ ਹੱਥ ਵਿੱਚ ਇੱਕ ਖੁੱਲ੍ਹੀ ਹੋਈ ਛੋਟੀ ਜਿਹੀ ਪੋਥੀ ਓਸ ਨੇ ਫੜੀ ਹੋਈ ਸੀ: ਓਸ ਨੇ ਆਪਣੇ ਸੱਜੇ ਪੈਰ ਨੂੰ ਸਮੁੰਦਰ ਉੱਤੇ ਅਤੇ ਖੱਬੇ ਨੂੰ ਧਰਤੀ ਉੱਤੇ ਟਿਕਾਇਆ।*

*ਤਾਂ ਉਸਨੇ ਵੱਡੀ ਅਵਾਜ਼ ਨਾਲ ਇਉਂ ਪੁਕਾਰਿਆ ਜਿਉਂ ਬੱਬਰ ਸ਼ੇਰ ਗੱਜ਼ਦਾ ਹੈ : ...*

33 ਅਸੀਂ ਜਾਣਦੇ ਹਾਂ ਕਿ ਉਹ ਯਹੂਦਾ ਦੇ ਗੋਤ ਦਾ ਬੱਬਰ ਸ਼ੇਰ ਹੈ। ਇੱਥ ਇੱਕ ਜਗ੍ਹਾ ਤਾਂ ਉਹ ਲੇਲਾ ਹੈ, ਪਰ ਇੱਥੇ ਉਹ ਸ਼ੇਰ ਹੈ। ਸਮਝੇ?

*..... ਜਾਂ ਉਸਨੇ ਪੁਕਾਰਿਆ ਤਾਂ ਸੱਤਾਂ ਬੱਦਲ ਦੀਆਂ ਗਰਜਾਂ ਨੇ ਆਪਣੀਆਂ ਅਵਾਜ਼ਾਂ ਦਿੱਤੀਆਂ।*

34 ਹੁਣ ਯੂਹੰਨਾ ਨੂੰ ਆਗਿਆ ਦਿੱਤੀ ਗਈ ਕਿ ਉਹਨੇ ਜੋ ਵੇਖਿਆ ਹੈ ਉਸਨੂੰ ਲਿਖੇ, ਸੋ ਰਸੂਲ ਅਤੇ ਨਬੀ ਨੇ ਲਿਖਣ ਲਈ ਆਪਣੀ ਕਲਮ ਚੁੱਕੀ।

*ਅਤੇ ਜਦ ਉਹ ਸੱਤੇ ਗਰਜ਼ਾਂ ਬੋਲ ਹਟੀਆਂ ਤਾਂ ਮੈਂ ਲਿਖਣ ਲੱਗਾ ਅਤੇ ਮੈਂ ਇੱਕ ਅਵਾਜ ਅਕਾਸ਼ੋਂ ਇਹ ਆਖਦੇ ਸੁਣੀ ਭਈ ਜਿਹੜੀਆਂ ਗੱਲਾਂ ਉਹਨਾਂ ਸੱਤਾਂ ਗਰਜਾਂ ਨੇ ਸੁਣਾਈਆਂ ਉਨ੍ਹਾਂ ਉੱਤੇ ਮੋਹਰ ਲਾ ਅਤੇ ਉਹਨਾਂ ਨੂੰ ਨਾ ਲਿਖ।*

35 ਹੁਣ, ਇਸਦੇ ਬਾਰੇ ਵਿੱਚ ਅਸੀਂ ਨਹੀਂ ਜਾਣਦੇ ਹਾਂ। ਅਜੇ ਇਹਨਾਂ ਦਾ ਪ੍ਰਗਟ ਹੋਣਾ ਬਾਕੀ ਹੈ। ਇਸਦਾ ਵਰਣਨ ਪਵਿੱਤਰ ਵਚਨ ਵਿੱਚ ਨਹੀਂ ਹੈ, ਜੋ ਉਹਨਾਂ ਗਰਜਾਂ ਨੇ ਕਿਹਾ ਹੈ।

*ਜਿਹੜੇ ਦੂਤ ਨੂੰ ਮੈਂ ਸਮੁੰਦਰ ਅਤੇ ਧਰਤੀ ਉੱਤੇ ਖਲੋਤੇ ਵੇਖਿਆ ਸੀ ਓਸ ਨੇ ਆਪਣਾ ਸੱਜਾ ਹੱਥ ਅਕਾਸ਼ ਵੱਲ ਉਠਾਇਆ* ( ਹੁਣ ਸੁਣੋ)

*ਅਤੇ ਜਿਹੜਾ ਯੁੱਗੋ-ਯੁੱਗ ਜੀਉਂਦਾ ਹੈ ਜਿਹ ਨੇ ਅਕਾਸ਼ ਅਤੇ ਧਰਤੀ ਅਤੇ ਜੋ ਕੁਝ ਉਹ ਦੇ ਵਿੱਚ ਹੈ ਅਤੇ ਸਮੁੰਦਰ ਅਤੇ ਜੋ ਕੁਝ ਉਹ ਦੇ ਵਿੱਚ ਹੈ ਉਤਪਤ ਕੀਤਾ ਉਹ ਦੀ ਸੋਂਹ ਖਾਧੀ ਭਈ ਹੋਰ ਚਿਰ ਨਹੀਂ ਲੱਗੇਗਾ।*

36 ਧਿਆਨ ਦਿਓ! ਇੱਥੇ ਉਹ ਆਇਤ ਹੈ ਜਿਹੜੀ ਮੈਂ ਲੈਣਾ ਚਾਹੁੰਦਾ ਹਾਂ।

*ਸਗੋਂ ਸੱਤਵੇਂ ਦੂਤ ਦੀ ਅਵਾਜ਼ ਦੇ ਦਿਨੀਂ ਜਾਂ ਉਹ ਤੁਰ੍ਹੀ ਵਜਾਵੇਗਾ ਤਾਂ ਪ੍ਰਮੇਸ਼ੁਰ ਦਾ ਭੇਤ ਸੰਪੂਰਨ ਹੋਵੇਗਾ ਜਿਵੇਂ ਉਹ ਨੇ ਆਪਣੇ ਦਾਸਾਂ ਨੂੰ ਅਰਥਾਤ ਨਬੀਆਂ ਨੂੰ ਇਹ ਦੀ ਖੁਸ਼ਖਬਰੀ ਦਿੱਤੀ ਸੀ।*

37 ਹੁਣ ਵੇਖੋ, ਇਹਨਾਂ ਸੱਤਾਂ ਮੋਹਰਾਂ ਦੀ ਕਿਤਾਬ ਦਾ ਭੇਤ ਸੱਤਵੇਂ ਕਲੀਸਿਯਾਈ ਯੁੱਗ ਦੇ ਦੂਤ ਦੇ ਸੰਦੇਸ਼ ਦੇਣ ਦੇ ਸਮੇਂ ਪ੍ਰਗਟ ਹੋਵੇਗਾ। ਸਮਝੇ? "ਜਦੋਂ ਸੱਤਵਾਂ ਦੂਤ ਤੁਰ੍ਹੀ ਵਜਾਵੇਗਾ ",



276 ਇਸ ਲਈ ਉਸਨੇ ਕਿਹਾ :

ਮੈਂ ਸੋਚਦਾ ਹਾਂ ਕਿ ਮੈਂ ਭਟਕੀ ਹੋਈ ਇੱਕ ਭੇਡ ਹੋਵਾਂਗਾ
ਉਸ ਮਨੁੱਖ ਵਰਗਾ ਹੋਵਾਂਗਾ
ਜੋ ਮਰਨ ਦੀ ਰਾਹ ਵੇਖ ਰਿਹਾ ਹੋਵੇਗਾ
ਜੋ ਬਿਨਾਂ ਮੋਹਰ ਦੇ ਹੋਵੇਗਾ
(ਉਹ ਇਸ ਤਰ੍ਹਾਂ ਦੀਆਂ ਭੇਡਾਂ ਨੂੰ ਕੱਟ ਕੇ ਤਰੀ ਬਣਾਉਂਦੇ ਹਨ, ਸਮਝੇ)
ਜਦ ਉਹਨਾਂ ਸਵਾਰਾਂ ਦਾ ਮਾਲਕ ਆਉਂਦਾ ਹੋਵੇਗਾ
ਤਾਂ ਉਹ ਇਸ ਤਰ੍ਹਾਂ ਦੀਆਂ ਭੇਡਾਂ ਨੂੰ ;
ਜਾਨਵਰਾਂ ਦੇ ਨਾਲ ਕੱਟਦਾ ਹੋਵੇਗਾ ।

277 ਵੇਖੋ ਉਹ ਕੌਣ ਹੈ ? ਉਹਨਾਂ ਘੋੜ ਸਵਾਰਾਂ ਦਾ ਮਾਲਕ ਕੌਣ ਹੈ ? ਉਹ ਲੇਲਾ ਹੈ, ਉਹ ਉਹਨਾਂ ਸੱਤਾ ਦੂਤਾਂ ਦਾ ਮਾਲਕ ਨਿਯੁਕਤ ਕੀਤਾ ਗਿਆ ਹੈ ਅਤੇ ਉਹ ਹਰੇਕ ਮਾਰਕੇ ( ਮੋਹਰ) ਨੂੰ ਜਾਣਦਾ ਹੈ । ਸਮਝੇ ? ਹੂੰ !

278 ਧਿਆਨ ਦਿਓ, ਇੱਥੇ ਉਹ ਆਉਂਦਾ ਹੈ । ਉਹ ਵਿਚੋਲੇ ਵਾਲੇ ਸਿੰਘਾਸਣ ਨੂੰ ਛੱਡਦਾ ਹੈ, ਕੋਹੇ ਹੋਏ ਲੇਲੇ ਤੋਂ ਬਬਰ ਸ਼ੇਰ ਬਣਨ, ਰਾਜਾ ਬਣਨ ਲਈ ਆਉਂਦਾ ਹੈ, ਕਿ ਸਾਰੇ ਸੰਸਾਰ ਤੇ ਨਿਆਂ ਲਿਆਵੇ, ਉਹਨਾਂ ਉੱਤੇ ਜਿਹਨਾਂ ਨੇ ਉਸਨੂੰ ਰੱਦਿਆ ਸੀ । ਸਾਡਾ ਛੁਡਾਉਣ ਵਾਲਾ ਨੇੜੇ ਦਾ ਰਿਸ਼ਤੇਦਾਰ ਤਦ ਸੱਭ ਚੀਜ਼ਾਂ ਉੱਤੇ ਰਾਜਾ ਹੈ । ਕਿਉਂ ? ਕਿਉਂਕਿ ਉਸਦੇ ਕੋਲ ਛੁਟਕਾਰੇ ਦਾ ਵਸੀਅਤਨਾਮਾ ਹੈ । ਇਹ ਸੱਭ ਕੁਝ ਉਸਦੇ ਹੱਥ ਵਿੱਚ ਹੈ । ਮੈਂ ਖੁਸ਼ ਹਾਂ ਕਿ ਮੈਂ ਉਸਨੂੰ ਜਾਣਦਾ ਹਾਂ । ਸਮਝੇ ?

279 ਤਦ ਉਹ ਆਪਣੀ ਮਲਕੀਅਤ ਦਾ ਦਾਅਵਾ ਕਰਦਾ ਹੈ, ਜੋ ਕਿ ਉਸਦੀ ਕਲੀਸਿਯਾ ਹੈ, ਉਸਦੀ ਲਾੜੀ ਹੈ । ਉਹ ਇਸਦਾ ਦਾਅਵਾ ਕਰਦਾਹੈ ।

280 ਇਸ ਤੋਂ ਬਾਦ ਉਹ ਕੀ ਕਰਦਾ ਹੈ ? ਉਹ ਆਪਣੇ ਵਿਰੋਧੀ ਸ਼ੈਤਾਨ ਨੂੰ ਨਾਸ਼ ਕਰਦਾ ਹੈ । ਉਹ ਸ਼ੈਤਾਨ ਨੂੰ ਉਹਨਾਂ ਸਭਨਾਂ ਦੇ ਨਾਲ ਅੱਗ ਦੀ ਝੀਲ ਵਿੱਚ ਸੁੱਟ ਦਿੰਦਾ ਹੈ ਜਿਹਨਾਂ ਨੂੰ ਸ਼ੈਤਾਨ ਨੇ ਉਸ ਛੁਟਕਾਰੇ ਦੇ ਵਚਨ ਨੂੰ ਰੱਦਣ ਲਈ ਪ੍ਰੇਰਿਤ ਕੀਤਾ ਸੀ ।

281 ਹੁਣ ਉਹ ਇੱਕ ਰਾਜਾ ਹੈ । ਕਿਰਪਾ ਅਜੇ ਵੀ ਸਿੰਘਾਸਣ ਉੱਤੇ ਹੈ । ਤੁਸੀਂ ਉਸਦੇ ਸੱਦੇ ਨੂੰ ਰੱਦ ਨਾ ਕਰੋ । ਸਮਝੇ ? ਘੋੜਸਵਾਰ ਜਾਣਦੇ ਹਨ ਕਿ ਤੁਸੀਂ ਕੌਣ ਹੋ ।

282 ਅਤੇ ਹੁਣ ਉਹ ਆਪਣੇ ਵਿਰੋਧੀ ਤੋਂ ਜਿਸਨੇ ਉਸਨੂੰ ਦੋ ਹਜ਼ਾਰ ਸਾਲ ਪ੍ਰੇਸ਼ਾਨ ਕੀਤਾ ਹੈ, ਇਹ ਦਾਅਵਾ ਕਰਦੇ ਹੋਏ ਕਿ, " ਮੈਂ ਜੋ ਚਾਹਾਂ ਉਹਨਾਂ ਦੇ ਨਾਲ ਕਰ ਸੱਕਦਾ ਹਾਂ, ਉਹ ਹਾਲੇ ਵੀ ਮੇਰੇ ਕੋਲ ਹਨ । ਉਹ ਮੇਰੇ ਹਨ । ਮੈਂ ........ ਉਹਨਾਂ ਨੇ ਪਿਛਾਂਹ ਉਸ ਵਸੀਅਤ ਨਾਮੇ ਨੂੰ ਗੁਆ ਲਿਆ ਸੀ । "

283 ਪਰ ਉਹ ਨੇੜੇ ਦਾ ਸਾਕ ਛੁਡਾਉਣ ਵਾਲਾ ਹੈ । ਉਹ ਕਹਿੰਦਾ ਹੈ ਕਿ ਉਹ ਹੁਣ ਇੱਥੇ ਵਿਚੋਲਗੀ ਕਰ ਰਿਹਾ ਹੈ । ਪ੍ਰੰਤੂ ਕਿਸੇ ਦਿਨ .......

ਉਸ ਖੁਸ਼ਹਾਲ ਅਤੇ ਚਮਕੀਲੇ ਇਲਾਕੇ ਦੀ ਵੱਲ
ਇੱਕ ਮਾਰਗ ਜਾਂਦਾ ਹੈ,
ਪ੍ਰੰਤੂ ਕਹਿੰਦੇ ਹਨ ਜੋ ਮਾਰਗ ਉੱਥੇ ਜਾਂਦਾ ਹੈ,
ਉਹ ਤੰਗ ਹੈ
ਪ੍ਰੰਤੂ ਇੱਕ ਚੋੜਾ ਰਾਹ ਹੈ ਜੋ ਵਿਨਾਸ਼ ਨੂੰ ਜਾਂਦਾ ਹੈ
ਉਹ ਚਾਰੇ ਪਾਸੇ ਵਿਛਿਆ ਹੋਇਆ ਹੈ ।
ਉਹ ਇੱਕ ਹੋਰ ਮਹਾਨ ਮਾਲਕ ਦੇ ਬਾਰੇ ਦੱਸਦੇ ਹਨ,

274 ਉਹ ਤਾਂ ਆਪਣੇ ਡੰਗਰਾਂ ਦੇ ਜੀਵਨ ਦੀ ਸ਼ਬਦਾਵਲੀ ਵਿੱਚ ਬੋਲਦਾ ਹੈ । ਜੇ ਤੁਸੀਂ ਕਦੇ ਇਸ ਘੇਰੇ ਵਿੱਚ ਰਹੇ ਹੋਏ ਹੋਵੋ ਤਾਂ ਤੁਸੀਂ ਇਸਨੂੰ ਸਾਫ ਸਾਫ ਵੇਖ ਸੱਕਦੇ ਹੋ ।

ਉਹ ਇੱਕ ਹੋਰ ਮਹਾਨ ਮਾਲਕ ਦੇ ਬਾਰੇ ਦੱਸਦੇ ਹਨ
ਅਤੇ ਉਸਨੇ ਕਦੇ ਵੀ ਵੱਧ ਨਹੀਂ ਰੱਖਿਆ, ਇੰਝ ਉਹ ਆਖਦੇ ਹਨ,
ਉਹ ਸਦਾ ਪਾਪੀਆਂ ਲਈ ਇੱਕ ਜਗ੍ਹਾ ਤਿਆਰ ਕਰਦਾ ਹੈ
ਜੋ ਉਸ ਸਿੱਧੇ ਅਤੇ ਭੀੜੇ ਰਾਹ ਤੇ ਚੱਲਦੇ ਹਨ ।

ਉਹ ਕਹਿੰਦੇ ਹਨ ਕਿ ਉਹ ਤੁਹਾਨੂੰ ਕਦੇ ਨਹੀਂ ਤਿਆਗੇਗਾ,
ਅਤੇ ਉਹ ਤੁਹਾਡੇ ਹਰ ਇੱਕ ਕੰਮ ਨੂੰ ਜਾਣਦਾ ਹੈ ;
ਆਪਣੀ ਸੁਰੱਖਿਆ ਲਈ ਸਾਨੂੰ ਚਾਹੀਦਾ ਹੈ ਕਿ ਅਸੀਂ ਉਸਦੀ ਮੋਹਰ ਲਵਾ ਲਈਏ
ਲਿਖੇ ਹਨ ਸਾਡੇ ਨਾਮ ਉਸ ਵੱਡੀ ਪੋਥੀ ਵਿੱਚ ।

ਕਿਉਂਕਿ ਉਹ ਆਖਦੇ ਹਨ ਕਿ ਇੱਕ ਮਹਾਨ ਇਕੱਠ ਹੋਵੇਗਾ,
ਤਦ ਗਵਾਲੇ ਦੀਨਤਾ ਨਾਲ ਉੱਥੇ ਖੜੇ ਹੋਣਗੇ,
ਨਿਆਂ ਦੇ ਸਵਾਰਾਂ ( ਉਹ ਨਬੀ ਅਤੇ ਦਰਸ਼ੀ ਹਨ)ਦੁਆਰਾ ਨਾਮ ਲਿਖਵਾਉਣ ਦੇ ਲਈ,
ਉਹ ਨਿਯੁਕਤ ਕੀਤੇ ਗਏ ਹਨ ਅਤੇ ਹਰੇਕ ਮਾਰਕੇ ਨੂੰ ਜਾਣਦੇ ਹਨ ।

275 ਜੇ ਤੁਸੀਂ ਕਦੇ ਉਸ ਇੱਕਠ ਵਿੱਚ ਰਹੇ ਹੋਵੋ, ਅਤੇ ਮਾਲਕ ਨੂੰ ਉੱਥੇ ਖੜੇ ਹੋਏ ਵੇਖਿਆ ਹੋਵੇ ਅਤੇ ਤੁਸੀਂ ਘੁੜਸਵਾਰਾਂ ਨੂੰ ਅਤੇ ਚਾਰਗਾਹਾਂ ਵਿੱਚ ਕੰਮ ਕਰ ਰਹੇ ਲੋਕਾਂ ਨੂੰ ਵੇਖੋਗੇ । ਉਹ ਉੱਥੋਂ ਲੰਘਣ ਵਾਲਿਆਂ ਤੇ ਆਪਣੀ ਮੋਹਰ ਜਾਂ ਮਾਰਕਾ ਵੇਖੇਗਾ ਅਤੇ ਉਹ ਮਾਲਕ ਨੂੰ ਇਸ਼ਾਰਾ ਕਰੇਗਾ । ਅਤੇ ਮਾਲਕ ਇਸਨੂੰ ਵੇਖੇਗਾ ਅਤੇ ਉਸਨੂੰ ਸਿਰ ਹਿਲਾ ਕੇ ਇਸ਼ਾਰਾ ਕਰੇਗਾ । ਅਤੇ ਉਸਦੀ ਛੋਟੀ ਘੋੜੀ ਜੋ ਚਾਰਗਾਹ ਦੇ ਆਲੇ-ਦੁਆਲੇ ਦੌੜਦੀ ਹੈ ਭੱਜ ਕੇ ਅੰਦਰ ਆ ਜਾਵੇਗੀ, ਮਵੇਸ਼ੀਆਂ ਦੇ ਸਿੰਙ ਖੜੇ ਹੋਏ ਇਸ ਤਰ੍ਹਾਂ ਵਿਖਾਈ ਦਿੰਦੇ ਹਨ, ਅਤੇ ਉਹ ਆਪਣੀਆਂ ਹੀ ਗਾਉਆਂ ਉੱਤੇ ਮੋਹਰ ਲਗਾਉਂਦਾ ਹੈ । ਸਮਝੇ ?

ਕਿਉਂਕਿ ਉਹ ਆਖਦੇ ਹਨ ਕਿ ਇੱਕ ਮਹਾਨ ਇਕੱਠ ਹੋਵੇਗਾ,
ਤਦ ਗਵਾਲੇ ਦੀਨਤਾ ਨਾਲ ਉੱਥੇ ਖੜੇ ਹੋਣਗੇ,
ਨਿਆਂ ਦੇ ਸਵਾਰਾਂ ( ਉਹ ਨਬੀ ਅਤੇ ਦਰਸ਼ੀ ਹਨ)ਦੁਆਰਾ ਨਾਮ ਲਿਖਵਾਉਣ ਦੇ ਲਈ,
ਉਹ ਨਿਯੁਕਤ ਕੀਤੇ ਗਏ ਹਨ ਅਤੇ ਹਰੇਕ ਮਾਰਕੇ ਨੂੰ ਜਾਣਦੇ ਹਨ । ( ਵੇਖਿਆ ?)



ਅਤੇ ਉੱਥੇ ਸੰਦੇਸ਼ ਲਿਖਿਆ ਹੋਇਆ ਹੈ, ਅਤੇ ਸਾਡੇ ਕੋਲ ਇਹ ਟੇਪ ਅਤੇ ਕਿਤਾਬਾਂ ਦੇ ਰੂਪ ਵਿੱਚ ਮੌਜੂਦ ਹੈ। ਹੁਣ, " ਸੰਦੇਸ਼ ਦੇਣ ਦੇ ਸ਼ੁਰੂ ਵਿੱਚ ਪ੍ਰਮੇਸ਼ੁਰ ਦਾ ਭੇਤ ਸੰਪੂਰਨ ਹੋਵੇਗਾ। " ਹੁਣ ਅਸੀਂ ਧਿਆਨ ਦੇਵਾਂਗੇ। ਪ੍ਰਮੇਸ਼ੁਰ ਦੀ ਗੁਪਤ ਕਿਤਾਬ ਜਾਂ ਪੋਥੀ ਦਾ ਭੇਤ ਤਦ ਤੱਕ ਨਹੀਂ ਖੁੱਲਦਾ ਜਦ ਤੱਕ ਕਿ ਸੱਤਵੇਂ ਦੂਤ ਦਾ ਸੰਦੇਸ਼ ਨਹੀਂ ਹੁੰਦਾ ਹੈ।

38 ਹੁਣ, ਮੈਨੂੰ ਯਕੀਨ ਹੈ ਕਿ ਇਹ ਗੱਲਾਂ ਮੋਹਰਾਂ ਦੇ ਸਮੇਂ ਮਹੱਤਵਪੂਰਨ ਹੋਣਗੀਆਂ, ਕਿਉਂਕਿ ਜਰੂਰ ਹੈ ਇਸਦਾ ਹਰੇਕ ਬਿੰਦੂ ਇੱਕ ਲਾਈਨ ਵਿੱਚ ਹੋਵੇ।

39 ਹੁਣ,ਇਹ ਤਾਂ ਭੇਤ ਭਰਿਆ ਲਿਖਿਆ ਹੋਇਆ ਹੈ, ਕਿਉਂਕਿ ਕਿਤੇ ਵੀ ਕੋਈ ਮਨੁੱਖ ਇਸਨੂੰ ਨਹੀਂ ਜਾਣਦਾ ਹੈ। ਸਿਰਫ ਪ੍ਰਮੇਸ਼ੁਰ, ਯਿਸੂ ਮਸੀਹ ਹੀ ਇਸਨੂੰ ਜਾਣਦਾ ਹੈ। ਹੁਣ, ਪ੍ਰੰਤੂ ..... ਇਹ ਇੱਕ ਪੋਥੀ,ਇੱਕ ਭੇਤਭਰੀ ਪੋਥੀ ਹੈ। ਇਹ ਛੁਟਕਾਰੇ ਦੀ ਪੋਥੀ ਹੈ। ਅਸੀਂ ਇਸ ਗੱਲ 'ਤੇ ਥੋੜੀ ਦੇਰ ਵਿੱਚ ਆਵਾਂਗੇ। ਅਤੇ ਅਸੀਂ ਜਾਣਦੇ ਹਾਂ ਕਿ ਇਸ ਛੁਟਕਾਰੇ ਦੀ ਪੋਥੀ ਨੂੰ ਪੂਰੀ ਤਰ੍ਹਾਂ ਨਾਲ ਨਹੀਂ ਸਮਝਿਆ ਗਿਆ ਸੀ;ਪਿਛਲੇ ਛੇਆਂ ਕਲੀਸਿਯਾ ਦੇ ਯੁੱਗਾਂ ਵਿੱਚ ਇਸ ਪੋਥੀ ਦੀਆਂ ਗੱਲਾਂ ਦੀ ਬਹੁਤ ਛਾਣਬੀਣ ਕੀਤੀ ਗਈ। ਪ੍ਰੰਤੂ ਅੰਤ ਦੇ ਸਮੇਂ ਵਿੱਚ, ਜਦ ਸੱਤਵੇਂ ਦੂਤ ਨੇ ਆਪਣੇ ਭੇਤ ਦੀਆਂ ਗੱਲਾਂ ਨੂੰ ਦੱਸਣਾ ਸ਼ੁਰੂ ਕੀਤਾ, ਤਾਂ ਉਹ ਉਹਨਾਂ ਸਾਰੀਆਂ ਖਾਮੀਆਂ ਨੂੰ ਜੋ ਉਹਨਾਂ ਮਨੁੱਖਾਂ ਨੇ ਉਹਨਾਂ ਛੇਆਂ ਯੁੱਗਾਂ ਦੌਰਾਨ ਛੱਡੀਆਂ ਖਤਮ ਅਰਥਾਤ ਸੰਪੂਰਨ ਕਰੇਗਾ। ਅਤੇ ਭੇਤ ਪ੍ਰਮੇਸ਼ੁਰ ਦੇ ਵੱਲੋਂ ਪ੍ਰਮੇਸ਼ੁਰ ਦੇ ਵਚਨ ਦੇ ਰੂਪ ਵਿੱਚ ਆਉਂਦੇ ਹਨ ਅਤੇ ਪ੍ਰਮੇਸ਼ੁਰ ਦੇ ਸੰਪੂਰਨ ਵਚਨ ਨੂੰ ਪ੍ਰਗਟ ਕਰਦੇ ਹਨ,ਅਤੇ ਤਦ ਪ੍ਰਮੇਸ਼ੁਰਤਾਈ ਅਤੇ ਹੋਰ ਦੂਜੇ ਸਾਰੇ ਭੇਤ ਸਮਝ ਵਿੱਚ ਆ ਜਾਂਦੇ ਹਨ। ਸਾਰੇ ਹੀ ਭੇਤ, ਭਾਵੇਂ ਉਹ ਸੱਪ ਦੀ ਸੰਤਾਨ ਜਾਂ ਕੋਈ ਵੀ ਭੇਤ ਹੋਵੇ, ਉਹਨਾਂ ਦਾ ਪ੍ਰਗਟ ਕੀਤਾ ਜਾਣਾ ਹੈ।

40 ਹੁਣ, ਤੁਸੀਂ ਵੇਖਦੇ ਹੋ, ਮੈਂ ਉਹ ਸਭ ਆਪਣੇ ਕੋਲੋਂ ਨਹੀਂ ਕਹਿ ਰਿਹਾਂ ਜਾਂ ਘੜ ਨਹੀਂ ਰਿਹਾਂ ਹਾਂ। ਇਹ ਤਾਂ ਉਹ ਹੈ ..... ਇਹ ਤਾਂ *ਯਹੋਵਾਹ ਇੰਝ ਫਰਮਾਉਂਦਾ ਹੈ* ਵਾਲਾ ਵਚਨ ਹੈ। ਮੈਂ ਤੁਹਾਡੇ ਲਈ ਇਸਨੂੰ ਪੋਥੀ ਵਿੱਚੋਂ ਪੜ੍ਹ ਕੇ ਸੁਣਾਉਂਦਾ ਹਾਂ, " ਸੱਤਵੇਂ ਦੂਤ ਦੇ ਸੰਦੇਸ਼ ਦੇਣ ਦੇ ਸਮੇਂ ਪ੍ਰਮੇਸ਼ੁਰ ਦਾ ਭੇਤ ਸੰਪੂਰਨ ਹੋਵੇਗਾ ਜਿਹਦੀ ਘੋਸ਼ਣਾ ਉਸਦੇ ਪਵਿੱਤਰ ਨਬੀਆਂ ਨੇ ਕੀਤੀ ਸੀ," ਇਹ ਨਬੀ ਉਹ ਨਬੀ ਹਨ ਜਿਹਨਾਂ ਨੇ ਵਚਨ ਲਿਖਿਆ ਹੈ। ਸੱਤਵੇਂ ਕਲੀਸਿਯਾ ਦੇ ਯੁੱਗ ਵਿੱਚ, ਆਖਰੀ ਕਲੀਸਿਯਾ ਦੇ ਯੁੱਗ ਵਿੱਚ ਜਾਂ ਉਹ ਤੁਰ੍ਹੀ ਵਜਾਵੇਗਾ ਤਾਂ ਸਾਰੀਆਂ ਤਰੁੱਟੀਆਂ ਜੋ ਉਹਨਾਂ ਦੁਆਰਾ ਪਿਛਲੇ ਯੁੱਗਾਂ ਵਿੱਚ ਛੱਡ ਦਿੱਤੀਆਂ ਗਈਆਂ ਸਨ, ਉਹ ਉਹਨਾਂ ਸਾਰੀਆਂ ਨੂੰ ਇੱਕਠਾ ਕਰੇਗਾ ਅਰਥਾਤ ਸੁਧਾਰੇਗਾ।

41 ਅਤੇ ਜਦ ਮੋਹਰਾਂ ਖੁੱਲ ਜਾਂਦੀਆਂ ਹਨ,ਅਤੇ ਭੇਤ ਪ੍ਰਗਟ ਹੁੰਦਾ ਹੈ, ਤਾਂ ਦੂਤ, ਸੰਦੇਸ਼ਵਾਹਕ, ਥੱਲੇ ਆਉਂਦਾ ਹੈ, ਮਸੀਹ ਨੇ ਆਪਣਾ ਇੱਕ ਪੈਰ ਧਰਤੀ ਤੇ ਅਤੇ ਇੱਕ ਪੈਰ ਸਮੁੰਦਰ ਤੇ ਟਿਕਾਇਆ ਅਤੇ ਉਸਦੇ ਸਿਰ 'ਤੇ ਮੇਘ ਧਨੁੱਖ ਹੈ। ਹੁਣ ਯਾਦ ਰਹੇ ਅਜਿਹਾ ਹੋਣ ਦੇ ਵੇਲੇ ਸੱਤਵਾਂ ਦੂਤ ਧਰਤੀ 'ਤੇ ਹੀ ਹੈ।

42 ਉਸੇ ਤਰ੍ਹਾਂ ਜਿਸ ਤਰ੍ਹਾਂ ਯੂਹੰਨਾ ਆਪਣਾ ਸੰਦੇਸ਼ ਦੇ ਰਿਹਾ ਸੀ ਜਿਸ ਸਮੇਂ ਮਸੀਹ ਆਉਂਦਾ ਹੈ। ਯੂਹੰਨਾ ਜਾਣਦਾ ਸੀ ਕਿ ਉਹ ਉਸਨੂੰ ਵੇਖੇਗਾ ਕਿਉਂਕਿ ਉਸਨੇ ਹੀ ਤਾਂ ਉਹਦੀ ਪਛਾਣ ਕਰਵਾਉਣੀ ਸੀ।

43 ਅਤੇ ਅਸੀਂ ਵਚਨ ਵਿੱਚੋਂ ਇਹ ਸਮਝਦੇ ਹਾਂ ਕਿ ਮਲਾਕੀ 4 ਵਿੱਚ ਦਿੱਤਾ ਹੋਇਆ ਹੈ ਕਿ ਇੱਕ ਅਜਿਹੇ ਆਦਮੀ ਨੇ ਆਉਣਾ ਹੈ ਜੋ ਯੂਹੰਨਾ -ਏਲੀਯਾਹ ਦੇ ਵਰਗਾ ਹੋਵੇਗਾ ਜਿਹਦੇ ਕੋਲ ਖੁਦਾ ਦਾ ਵਚਨ ਆਏਗਾ। ਅਤੇ ਉਸਨੇ ਪਵਿੱਤਰ ਆਤਮਾ ਦੇ ਰਾਹੀਂ ਖੁਦਾ ਦੇ ਸਾਰੇ ਗੁਪਤ ਭੇਤਾਂ ਨੂੰ ਖੋਲਣਾ ਹੈ,ਅਤੇ ਬਾਲਕਾਂ ਦੇ ਵਿਸ਼ਵਾਸ਼ ਨੂੰ ਚੇਲਿਆਂ ਪੇਵਾਂ ਦੇ ਵਿਸ਼ਵਾਸ਼ ਵੱਲ ਵਾਪਸ ਫੇਰਨਾ ਹੈ,ਉਹ ਇਹਨਾਂ ਸਾਰੇ ਭੇਤਾਂ ਨੂੰ ਬਿਲਕੁੱਲ ਠੀਕ ਠੀਕ ਪ੍ਰਗਟ ਕਰੇਗਾ ਜਿਹੜੇ ਕਿ ਇਹਨਾਂ ਜੱਥੇਬੰਦੀਆਂ ਨੇ ਸਾਲਾਂ ਲੱਭੇ ਹਨ। ਹੁਣ, ਵਚਨ ਨੇ ਇਹ ਹੀ ਆਖਿਆ ਹੈ। ਮੈਂ ਤਾਂ ਸਿਰਫ ਉਸੇ ਗੱਲ ਦਾ ਜ਼ੁੰਮੇਵਾਰ ਹਾਂ ਜੋ ਵਚਨ ਨੇ ਆਖਿਆ ਹੈ। ਸਮਝੇ?ਇਹ ਤਾਂ ਲਿਖਿਆ ਹੋਇਆ ਹੈ, ਇਹ ਸੱਚ ਹੈ। ਇਹੋ ਹੀ ਇਹ ਹੈ।

44 ਹੁਣ, ਅਸੀਂ ਵੇਖਦੇ ਹਾਂ ਕਿ ਇਹ ਸੱਤ ਮੋਹਰਾਂ ਦੀ ਪੁਸਤਕ ਅਰਥਾਤ ਪੋਥੀ ਛੁਟਕਾਰੇ ਦਾ ਗੁਪਤ ਭੇਤ ਹੈ। ਇਹ ਪ੍ਰਮੇਸ਼ੁਰ ਦੇ ਵੱਲੋਂ ਛੁਟਕਾਰੇ ਦੀ ਪੁਸਤਕ ਹੈ।

45 ਹੁਣ, ਇਸ ਦੂਤ ਦੇ ਤੁਰ੍ਹੀ ਵਜਾਉਣ ਦੇ ਦਿਨੀਂ ਇਸ ਸਮੇਂ,ਸਾਰੇ ਗੁਪਤ ਭੇਦ ਸਪੂੰਰਨ ਹੋ ਜਾਣਗੇ। ਹੁਣ, ਵੇਖੋ ਇੱਥੇ ਇੱਕ ਦੂਤ ਧਰਤੀ ਉੱਤੇ ਹੈ; ਅਤੇ "ਇੱਕ ਹੋਰ" ਦੂਤ, ਬਲੀ ਦੂਤ ਹੇਠਾਂ ਆਇਆ। ਵੇਖੋ, ਇਹ ਦੂਤ, ਇਹ ਸੰਦੇਸ਼ਵਾਹਕ ਧਰਤੀ ਦਾ ਦੂਤ ਹੈ; ਅਤੇ ਇੱਥੇ ਇੱਕ ਹੋਰ ਸਵਰਗ ਦੂਤ ਸਵਰਗ ਤੋਂ ਆਉਂਦਾ ਹੈ ਜਿਸਦੇ ਸਿਰ ਉੱਤੇ ਮੇਘ ਧਨੁੱਖ ਵਾਲਾ ਨੇਮ ਹੈ, ਵੇਖੋ, ਇਹ ਸਿਰਫ ਮਸੀਹ ਹੀ ਹੋ ਸਕਦਾ ਹੈ।

46 ਠੀਕ ਜਿਵੇਂ ਕਿ ਉਹ ਪ੍ਰਕਾਸ਼ ਦੀ ਪੋਥੀ ਦੇ ਪਹਿਲੇ ਬਾਬ ਵਿੱਚ ਸੀ, " ਉਹ ਸੱਤਾਂ ਸੋਨੇ ਦੇ ਸ਼ਮਾਦਾਨਾਂ ਵਿੱਚਕਾਰ ਮੇਘ ਧਨੁੱਖ ਨਾਲ ਖੜ੍ਹਾ ਹੈ ਅਤੇ ਵੇਖਣ ਨੂੰ ਯਸ਼ਬ ਅਤੇ ਲਾਲ ਅਕੀਕ ਵਾਂਗ ਲੱਗਦਾ ਸੀ। "

47 ਅਤੇ ਇੱਥੇ ਉਹ ਦਸ ਬਾਬ ਵਿੱਚ ਵਾਪਸ ਆਉਂਦਾ ਹੈ ਜਦ ਸਾਰੇ ਭੇਤ ਸੰਪੂਰਨ ਹੋਣੇ ਹਨ ਅਤੇ ਮੋਹਰਾਂ ਨੂੰ ਖੋਲ੍ਹਿਆ ਜਾਣਾ ਹੈ ਅਤੇ ਘੋਸ਼ਣਾ ਕੀਤੀ ਜਾਵੇਗੀ ਕਿ," ਭਈ ਹੋਰ ਚਿਰ ਨਹੀਂ ਲੱਗੇਗਾ। "ਅਤੇ ਉਸਨੇ ਕਿਹਾ ਸੀ, ਜਦ ਸੱਤਵਾਂ ਦੂਤ ਤੁਰ੍ਹੀ ਵਜਾਉਣੀ ਸ਼ੁਰੂ ਕਰੇਗਾ ਤਾਂ ਭੇਤ ਸੰਪੂਰਣ ਹੋਵੇਗਾ, ਅਤੇ ਉਸ ਵੇਲੇ ਦੂਤ ਪ੍ਰਗਟ ਹੋਵੇਗਾ। " ਅਸੀਂ ਉਸਦੇ ਕਿਤੇ ਬਹੁਤ ਨਜ਼ਦੀਕ ਹਾਂ। ਇਹ ਸੱਚ ਹੈ । ਹੁਣ ਧਿਆਨ ਦਿਓ।

48 ਇਸ ਪੋਥੀ ਦਾ ਭੇਦ ਸੱਤਾਂ ਮੋਹਰਾਂ ਦੇ ਅੰਦਰ ਹੈ। ਜਦ ਤੱਕ ਅਸੀਂ ਇਹ ਨਾ ਵੇਖ ਲਈਏ ਕਿ ਉਹਨਾਂ ਸੱਤਾਂ ਮੋਹਰਾਂ ਦੇ ਅੰਦਰ ਕੀ ਬੰਦ ਹੈ, ਤਦ ਤੱਕ ਅਸੀਂ ਸਿਰਫ ਕਲਪਨਾ ਹੀ ਕਰ ਸੱਕਦੇ ਹਾਂ। ਕਿਉਂਕਿ ਜਿਵੇਂ ਮੈਂ ਅੱਜ ਸਵੇਰ ਤੁਹਾਨੂੰ ਇਸ ਸਵੇਰ ਦੇ ਸੰਦੇਸ਼ ਵਿੱਚ ਦੱਸਿਆ ਸੀ ਪ੍ਰਮੇਸ਼ੁਰ ਸਧਾਰਨਤਾ ਵਿੱਚ ਛੁਪਦਾ ਹੈ। ਤੁਸੀਂ ਵੇਖਿਆ ਅਸੀਂ ...... ਅਸੀਂ ਯਕੀਨਨ ਇਸ ਗੱਲ ਨੂੰ ਗੁਆ ਬੈਠਾਂਗੇ, ਜੱਦ ਤੱਕ ਇਹ ਪੂਰੀ ਤਰ੍ਹਾਂ, ਅਸਲੀ ਤੋਰ ਤੇ ਪਵਿੱਤਰ ਆਤਮਾ ਦੁਆਰਾ ਪ੍ਰਗਟ ਨਾ ਕੀਤੀ ਜਾਵੇ ਅਤੇ ਉਹ ਇਸਨੂੰ ਸਾਬਤ ਵੀ ਕਰੇ। ਸਮਝ ਲੱਗੀ?ਜੇ ਕੋਈ ਨਬੀ ਉੱਠਦਾ ਹੈ ਅਤੇ ਤੁਹਾਨੂੰ ਦੱਸਦਾ ਹੈ ਕਿ ਇਹ ਤਾਂ ਉਹ ਹੈ ਅਤੇ ਖੁਦਾ ਉਸਨੂੰ ਪ੍ਰਮਾਣਿਤ ਨਹੀਂ ਕਰਦਾ ਹੈ, ਤਾਂ ਤੁਸੀਂ ਇਸਨੂੰ ਭੁੱਲ ਜਾਓ। ਸਮਝੇ? ਪ੍ਰੰਤੂ ਪ੍ਰਮੇਸ਼ੁਰ ਨੇ ਤਾਂ ਹਰ ਇੱਕ ਗੱਲ ਨੂੰ, ਹਰ ਇੱਕ ਬਿਆਨ ਨੂੰ ਸਾਬਤ ਕਰਨਾ ਹੈ ਤਾਂ ਕਿ ਉਹ ਉਸਨੂੰ ਠੀਕ ਦੱਸੇ। ਸਮਝੇ?ਇਸ ਲਈ ਉਸਦੇ ਬੱਚੇ ਇਹਨਾਂ ਗੱਲਾਂ ਨੂੰ ਵੇਖਣਗੇ ਅਤੇ ਸੁਚੇਤ ਹੋ ਜਾਣਗੇ, ਧਿਆਨ ਦਿਓ।



266 ਮੋਹਰਾਂ ਨੂੰ ਤੋੜਿਆ ਗਿਆ ( ਕਿਉਂ?) ਆਖਰੀ ਕਲੀਸਿਯਾ ਦੇ ਯੁੱਗ ਵਿੱਚ, ਇਹਨਾਂ ਸੱਚਾਈਆਂ ਨੂੰ ਪ੍ਰਗਟ ਕਰਨ ਦੇ ਲਈ । ਕਿਉਂ ? ਲੇਲੇ ਨੇ ਮੋਹਰਾਂ ਨੂੰ ਤੋੜਿਆ ਅਤੇ ਉਹਨਾਂ ਨੂੰ ਆਪਣੀ ਕਲੀਸਿਯਾ ਤੇ ਪ੍ਰਗਟ ਕੀਤਾ ਤਾਂ ਕਿ ਆਪਣੇ ਰਾਜ ਦੇ ਲਈ ਆਪਣੀ ਪਰਜਾ ਨੂੰ ਇੱਕਠਾ ਕਰੇ । ਆਪਣੀ ਦੁਲਹਨ ਨੂੰ, ਸਮਝੇ । ਓਹ, ਮੇਰੇ ਪ੍ਰਭੂ ! ਹੁਣ ਉਹ ਆਪਣੀ ਪਰਜਾ ਨੂੰ ਆਪਣੇ ਕੋਲ ਲਿਆਉਣਾ ਚਾਹੁੰਦਾ ਹੈ ।

267 ਇਹ ਕੀ ਹੈ ? ਧਰਤੀ ਦੀ ਮਿੱਟੀ ਵਿੱਚੋਂ, ਸਮੁੰਦਰ ਦੀ ਤਹਿ ਵਿੱਚੋਂ, ਖੱਡਿਆਂ ਵਿੱਚੋਂ, ਹਰ ਜਗ੍ਹਾ ਤੋਂ, ਹਰ ਥਾਂ ਤੋਂ, ਹਨੇਰੇ ਦੇ ਇਲਾਕਿਆਂ ਵਿੱਚੋਂ, ਫਿਰਦੋਸ ਵਿੱਚੋਂ, ਉਹ ਜਿੱਥੇ ਕਿਤੇ ਵੀ ਹੋਣ, ਉਹ ਪੁਕਾਰੇਗਾ, ਅਤੇ ਉਹ ਜਵਾਬ ਦੇਣਗੇ । ਆਮੀਨ ![ਸੰਗਤ, " ਆਮੀਨ ", ਆਖਦੀ ਹੈ -ਸੰਪਾ] ਉਹ ਉਹਨਾਂ ਨੂੰ ਬੁਲਾਏਗਾ ਅਤੇ ਉਹ ਉੱਤਰ ਦੇਣਗੇ ।

268 ਉਹ ਆਪਣੀ ਪਰਜਾ ਨੂੰ ਲੈਣ ਆਉਂਦਾ ਹੈ । ਉਸਨੇ ਆਪਣੇ ਭੇਤ ਪ੍ਰਗਟ ਕਰ ਦਿੱਤੇ ਹਨ, ਅਤੇ ਉਹ ਇਹਨਾਂ ਨੂੰ ਵੇਖਦੇ ਹਨ । ਅਤੇ ਉਸ ਸਮੇਂ, " ਸਮਾਂ ਹੋਰ ਨਹੀਂ । " " ਸਮਾਂ ਬੀਤ ਚੁੱਕਿਆ ਹੈ । " ਇਹ ਪੂਰਾ ਹੋ ਚੁੱਕਿਆ ਹੈ । ਇਹ ਸੱਚ ਹੈ ।

269 ਉਹ ਸਿੰਘਾਸਣ ਕੋਹੇ ਹੋਏ ਲੇਲੇ ਤੋਂ, ਇੱਕ ਵਿਚੋਲੇ ਤੋਂ ਬਬਰ ਸ਼ੇਰ ਬਣਨ ਲਈ, ਰਾਜਾ ਬਣਨ ਲਈ ਛੱਡਦਾ ਹੈ ; ਤਾਂ ਕਿ ਜਿਹਨਾਂ ਨੇ ਉਸਦਾ ਸੰਦੇਸ਼ ਰੱਦਿਆ ਸੀ, ਜਗਤ ਨੂੰ ਨਿਆਂ ਵਿੱਚ ਲਿਆਵੇ । ਉਹ ਹੁਣ ਵਿਚੋਲਾ ਨਹੀਂ ਹੈ ।

270 ਹੁਣ ਜਦ ਕਿ ਅਸੀਂ ਜਲਦੀ ਵਿੱਚ ਹਾਂ ਪੁਰਾਣੇ ਨੇਮ ਦੀ ਸਿੱਖਿਆ ਨੂੰ ਯਾਦ ਰੱਖੋ । ਜਿਉਂ ਹੀ ਦਯਾ ਦੇ ਸਿੰਘਾਸਣ ਤੋਂ ਲਹੂ ਜਾਂਦਾ ਰਹਿੰਦਾ, ਤਾਂ ਇਹ ਕੀ ਸੀ ? ਨਿਆਂ ਦੀ ਗੱਦੀ ।

271 ਜਦ ਕੋਹਿਆ ਹੋਇਆ ਲੇਲਾ ਅਨੰਤਤਾ ਵਿੱਚੋਂ ਨਿੱਕਲ ਕੇ ਬਾਹਰ ਆਇਆ, ਤਾਂ ਉਹ ਆਪਣੇ ਅਧਿਕਾਰਾਂ ਨੂੰ ਲੈ ਲੈਂਦਾ ਹੈ, ਇਹ ਨਿਆਂ ਦਾ ਸਿੰਘਾਸਣ ਬਣ ਜਾਂਦਾ ਹੈ । ਤਦ ਉਹ ਲੇਲਾ ਨਹੀਂ, ਪਰ ਬਬਰ ਸ਼ੇਰ ਬਣ ਗਿਆ, ਰਾਜਾ ਬਣ ਗਿਆ ; ਅਤੇ ਆਪਣੀ ਰਾਣੀ ਨੂੰ ਆਪਣੇ ਕੋਲ ਖੜਾ ਹੋਣ ਲਈ ਬੁਲਾਉਂਦਾ ਹੈ ।

272 "ਕੀ ਤੁਸੀਂ ਨਹੀਂ ਜਾਣਦੇ ਕਿ ਸੰਤ ਲੋਕ ਧਰਤੀ ਦਾ ਨਿਆਂ ਕਰਨਗੇ ?" ਦਾਨੀਏਲ ਨੇ ਆਖਿਆ, " ਸਿੰਘਾਸਣ ਰੱਖੇ ਗਏ, ਪੋਥੀਆਂ ਖੁੱਲ੍ਹੀਆਂ ਹੋਈਆਂ ਸਨ ; ਅਤੇ ਹਜ਼ਾਰਾਂ ਹੀ ਹਜ਼ਾਰ ਉਹਦੀ ਟਹਿਲ ਕਰਦੇ ਸਨ ", ਰਾਜੇ ਅਤੇ ਰਾਣੀ ਦੀ । " ਅਤੇ ਤਦ ਇੱਕ ਹੋਰ ਪੋਥੀ ਖੋਲ੍ਹੀ ਗਈ, ਜੋ ਕਿ ਜੀਉਣ ਦੀ ਪੋਥੀ ਸੀ ", ਇਹ ਕਲੀਸਿਯਾ ਦੇ ਲਈ ਹੈ । ਅਤੇ ਰਾਜਾ ਅਤੇ ਰਾਣੀ ਉੱਥੇ ਖੜੇ ਸਨ ।

273 ਜਿਵੇਂ ਕਿ ਗਵਾਲਾ ਆਪਣੇ ਧਿਆਨ ਵਿੱਚ ਕਹਿੰਦਾ ਹੈ :

ਪਿਛਲੀ ਰਾਤ ਜਿਵੇਂ ਮੈਂ ਘਾਹ ਦੇ ਮੈਦਾਨ ਵਿੱਚ ਲੇਟਿਆ ਸੀ,
ਮੈਂ ਅਕਾਸ਼ ਦੇ ਤਾਰਿਆਂ ਦੀ ਵੱਲ ਤੱਕਿਆ,
ਅਤੇ ਮੈਂ ਹੈਰਾਨ ਹੋਇਆ ਕਿ ਕਦੇ ਕੋਈ
ਗਵਾਲਾ ਵੀ ਉਸ ਮਧੁਰ ਅਵਸਥਾ ਵਿੱਚ ਜਾ ਸੱਕਦਾ ਹੈ ।

ਖੜੇ ਸਨ, ਯਾਦ ਹੈ, ਉਸ *ਆਵਾਜ* ਵਿੱਚ ਉਹਨਾਂ ਨੂੰ ਉਹ ਸੰਦੇਸ਼ ਦਿੱਤਾ ਗਿਆ ਸੀ ............ ਠੀਕ ਹੈ, ਇਸ ਲਿਖਾਰੀ ਦੇ ਨਾਲ ਕੀ ਗੱਲ ਹੈ ਜੋ ਆਖਦਾ ਹੈ, " ਪਵਿੱਤਰ ਪਿਤਾ *ਫਲਾਣਾ ਅਤੇ ਫਲਾਣਾ* ?" ਜਦਕਿ ਬਾਈਬਲ ਨੇ ਆਖਿਆ ਹੈ, " ਧਰਤੀ ਤੇ ਕਿਸੇ ਨੂੰ ਆਪਣਾ 'ਪਿਤਾ ' ਜਾਂ ਇਸ ਤਰ੍ਹਾਂ ਕੁਝ ਨਹੀਂ ਕਹਿਣਾ । " ਵੇਖਿਆ, ਉਹ ਉਹਨਾਂ ਦੇ ਨਾਲ ਸੌਂ ਰਹੇ ਹਨ, ਇਹ ਹੀ ਕਾਰਨ ਹੈ ਕਿ ਉਹ ਇਹ ਸੱਭ ਕਹਿੰਦੇ ਹਨ, ਪ੍ਰੰਤੂ ਜਦੋਂ ਉਹ ਅੱਗੇ ਆਉਂਦੇ ਹਨ ਤੇ ਕਹਿੰਦੇ ਹਨ, " ਜੀ ਹਾਂ, ਅਸੀਂ ਵਿਸ਼ਵਾਸ਼ ਕਰਦੇ ਹਾਂ । "

260 ਥੋੜੀ ਦੇਰ ਹੋਈ ਇੱਕ ਇਸਤ੍ਰੀ ਨੇ ਦੂਜੀ ਨੂੰ ਸੱਦਿਆ ਅਤੇ ਆਖਿਆ, " ਤੁਸੀਂ ਜਾਣਦੇ ਹੋ ਕਿ ਮੈਂ ਐਪੀਸਕੋਪੈਲੀਅਨ ਹਾਂ । " " ਕਹਿਣ ਲੱਗੀ, ਮੈਂ ਕਿਸੇ ਦਿਨ ਗੈਰ ਜੁਬਾਨਾਂ ਬੋਲੀਆਂ ਸਨ। ਮੈਂ ਵਿਸ਼ਵਾਸ਼ ਕਰਦੀ ਹਾਂ ਕਿ ਮੈਂ ਪਵਿੱਤਰ ਆਤਮਾ ਪਾਇਆ ਹੈ, ਪਰ, ਸ਼ੀ- ਕਿਸੇ ਨੂੰ ਨਾ ਦੱਸੀਂ। ਮੈਂ ਉਸਦਾ ਪੂਰੀ ਤਰ੍ਹਾਂ ਸ਼ੱਕ ਕਰਦਾ ਹਾਂ । ਤੁਸੀਂ ਗੈਰ ਜੁਬਾਨਾਂ ਬੋਲੀਆਂ ਹੋਣਗੀਆਂ । ਪ੍ਰੰਤੂ ਕੀ ਅਜਿਹਾ ਹੋ ਸੱਕਦਾ ਹੈ ਕਿ ਤੁਸੀਂ ਕਿਸੇ ਆਦਮੀ ਨੂੰ ਅੱਗ ਤੇ ਬਿਠਾ ਦਿਓ ਅਰ ਉਹ ਸ਼ੋਰ ਨਾ ਮਚਾਵੇ? ਵੇਖਿਆ ? ਸਮਝੇ ? ਉਹ ਸ਼ਾਂਤ ਨਹੀਂ ਬੈਠ ਸੱਕਦਾ ।

261 ਕੀ ਤੁਸੀਂ ਅੰਦਾਜਾ ਲਗਾ ਸੱਕਦੇ ਹੋ ਕਿ ਜਦ ਪਤਰਸ, ਯਕੂਬ ਅਤੇ ਯੂੰਹਨਾ ਉਹ ਉੱਪਰ ਕੋਠੇ ਵਿੱਚ ਬੈਠੇ ਹੋਏ ਸਨ, ਤਾਂ ਉਹ ਇਹ ਕਹਿ ਰਹੇ ਸਨ, " ਔਹ, ਹੁਣ ਸਾਨੂੰ ਪਵਿੱਤਰ ਆਤਮਾ ਮਿਲ ਗਿਆ ਹੈ, ਪਰ ਸ਼ਾਇਦ ਸਾਨੂੰ ਸ਼ਾਂਤ ਰਹਿਣਾ ਚਾਹੀਦਾ ਹੈ ?" ਭਾਈ ਜੀ ਉਹ ਤਾਂ ਉੱਥੋਂ ਖਿੜਕੀਆਂ ਰਾਹੀਂ, ਬੂਹਿਆਂ ਥਾਣੀਂ, ਅਤੇ ਹਰੇਕ ਚੀਜ਼ ਥਾਣੀ ਗਲੀਆਂ ਵਿੱਚ ਚਲੇ ਗਏ, ਅਤੇ ਇਸ ਤਰ੍ਹਾਂ ਕਰ ਰਹੇ ਸਨ ਜਿਵੇਂ ਸ਼ਰਾਬੀ ਕਰਦੇ ਹਨ । ਇਹ ਅਸਲੀ ਪਵਿੱਤਰ ਆਤਮਾ ਸੀ ।

262 ਪ੍ਰੰਤੂ ਤੁਸੀਂ ਵੇਖਦੇ ਹੋ ਕਿ ਮੂਰਖ ਕੁਆਰੀਆਂ ਤਾਂ ਕੁਝ ਵੀ ਕਬੂਲ ਨਹੀਂ ਕਰ ਰਹੀਆਂ ਹਨ । ਜੀ ਹਾਂ । ਇਹ ਸੱਚ ਹੈ । ਅਤੇ ਯਾਦ ਰਹੇ, ਜਦ ਉਹ ਮੁੱਲ ਲੈਣ ਦੇ ਯਤਨ ਵਿੱਚ ਗਈਆਂ, ਤਾਂ ਵਚਨ ਇਸ ਤਰ੍ਹਾਂ ਨਹੀਂ ਕਹਿੰਦਾ ਕਿ ਉਹਨਾਂ ਨੂੰ ਮਿਲ ਗਿਆ ।

263 ਪਰ ਜਦ ਉਹ ਬਾਹਰ ਮੁੱਲ ਖਰੀਦਣ ਦਾ ਯਤਨ ਕਰ ਰਹੀਆਂ ਸਨ, ਤਾਂ ਇੱਕ ਅਵਾਜ਼ ਆਈ । ਕੀ ਹੋਇਆ ? ਉਹ ਸੱਭ ਕੁਆਰੀਆਂ ਜੋ ਸੌਂ ਗਈਆਂ ਸਨ, ਉਹ ਜਾਗ ਗਈਆਂ ਅਤੇ ਆਪਣੀਆਂ ਮਸ਼ਾਲਾਂ ਨੂੰ ਸਾਫ ਕੀਤਾ, " ਅਤੇ ਉਸ ਭੋਜ ਲਈ ਅੰਦਰ ਚਲੀਆਂ ਗਈਆਂ । " ਕੀ ਇਹ ਠੀਕ ਹੈ ? [ ਸਭਾ ਆਖਦੀ ਹੈ, " ਆਮੀਨ "-ਸੰਪਾ]

264 ਅਤੇ ਬਾਕੀ ਦੀਆਂ ਸੱਭ ਕਸ਼ਟ ਕਾਲ ਦੇ ਸਮੇਂ ਲਈ ਰਹਿ ਜਾਂਦੀਆਂ ਹਨ, ਠੀਕ ਹੈ, " ਅਰ ਤਦ ਰੋਣਾ, ਕੁਰਲਾਉਣਾ ਅਤੇ ਦੰਦਾਂ ਦਾ ਪੀਸਣਾ ਹੋਵੇਗਾ । " ਇਹ ਤਾਂ ਕਲੀਸਿਯਾ ਹੈ, ਲਾੜੀ ਨਹੀਂ ਹੈ ; ਇਹ ਗਿਰਜੇ ਹਨ ।

265 ਦੁਲਹਨ ਅੰਦਰ ਚਲੀ ਗਈ । ਇਹ ਹੀ ਦੁਲਹਨ ਅਤੇ ਕਲੀਸਿਯਾ ਵਿੱਚ ਮੁੱਖ ਅੰਤਰ ਹੈ। ਜੀ ਹਾਂ, ਸ਼੍ਰੀ ਮਾਨ !ਅਹ, ਹਾਹ । ਔਹ, ਮੁੰਡਿਓ, ਧਿਆਨ ਦਿਓ ! ਉਹ ਤਾਂ ਪਹਿਲਾਂ ਹੀ ਵਿਆਹ ਦੇ ਭੋਜ ਵਿੱਚ ਜਾ ਚੁੱਕੀ ਹੈ । [ਭਾਈ ਬ੍ਰਾਨਹਾਮ ਇੱਕ ਵਾਰ ਤਾੜੀ ਮਾਰਦੇ ਹਨ - ਸੰਪਾ ]



49 ਪੋਥੀ ਉੱਤੇ ਸੱਤ ਮੋਹਰਾਂ, ਇਹ ਹੈ ...... ਇਹਨਾਂ ਸੱਤਾਂ ਮੋਹਰਾਂ ਨੇ ਪੋਥੀ ਨੂੰ ਬੰਦ ਕੀਤਾ ਹੋਇਆ ਹੈ। ਸਮਝੇ?ਪੋਥੀ ਪੂਰੀ ਤਰ੍ਹਾਂ ਦੇ ਨਾਲ ਮੋਹਰਬੰਦ ਹੈ। ਕੀ ਤੁਸੀਂ ਇਸਨੂੰ ਸਮਝਦੇ ਹੋ? [ਸੰਗਤ ਆਖਦੀ ਹੈ, "ਆਮੀਨ"-ਸੰਪ]ਇਹ ਪੁਸਤਕ ਤਦ ਤੱਕ ਪੂਰੀ ਤਰ੍ਹਾਂ ਨਾਲ ਬੰਦ ਹੈ ਜਦ ਤੱਕ ਸੱਤ ਮੋਹਰਾਂ ਤੋੜੀਆਂ ਨਹੀਂ ਜਾਂਦੀਆਂ ਹਨ। ਇਹ ਪੋਥੀ ਸੱਤਾਂ ਮੋਹਰਾਂ ਨਾਲ ਬੰਦ ਹੈ। ਹੁਣ ਇਹ ਤਾਂ ਸੱਤਾਂ ਗਰਜ਼ਾਂ ਤੋਂ ਵੱਖਰੀਆਂ ਹਨ। ਸਮਝੇ? ਇਹ ਤਾਂ ਪੋਥੀ ਉੱਤੇ ਮੋਹਰਾਂ ਹਨ। ਅਤੇ ਇਹ ਪੋਥੀ, ਮੋਹਰਾਂ ਤੱਦ ਤੱਕ ਨਹੀਂ ਖੁੱਲਣਗੀਆਂ ਜਦ ਤੱਕ ਸੱਤਵੇਂ ਦੂਤ ਦਾ ਸੰਦੇਸ਼ ਨਹੀਂ ਪ੍ਰਚਾਰਿਆ ਜਾਂਦਾ। ਵੇਖਿਆ? ਇਸੇ ਲਈ ਅਸੀਂ ਅੰਦਾਜ਼ਾਂ ਹੀ ਲਗਾ ਰਹੇ ਹਾਂ ; ਪ੍ਰੰਤੂ ਖੁਦਾ ਦਾ ਅਸਲੀ ਪ੍ਰਕਾਸ਼ ਉਸਦੇ ਅਵਾਜ਼ ਦੇਣ ਦੇ ਸਮੇਂ ਵਿੱਚ ਪੂਰੀ ਤਰ੍ਹਾਂ ਨਾਲ ਪ੍ਰਗਟ ਕੀਤਾ ਜਾਵੇਗਾ, ਇਹ ਇੱਕ ਪ੍ਰਮਿਣਤ ਸੱਚਾਈ ਹੈ। ਹੁਣ, ਇਹ ਬਿਲਕੁੱਲ ਵਚਨ ਦੇ ਮੁਤਾਬਿਕ ਹੈ, " ਉਸ ਸਮੇਂ ਸਾਰੇ ਭੇਤ ਸੰਪੂਰਨ ਹੋ ਜਾਣਗੇ। "

50 ਯਾਦ ਰੱਖੋ, ਅਤੇ ਇਹ ਸੱਤਾਂ ਮੋਹਰਾਂ ਦੀ ਕਿਤਾਬ ਪ੍ਰਕਾਸ਼ ਦੀ ਪੋਥੀ ਦੇ ਪੰਜਵੇਂ ਬਾਬ ਵਿੱਚ ਬੰਦ ਹੈ ਅਤੇ ਪ੍ਰਕਾਸ਼ ਦੀ ਪੋਥੀ ਦੇ ਦੱਸਵੇਂ ਬਾਬ ਵਿੱਚ ਇਹ ਖੁੱਲ੍ਹੀ ਹੋਈ ਹੈ।

51 ਅਤੇ ਹੁਣ ਅਸੀਂ ਇਹ ਵੇਖਣ ਜਾ ਰਹੇ ਹਾਂ ਕਿ ਇਹ ਪੋਥੀ ਇਸ ਬਾਰੇ ਵਿੱਚ ਕੀ ਕਹਿੰਦੀ ਹੈ ਕਿ ਇਹ ਪੋਥੀ ਕਿਸ ਤਰ੍ਹਾਂ ਖੋਲ੍ਹੀ ਜਾਂਦੀ ਹੈ। ਅਤੇ ਇਸਦਾ ਉਸ ਵਕਤ ਤੱਕ ਪਤਾ ਨਹੀਂ ਲੱਗਦਾ ਹੈ ਜਦ ਤੱਕ ਕਿ ਲੇਲਾ ਇਸ ਪੋਥੀ ਨੂੰ ਲੈ ਕੇ ਇਸ ਦੀਆਂ ਮੋਹਰਾਂ ਨੂੰ ਨਹੀਂ ਤੋੜਦਾ ਹੈ, ਅਤੇ ਇਸ ਪੋਥੀ ਨੂੰ ਨਹੀਂ ਖੋਲ੍ਹਦਾ ਹੈ। ਸਮਝੇ? ਲੇਲੇ ਨੇ ਉਸ ਪੋਥੀ ਨੂੰ ਲੈਣਾ ਹੀ ਹੈ।

52 ਇਹ ਗੁਪਤ ਹੈ। ਹੁਣ ਯਾਦ ਰੱਖੋ, " ਨਾ ਸਵਰਗ ਵਿੱਚ ਕੋਈ ਅਜਿਹਾ ਮਨੁੱਖ ਹੈ, ਨਾ ਕੋਈ ਧਰਤੀ ਉੱਤੇ ਅਜਿਹਾ ਮਨੁੱਖ ਹੈ," ਨਾ ਪੋਪ, ਬਿਸ਼ਪ, ਕਾਰਡੀਨਲ, ਨਾ ਮੁੱਖ ਪਾਦਰੀ ਜਾਂ ਉਹ ਜੋ ਕੋਈ ਵੀ ਹੈ, " ਉਹਨਾਂ ਮੋਹਰਾਂ ਨੂੰ ਖੋਲ ਜਾਂ ਉਸ ਪੋਥੀ ਨੂੰ ਪ੍ਰਗਟ ਨਹੀਂ ਕਰ ਸੱਕਦਾ, ਪ੍ਰੰਤੂ ਸਿਰਫ ਲੇਲਾ ਹੀ ਅਜਿਹਾ ਕਰ ਸੱਕਦਾ ਹੈ। " ਅਤੇ ਅਸੀਂ ਪ੍ਰੀਖਣ ਕੀਤੇ ਹਨ, ਅਸਾਂ ਅੰਦਾਜੇ ਲਗਾਏ ਹਨ,ਅਤੇ ਠੋਕਰਾਂ ਖਾਧੀਆਂ ਹਨ ਅਤੇ ਹੈਰਾਨ ਹੋਏ ਹਾਂ, ਅਤੇ ਇਹ ਹੀ ਕਾਰਣ ਹੈ ਕਿ ਅਸੀਂ ਸੱਭੇ ਇਸ ਗੜਬੜੀ ਵਿੱਚ ਹਾਂ।

53 ਪ੍ਰੰਤੂ ਉਸ ਰੱਬੀ ਵਾਅਦੇ ਦੇ ਅਨੁਸਾਰ ਇਹਨਾਂ ਅੰਤ ਦੇ ਦਿਨਾਂ ਵਿੱਚ ਜਿਹਨਾਂ ਵਿੱਚ ਅਸੀਂ ਰਹਿ ਰਹੇ ਹਾਂ ਛੁਟਕਾਰੇ ਦੀ ਇਹ ਪੋਥੀ ਲੇਲੇ ਰਾਹੀਂ ਖੋਲੀ ਜਾਵੇਗੀ, ਅਤੇ ਮੋਹਰਾਂ ਨੂੰ ਖੋਲ੍ਹਿਆ ਜਾਵੇਗਾ। ਅਤੇ ਇਸ ਪੋਥੀ ਦੀਆਂ ਗੱਲਾਂ ਨੂੰ ਉਸ ਵਕਤ ਤੱਕ ਪ੍ਰਗਟ ਨਹੀਂ ਕੀਤਾ ਜਾਂਦਾ ਹੈ ਜਦ ਤੱਕ ਕਿ ਲੇਲਾ ਪੋਥੀ ਨਹੀਂ ਲੈ ਲੈਂਦਾ ਹੈ ਅਤੇ ਮੋਹਰਾਂ ਨੂੰ ਤੋੜ ਨਹੀਂ ਦਿੰਦਾ ਹੈ। ਕਿਉਂਕਿ,ਯਾਦ ਕਰੋ, ਪੋਥੀ ਉਸਦੇ ਹੱਥ ਵਿੱਚ ਸੀ ਜੋ ਕਿ ਸਿੰਘਾਸਣ 'ਤੇ ਬਿਰਾਜਮਾਨ ਸੀ। " ਅਤੇ ਲੇਲੇ ਨੇ ਆ ਕੇ ਉਸਦੇ ਸੱਜੇ ਹੱਥ ਵਿੱਚੋਂ ਜੋ ਸਿੰਘਾਸਣ ਉੱਤੇ ਬਿਰਾਜਮਾਨ ਸੀ, ਉਹ ਪੋਥੀ ਲੈ ਲਈ। " ਉਹ ਉਸ ਕੋਲੋਂ ਉਹ ਪੋਥੀ ਲੈ ਲੈਂਦਾ ਹੈ! ਔਹ, ਇਹ ਬਹੁਤ ਹੀ ਡੂੰਘੀ ਗੱਲ ਹੈ। ਪਵਿੱਤਰ ਆਤਮਾ ਦੀ ਮੱਦਦ ਨਾਲ ਜੇ ਅਸੀਂ ਇਸਨੂੰ ਸਮਝ ਸਕੇ ਤਾਂ ਅਸੀਂ ਇਸਨੂੰ ਸਮਝਾਂਗੇ। ਹੁਣ ਅਸੀਂ ਉਸੇ 'ਤੇ ਹੀ ਨਿਰਭਰ ਹਾਂ। ਅਤੇ ਅਸੀਂ ਬਾਦ ਵਿੱਚ ਵੇਖਾਂਗੇ ਕਿ ਇਹ ਅੰਤ ਦੇ ਸਮੇਂ ਵਿੱਚ ਤਦ ਹੁੰਦਾ ਹੈ, "ਜਦ ਸਮਾਂ ਹੋਰ ਨਹੀਂ ਰਹਿੰਦਾ ਹੈ। "

54 ਕਿਸੇ ਵੀ ਜੱਥੇਬੰਦੀ ਨੂੰ ਇਸ ਪੋਥੀ ਦੀ ਵਿਆਖਿਆ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਇਸ ਦਾ ਅਰਥ ਦੱਸਣ ਦਾ ਕਿਸੇ ਵੀ ਮਨੁੱਖ ਨੂੰ ਕੋਈ ਹੱਕ ਨਹੀਂ ਹੈ। ਇਹ ਤਾਂ ਲੇਲਾ ਹੀ ਹੈ ਜੋ ਉਸਦਾ ਅਰਥ ਦੱਸਦਾ ਹੈ ਜਾਂ ਉਸਦੀ ਵਿਆਖਿਆ ਕਰਦਾ ਹੈ। ਅਤੇ ਸਿਰਫ ਲੇਲਾ ਹੀ ਇੱਕ ਅਜਿਹਾ ਹੈ ਜੋ ਇਸਦੇ ਬਾਰੇ ਵਿੱਚ ਬੋਲਦਾ ਹੈ ਅਤੇ ਵਚਨ ਨੂੰ ਪ੍ਰਮਾਣਿਤ ਕਰਨ ਅਤੇ ਵਚਨ ਨੂੰ ਜੀਉਂਦਾ ਬਣਾਉਣ ਦੇ ਜਰੀਏ ਵਚਨ ਦੀ ਪਛਾਣ ਕਰਾਉਂਦਾ ਹੈ। ਸਮਝੇ?ਬਿਲਕੁੱਲ! ਧਿਆਨ ਦਿਓ। ਅਤੇ ਪ੍ਰਗਟ ਨਹੀਂ ਹੁੰਦੀ ਹੈ ਜਦ ਤੱਕ .........

55 ਇਹ ਪੋਥੀ ਤਦ ਤੱਕ ਪ੍ਰਗਟ ਨਹੀਂ ਹੁੰਦੀ ਹੈ ਜਦ ਤੱਕ ਕਿ ਕਲੀਸਿਯਾਈ ਯੁੱਗਾਂ ਅਤੇ ਮਿਸ਼ਨਾਂ ਦਾ ਯੁੱਗ ਖਤਮ ਨਹੀਂ ਹੋ ਜਾਂਦਾ ਹੈ, " ਅਤੇ ਜਦ ਸਮਾਂ ਹੋਰ ਨਹੀਂ ਰਹਿੰਦਾ ਹੈ। " ਕੀ ਤੁਸੀਂ ਇਸਨੂੰ ਸਮਝੇ? ਇਹ ਉਸ ਸਮੇਂ ਹੀ ਖੁੱਲ੍ਹਦੀ ਹੈ ਜਦ ਕਲੀਸਿਯਾ ਦੇ ਯੁੱਗਾਂ ਅਤੇ ਜੱਥੇਬੰਦੀਆਂ ਦੇ ਯੁੱਗਾਂ ਦਾ ਸਮਾਂ ਸਮਾਪਤ ਹੋ ਜਾਂਦਾ ਹੈ।

56 ਇਹੋ ਹੀ ਕਾਰਨ ਹੈ ਕਿ ਅੱਜ ਰਾਤ ਇਹ ਗੱਲ ਇੰਨੀ ਉਲਝੀ ਹੋਈ ਹੈ। ਵੇਖੋ, ਉਹ ਇੱਕ ਛੋਟੀ ਜਿਹੀ ਤਲੀਮ ਨੂੰ ਫੜ ਲੈਂਦੇ ਹਨ,ਅਤੇ ਕਿਸੇ ਇੱਕ ਪਾਸੇ ਚਲੇ ਜਾਂਦੇ ਹਨ,ਆਖਦੇ ਹਨ, "ਇਹ ਉਹ ਹੈ !" ਕੋਈ ਦੂਸਰਾ ਕਿਸੇ ਹੋਰ ਤਲੀਮ ਨੂੰ ਅਪਨਾ ਲੈਂਦਾ ਹੈ ਤੇ ਉਹ ਉਸ ਪਾਸੇ ਨੂੰ ਭੱਜ ਜਾਂਦਾ ਹੈ। ਅਤੇ ਕਹਿੰਦਾ ਹੈ ਕਿ !"ਇਹ ਉਹ ਹੈ!"ਅਤੇ ਹਰੇਕ ਇਸ ਦੇ ਅਧੀਨ ਇੱਕ ਮਿਸ਼ਨ ਖੜੀ ਕਰ ਲੈਂਦਾ ਹੈ, ਜਦ ਤੱਕ ਕਿ ਸਾਡੇ ਕੋਲ ਸੈਂਕੜੇ ਮਿਸ਼ਨਾਂ ਨਹੀਂ ਹੋ ਜਾਂਦੀਆਂ ਹਨ। ਪ੍ਰੰਤੂ ਫਿਰ ਵੀ ਇਸ ਸਭ ਦੇ ਅੰਦਰ ਗੜਬੜ ਵੇਖ ਕੇ ਲੋਕ ਹੈਰਾਨ ਹੁੰਦੇ ਹਨ ਕਿ " ਸੱਚਾਈ ਕੀ ਹੈ?"ਕੀ ਅੱਜ ਇਹੋ ਹੀ ਹਾਲਤ ਨਹੀਂ ਹੈ !

57 ਪ੍ਰੰਤੂ ਫਿਰ ਪ੍ਰਮੇਸ਼ੁਰ ਨੇ ਵਾਅਦਾ ਕੀਤਾ ਹੈ, ਕਿ, ਜਦ ਉਹ ਸਮਾਂ ਪੂਰਾ ਹੋ ਜਾਵੇਗਾ, ਤਦ ਸੱਤਵੇਂ ਦੂਤ ਦੀ ਅਵਾਜ਼ ਹੋਵੇਗੀ, ਤਦ ਪੋਥੀ ਪ੍ਰਗਟ ਕੀਤੀ ਜਾਵੇਗੀ, ਵੇਖੋ, ਉਸ ਸਮੇਂ। "

58 ਹੁਣ, ਕਿਸੇ ਨੂੰ ਵੀ ਇਹ ਨਾ ਕਹੋ, "ਉਹ ਲੋਕ ਜੋ ਪਿੱਛੇ ਹੋਏ ਸਨ ਨਹੀਂ ਬਚੇ ਸਨ।"

59 ਪ੍ਰੰਤੂ ਇਹ ਤਾਂ ਭੇਤ ਸਨ ਜਿਨ੍ਹਾਂ ਨੂੰ ਉਹ ਨਹੀਂ ਸਮਝ ਸਕੇ ਸਨ। ਕਿਵੇਂ ਉਹ ਖੁਦਾ ਤਿੰਨ ਹੋ ਸੱਕਦਾ ਹੈ, ਅਤੇ ਫਿਰ ਵੀ ਇੱਕ ਹੈ ! ਕਿਵੇਂ ਵਚਨ ਆਖ ਸੱਕਦਾ ਹੈ, "ਪਿਤਾ, ਪੁੱਤਰ, ਪਵਿੱਤਰ ਆਤਮਾ ਦੇ ਨਾਮ ਵਿੱਚ ਬਪਤਿਸਮਾ ਦਿਓ," ਅਤੇ ਫਿਰ ਬਾਦ ਵਿੱਚ ਕਹਿੰਦਾ ਹੈ "ਯਿਸੂ ਦੇ ਨਾਮ ਵਿੱਚ ਬਪਤਿਸਮਾ ਦਿਓ। "ਵੇਖਿਆ? ਔਹ, ਬਹੁਤ ਸਾਰੀਆਂ ਗੱਲਾਂ ਹਨ। ਕਿਵੇਂ ਹਵਾ ਸੇਬ ਖਾ ਸੱਕਦੀ ਹੈ ਅਤੇ ਸੰਪੂਰਨ ਦੁਨੀਆਂ ਲਈ ਨਾਸ਼ ਲਿਆ ਸੱਕਦੀ ਹੈ? ਇਹ ਗੱਲਾਂ ਕਿਵੇਂ ਹੋ ਸੱਕਦੀਆਂ ਹਨ? ਪਰ ਉਹਨਾਂ ਭੇਤਾਂ ਦਾ ਅੰਤ ਦੇ ਦਿਨਾਂ ਵਿੱਚ ਖੁੱਲਣ ਦਾ ਵਾਅਦਾ ਕੀਤਾ ਗਿਆ ਹੈ।

60 ਇਹ ਉਹ ਛੋਟੀਆਂ-ਛੋਟੀਆਂ ਖਾਮੀਆਂ ਹਨ ....... ਇਹ ਮਹਾਨ ਯੋਧੇ ਦ੍ਰਿਸ਼ 'ਤੇ ਆਏ, ਜਿਵੇਂ ਕਿ ਇਰੇਨਿਅਸ, ਅਤੇ ਮਾਰਟਿਨ, ਸੰਤ ਮਾਰਟਿਨ, ਅਤੇ ਪੋਲੀਕਾਰਪ, ਅਤੇ ਲੂਥਰ, ਵੈਜ਼ਲੀ ਅਤੇ ਬਾਕੀ ਸਭ। ਸਮਝੇ? ਕਿਵੇਂ ਉਹ ਆਏ ਅਤੇ ਕਾਫੀ ਲੰਬੇ ਸਮੇਂ ਤੱਕ ਰਹੇ - ਕਿ ਪ੍ਰਕਾਸ਼ ਲਿਆਉਣ ਅਤੇ ਉਸਨੂੰ ਚਮਕਾਉਣ,ਪ੍ਰੰਤੂ ਉਹਨਾਂ ਨੇ ਬਹੁਤ ਸਾਰੀਆਂ ਗੱਲਾਂ ਨੂੰ ਹਨੇਰੇ ਵਿੱਚ ਹੀ ਰਹਿਣ ਦਿੱਤਾ ਸੀ। ਅਤੇ ਲੂਥਰ ਦੇ ਯੁੱਗ ਵਾਂਗ ਤਦ ਨਾਲ ਹੀ ਪੈਂਤੀਕਾਸਟਲ ਯੁੱਗ ਆਇਆ, ਅਤੇ



253 ਹੁਣ ਜਦ ਅਸੀਂ ਇਸਨੂੰ ਮੋਹਰਾਂ ਵਿੱਚ ਵੇਖਾਂਗੇ ਤਾਂ ਅਸੀਂ ਉੱਥੇ ਪਿੱਛੇ ਜਾਵਾਂਗੇ, ਅਤੇ ਉਹਨਾਂ ਪ੍ਰਾਣਾਂ ਨੂੰ ਵੇਖਾਂਗੇ ਜਿਹੜੇ ਵੇਦੀ ਦੇ ਥੱਲੇ ਹਨ, ਅਤੇ ਵੱਡੀ ਅਵਾਜ ਨਾਲ ਪੁਕਾਰ ਕੇ ਕਹਿੰਦੇ ਹਨ, " ਪ੍ਰਭੂ ਕਿੰਨਾ ਚਿਰ ਤੱਕ, ਕਿੰਨਾ ਚਿਰ ਤੱਕ ?"

254 ਅਤੇ ਇੱਥੇ ਉਹ ਵੇਦੀ ਤੇ ਇੱਕ ਵਿਚੋਲੇ ਦੇ ਰੂਪ ਵਿੱਚ ਹੈ । ਜੋ ਵੇਦੀ ਦੇ ਥੱਲੇ ਸਨ ਉਹਨਾਂ ਨੂੰ ਕਿਹਾ ਗਿਆ, " ਥੋੜਾ ਚਿਰ ਹੋਰ, ਜਦ ਤੱਕ ਕਿ ਤੁਹਾਡੇ ਵਰਗੇ ਹੋਰ ਤੁਹਾਡੀ ਤਰ੍ਹਾਂ ਦੁੱਖ ਨਹੀਂ ਝੱਲ ਲੈਂਦੇ । "

255 ਪ੍ਰੰਤੂ ਇਸ ਸੱਤਵੀਂ ਮੋਹਰ ਤੇ ਉਹ ਇੱਥੋਂ ਆਉਂਦਾ ਹੈ । ਹੁਣ ਉਹ ਇੱਕ ਵਿਚੋਲਾ ਨਹੀਂ ਹੈ । ਹੁਣ ਉਹ ਇੱਕ ਰਾਜਾ ਹੈ । ਅਤੇ ਉਹ ਕੀ ਕਰਦਾ ਹੈ । ਜੇ ਉਹ ਰਾਜਾ ਹੈ ਤਾਂ ਉਸਦੀ ਪਰਜਾ ਹੋਣੀ ਚਾਹੀਦੀ ਹੈ । ਅਤੇ ਉਸਦੀ ਪਰਜਾ ਉਹ ਹੈ ਜਿਸਨੂੰ ਉਸਨੇ ਛੁਡਾਇਆ ਹੈ ਅਤੇ ਉਹ ਉਸਦੇ ਸਾਹਮਣੇ ਤਦ ਤੱਕ ਨਹੀਂ ਆ ਸੱਕਦੇ ਹਨ ਜਦ ਤੱਕ ਕਿ ਉਹ ਛੁਟਕਾਰੇ ਦੇ ਅਧਿਕਾਰਾਂ ਜਾਂ ਹੱਕਾਂ ਨੂੰ ਨਹੀਂ ਲੈ ਲੈਂਦਾ ਹੈ । ਅਤੇ ਹੁਣ ਉਹ ਵਿਚੋਲਗੀ ਦੀ ਥਾਂਤੋਂ ਨਿੱਕਲ ਕੇ ਆਉਂਦਾ ਹੈ ; ਜਿੱਥੇ ਮੌਤ ਨੇ ਸਾਨੂੰ ਕਬਰ ਵਿੱਚ ਧਰ ਦਿੱਤਾ ਸੀ, ਅਤੇ ਉਹ ਅਧਿਕਾਰਾਂ ਦੇ ਨਾਲ ਆਉਂਦਾ ਹੈ । ਆਮੀਨ।

256 "ਅਤੇ ਅਸੀਂ ਜਿਹੜੇ ਜੀਉਂਦੇ ਹਾਂ ਅਤੇ ਪ੍ਰਭੂ ਦੀ ਆਮਦ ਤੱਕ ਬਚੇ ਰਹਿੰਦੇ ਹਾਂ ਸੁੱਤਿਆਂ ਹੋਇਆਂ ਤੋਂ ਕਦੇ ਅਗੇਤਰੇ ਨਾ ਹੋਵਾਂਗੇ । ਕਿਉਂਕਿ ਪ੍ਰਮੇਸ਼ੁਰ ਦੀ ਤੁਰ੍ਹੀ ਫੂਕੀ ਜਵੇਗੀ, ਉਸ ਆਖਰੀ ਤੁਰ੍ਹੀ ਦੇ ਸਮੇਂ। ਜਦ ਆਖਰੀ ਮੋਹਰ ਤੋੜੀ ਜਾਂਦੀ, ਜਦ ਸੱਤਵਾਂ ਦੂਤ ਆਪਣਾ ਸੰਦੇਸ਼ ਦੇ ਰਿਹਾਂ ਹੁੰਦਾ ਹੈ, ਤਾਂ ਆਖਰੀ ਤੁਰ੍ਹੀ ਫੂਕੀ ਜਾਵੇਗੀ, ਅਤੇ ਜੋ ਮਸੀਹ ਵਿੱਚ ਮਰੇ ਹਨ ਜੀ ਉੱਠਣਗੇ । ਅਤੇ ਅਸੀਂ ਜੋ ਜੀਉਂਦੇ ਹਾਂ ਅਤੇ ਬਾਕੀ ਰਹਿੰਦੇ ਹਾਂ ਉਸਦੇ ਨਾਲ ਉਠਾ ਲਏ ਜਾਵਾਂਗੇ ਤਾਂ ਕਿ ਉਸਨੂੰ ਹਵਾ ਵਿੱਚ ਮੀਲੀਏ। " ਉਹ ਦਾਅਵਾ ਕਰਦਾ ਹੈ । ਉਹ ਆਪਣੀ ਮਲਕੀਅਤ ਦਾ ਦਾਅਵਾ ਕਰਨ ਲਈ ਹੁਣ ਅਗਾਂਹ ਆਇਆ ਹੈ ।

257 ਧਿਆਨ ਦਿਓ ! ਇਹਦੀ ਵੱਲ ਵੇਖੋ । ਮੇਰੇ ਪ੍ਰਭੂ ! ਉਹ ਮੋਹਰਾਂ ਨੂੰ ਤੋੜਦਾ ਹੈ ਅਤੇ ਭੇਤਾਂ ਨੂੰ ਪ੍ਰਗਟ ਕਰਦਾ ਹੈ । ਉਹਨਾਂ ਨੂੰ ਪ੍ਰਗਟ ਕਰਦਾ ਹੈ, (ਕਿਨ੍ਹਾਂ ਤੇ ਪ੍ਰਗਟ ਕਰਦਾ ਹੈ ?)ਆਖਰੀ ਕਲੀਸਿਯਾ ਤੇ ਪ੍ਰਗਟ ਕਰਦਾ ਹੈ, ਇਹ ਹੀ ਉਹ ਕਲੀਸਿਯਾ ਹੈ ਜੋ ਜੀਉਂਦੀ ਹੈ। ਬਾਕੀ ਦੇ ਸੱਭ ਸੌਂ ਰਹੇ ਹਨ ।

258 ਉਸਨੇ ਕਿਹਾ ਸੀ, " ਉਹ ਪਹਿਲੀ ਘੜੀ, ਦੂਸਰੀ ਘੜੀ, ਤੀਸਰੀ ਘੜੀ ਤੇ ਇਸੇ ਤਰ੍ਹਾਂ ਕਰਕੇ ਸੱਤਵੀਂ ਘੜੀ ਵਿੱਚ ਆਉਂਦਾ ਹੈ । " ਸੱਤਵੀਂ ਘੜੀ ਵਿੱਚ ਇਹ ਆਗਿਆ ਨਿੱਕਲੀ ਜਾਂ ਪੁਕਾਰ ਹੋਈ, "ਵੇਖੋ, ਲਾੜਾ ਆਉਂਦਾ ਹੈ !"

259 ਅਤੇ ਜਦ ਉਸਨੇ ਪੁਕਾਰ ਕੀਤੀ, ਸੁੱਤੀਆਂ ਹੋਈਆਂ ਕੁਆਰੀਆਂ, ਨਾਮਧਾਰੀ ਕਲੀਸਿਯਾ, ਨੇ ਆਖਿਆ, " ਔਹ, ਤੁਸੀਂ ਜਾਣਦੇ ਹੋ, ਮੈਨੂੰ ਯਕੀਨ ਹੈ ਕਿ ਮੇਰੇ ਕੋਲ ਵੀ ਉਹ ਪਵਿੱਤਰ ਆਤਮਾ ਹੋਣਾ ਚਾਹੀਦਾ ਹੈ । " ਤੁਸੀਂ ਪ੍ਰੈਸਬਾਈਟੇਰੀਅਨੋਂ ਅਤੇ ਐਪੀਸਕੋਪੈਲੀਅਨ, ਕੀ ਤੁਸੀਂ ਧਿਆਨ ਦਿੱਤਾ ਸੀ ? ਕੀ ਤੁਹਾਨੂੰ ਮੇਰਾ ਸੰਦੇਸ਼ ਫਿਨੀਕਸ ਵਿੱਚ ਜੋ ਉਹਨਾਂ ਲੋਕਾਂ ਨੂੰ ਦਿੱਤਾ ਸੀ ਜੋ ਉੱਥੇ

248 ਕੋਈ ਗੱਲ ਨਹੀਂ ਭਾਵੇਂ ਉਹ ਪਹਿਲੀ ਘੜੀ ਵਿੱਚ, ਦੂਜੀ, ਤੀਜੀ, ਚੋਥੀ, ਪੰਜਵੀਂ, ਛੇਵੀਂ ਜਾਂ ਸੱਤਵੀਂ ਘੜੀ ਵਿੱਚ ਸੌਂ ਜਾਂਦਾ ਹੈ, ਇਸਦਾ ਕੋਈ ਮਤਲਬ ਨਹੀਂ ਹੈ ਉਹ ਕਿਤੇ ਵੀ ਸੁੱਤਾ ਹੋਵੇ। ਕੀ ਹੋਵੇਗਾ ?ਪ੍ਰਮੇਸ਼ੁਰ ਦੀ ਤੁਰ੍ਹੀ ਫੂਕੀ ਜਾਵੇਗੀ, ਉਹ ਆਖਰੀ ਤੁਰ੍ਹੀ ਠੀਕ ਉਸ ਸਮੇਂ ਫੂਕੀ ਜਾਵੇਗੀ, ਜਦ ਆਖਰੀ ਦੂਤ ਆਪਣਾ ਸੰਦੇਸ਼ ਦੇ ਰਿਹਾ ਹੋਵੇਗਾ, ਅਤੇ ਆਖਰੀ ਮੋਹਰ ਖੁੱਲ੍ਹ ਜਾਵੇਗੀ । ਅਤੇ ਉਹ ਆਖਰੀ ਤੁਰ੍ਹੀ ਵੱਜੇਗੀ ਅਤੇ ਛੁਡਾਉਣ ਵਾਲਾ ਆਪਣੀ ਛੁਡਾਈ ਹੋਈ ਮਲਕੀਅਤ ਨੂੰ ਲੈਣ ਲਈ, ਆਪਣੀ ਕਲੀਸਿਯਾ ਨੂੰ, ਲਹੂ ਦੇ ਨਾਲ ਧੋਤੀ ਹੋਈ ਕਲੀਸਯਾ ਨੂੰ ਲੈਣ ਲਈ ਆਉਂਦਾ ਹੈ।

249 ਔਹ, ਹੁਣ ਸਾਰੀ ਸਰਿਸ਼ਟੀ ਉਸਦੇ ਹੱਥ ਵਿੱਚ ਪਈ ਹੈ, ਜਿਸਦੇ ਵਿੱਚ ਛੁਟਕਾਰੇ ਦੀ ਸਾਰੀ ਯੋਜਨਾ ਸੱਤ ਭੇਤ ਭਰੀਆਂ ਮੋਹਰਾਂ ਦੇ ਨਾਲ ਬੰਦ ਕੀਤੀ ਗਈ ਹੈ, ਜਿਸਨੂੰ ਉਸਨੇ ਆਪਣੇ ਹੱਥ ਵਿੱਚ ਲਿਆ ਹੈ । ਹੁਣ ਧਿਆਨ ਦਿਓ । " ਅਤੇ ਉਹ ਇੱਕਲਾ ਹੀ ਜਿਸਦੇ ਉੱਤੇ ਉਹ ਚਾਹੇ ਉਸ ਉੱਤੇ ਇਸਨੂੰ ਪ੍ਰਗਟ ਕਰ ਸੱਕਦਾ ਹੈ । " ਵੇਖੋ, ਇਹ ਉਸਦੇ ਹੱਥ ਵਿੱਚ ਹੈ । ਹੁਣ ਦੇਖੋ ਕਿ ਉਸਨੇ ਇਹ ਵਾਅਦਾ ਕੀਤਾ ਹੈ ਕਿ ਇਹ ਉਸ ਸਮੇਂ ਹੋਵੇਗਾ, ਅਰਥਾਤ ਹੁਣ ਹੋਵੇਗਾ, ਕਿਉਂਕਿ ਇਹ ਛੁਟਕਾਰੇ ਦੀ ਪੋਥੀ ਭੇਤ ਦੀਆਂ ਸੱਤਾਂ ਮੋਹਰਾਂ ਦੁਆਰਾ ਬੰਦ ਹੈ । ਹੁਣ ਧਿਆਨ ਦਿਓ । ਜਿਵੇਂ ਹੁਣ ........

250 ਮਿੱਤਰੋ, ਮੈਂ ਤੁਹਾਨੂੰ ਕਿਹਾ ਸੀ ਕਿ ਮੈਂ ਤੁਹਾਨੂੰ ਸਾਢੇ ਅੱਠ ਵਜੇ ਤੱਕ ਜਾਣ ਦਿਆਂਗਾ, ਸੋ ਇਸ ਵਿਸ਼ੇ ਤੱਕ ਪਹੁੰਚਣ ਲਈ, ਮੈਂ ਤਿੰਨ ਜਾਂ ਚਾਰ ਸਫੇ ਲਾਂਭੇ ਰੱਖ ਦਿੱਤੇ ਹਨ । ਇਸ ਲਈ ਮੈਂ ਚਾਹੁੰਦਾ ਹਾਂ ....... ਮੈਂ ਪਹਿਲਾਂ ਹੀ ਨੌਂ ਵਜੇ ਤੋਂ ਅਗਾਂਹ ਟੱਪ ਗਿਆ ਹਾਂ । ਸੋ ਤੁਸੀਂ ਕੱਲ ਵਾਪਿਸ ਆ ਸਕੋ ।

251 ਪ੍ਰੰਤੂ ਹੁਣ ਇਹ ਸੱਤ ਪੱਖੀ (ਸੱਤਗੁਣਾਂ) ਪੋਥੀ ਨੂੰ, ਛੁਟਕਾਰੇ ਦੀ ਪੋਥੀ ਨੂੰ ਆਪ ਖੁਦ ਲੇਲਾ ਲੈ ਲੈਂਦਾ ਹੈ, ਕਿਉਂਕਿ ਸਿਰਫ ਉਹ ਹੀ ਇੱਕ ਅਜਿਹਾ ਹੈ ਜੋ ਉਸਨੂੰ ਲੈ ਸੱਕਦਾ ਸੀ । ਅਤੇ ਹੁਣ ਉਹ ਉਸਨੂੰ ਉਸਦੇ ਸੱਜੇ ਹੱਥ ਵਿੱਚੋਂ ਲੈ ਲੈਂਦਾ ਹੈ ਜੋ ਸਿੰਘਾਸਣ ਉੱਤੇ ਬਿਰਾਜਮਾਨ ਹੈ, ਕਿ ਹੁਣ ਛੁਟਕਾਰੇ ਦੇ ਆਪਣੇ ਦਾਅਵੇ ਨੂੰ ਕਰੇ, ਕਿ ਉਹ ਮੇਰੇ ਤੁਹਾਡੇ ਲਈ ਉਹਨਾਂ ਚੀਜਾਂ ਦਾ ਦਾਅਵਾ ਕਰੇ, ਜੋ ਉਸਨੇ ਸਾਡੇ ਲਈ ਛੁਡਾਇਆ ਹੈ ਕਿ ਸਾਨੂੰ ਉਹ ਸਾਰੀਆਂ ਚੀਜ਼ਾਂ ਵਾਪਿਸ ਦੁਆਏ ਜਿਹਨਾਂ ਨੂੰ ਆਦਮ ਨੇ ਅਦਨ ਦੇ ਬਾਗ ਵਿੱਚ ਗੁਆ ਦਿੱਤਾ ਸੀ । ਉਸਨੇ ਸਾਡੇ ਲਈ ਉਹਨਾਂ ਸਾਰੀਆਂ ਚੀਜਾਂ ਨੂੰ ਫਿਰ ਮੁੱਲ ਲੈ ਲਿਆ ਹੈ ।

252 ਹੁਣ ਲੇਲੇ ਦੇ ਨਾਲ, ਅਤੇ ਉਸਦੇ ਹੱਥ ਵਿੱਚ ਫੜੀ ਹੋਈ ਪੋਥੀ ਦੇ ਨਾਲ ਅਸੀਂ ਉਸਦੀ ਕਿਰਪਾ ਅਤੇ ਦਯਾ ਨੂੰ ਮੰਗਣ ਲਈ ਤਿਆਰ ਹਾਂ, ਤਾਂ ਕਿ ਉਹ ਸਾਡੇ ਲਈ ਸੱਤਾਂ ਮੋਹਰਾਂ ਦੀ ਪੋਥੀ ਨੂੰ ਖੋਲ੍ਹੇ, ਅਤੇ ਅਸੀਂ ਸਮੇਂ ਦੇ ਪਰਦੇ ਦੇ ਪਿੱਛੇ ਉਸ ਪਾਰ ਥੋੜ੍ਹਾ ਜਿਹਾ ਵੇਖੀਏ । ਹੇ ਮੇਰੇ, ਪ੍ਰਭੂ! ਹੁਣ ਤੁਸੀਂ ਧਿਆਨ ਦਿਓ, ਕਿ ਜਦ ਉਹ ਉਸ ਮੋਹਰਬੰਦ ਪੋਥੀ ਨੂੰ, ਉਸ ਵਸੀਅਤਨਾਮੇ ਨੂੰ ਲੈਂਦਾ ਹੈ (ਹੁਣ ਇਸਨੂੰ ਆਪਣੇ ਮਨ ਵਿੱਚ ਰੱਖੋ ), ਅਤੇ ਭੇਤ ਦੀਆਂ ਮੋਹਰਾਂ ਨੂੰ ਤੋੜਦਾ ਹੈ ਕਿ ਉਹਨਾਂ ਨੂੰ ਪ੍ਰਗਟ ਕਰੇ, ਇਸਨੂੰ ਆਪਣਿਆਂ ਤੱਕ ਲਿਆਵੇ ਕਿ ਉਹ ਆਪਣੇ ਸਾਰੇ ਛੁਡਾਏ ਹੋਏ ਲੋਕਾਂ ਉੱਤੇ ਇਹਨਾਂ ਨੂੰ ਪ੍ਰਗਟ ਕਰ ਦੇਵੇ ।



ਉਹ ਪੈਰਾਂ ਉੱਤੇ ਦੌੜੇ। ਪ੍ਰੰਤੂ ਤਦ ਵੀ, ਉਹ ਠੀਕ ਸਨ, ਇਹ ਨਾ ਕਹੋ ਕਿ ਉਹ ਠੀਕ ਨਹੀਂ ਸਨ। ਉਹ ਠੀਕ ਸਨ। ਪ੍ਰੰਤੂ ਕੁਝ ਖਾਮੀਆਂ ਛੱਡ ਦਿੱਤੀਆਂ ਗਈਆਂ ਸਨ, ਜਿਨ੍ਹਾਂ ਨੂੰ ਸਮਝਾਇਆ ਨਹੀਂ ਜਾ ਸੱਕਦਾ ਸੀ। ਪਰ ਫਿਰ ..... ਕਿਉਂ? ਮੋਹਰਾਂ ਤੋੜੀਆਂ ਨਹੀਂ ਸਨ ਗਈਆਂ, ਤਾਂ ਕਿ ਪੂਰੀ ਤਰ੍ਹਾਂ ਪ੍ਰਗਟ ਕੀਤਾ ਜਾਵੇ ਕਿ ਇਹ ਚੀਜ਼ਾਂ ਕੀ ਹਨ। ਸਮਝੇ?

61 ਪ੍ਰੰਤੂ ਤਦ, ਆਖਰੀ ਯੁੱਗ ਵਿੱਚ ਇਨ੍ਹਾਂ ਸਭ ਭੇਤਾਂ ਦਾ ਖੋਲ੍ਹਿਆ ਅਤੇ ਸੌਂਪਿਆ ਜਾਣਾ ਹੈ। ਅਤੇ ਲੇਲੇ ਦੁਆਰਾ ਮੋਹਰਾਂ ਦਾ ਖੋਲ੍ਹਿਆ ਜਾਣਾ ਹੈ, ਅਤੇ ਕਲੀਸਿਯਾ ਉੱਤੇ ਪ੍ਰਗਟ ਕੀਤਾ ਜਾਣਾ ਹੈ, ਅਤੇ ਫਿਰ ਸਮਾਂ ਹੋਰ ਨਹੀਂ ਹੋਵੇਗਾ । ਵੇਖਿਆ? ਕਿੰਨਾ ਅਦਭੁਤ ਹੈ !ਫਿਰ ਇਹ ਪੋਥੀ ਛੁਟਕਾਰੇ ਦੀ ਪੋਥੀ ਹੈ। ਅਤੇ ਫਿਰ ਇਹ ਅੱਗੇ ਵੱਧਦੀ ਹੈ ......

62 ਅਤੇ ਬਾਦ ਵਿੱਚ ਅਸੀਂ ਵੇਖਾਂਗੇ ਕਿ ਕਿਵੇਂ ਇੱਕ ਲੱਖ ਚੁਤਾਲੀ ਹਜ਼ਾਰ ਨੂੰ ਅੰਦਰ ਲਿਆਂਦਾ ਜਾਂਦਾ ਹੈ, ਅਤੇ ਹੋਰ। ਠੀਕ ਹੈ। ਉਹ ਤਾਂ ਯਹੂਦੀ ਹਨ।

63 ਹੁਣ,ਹੁਣ, ਪੌਲੁਸ। ਆਓ ਥੋੜਾ ਜਿਹਾ ਪੜ੍ਹੀਏ। ਮੇਰੇ ਕੋਲ ਕੁਝ ਲਿਖਤਾਂ ਹਨ ਅਤੇ ਮੈਂ ਸੋਚਦਾ ਹਾਂ ਕਿ ਸਾਨੂੰ ਇਹਨਾਂ ਨੂੰ ਪੜ੍ਹਨਾ ਚਾਹੀਦਾ ਹੈ। ਆਓ ਅਸੀਂ ਸਾਰੇ ਅਫਸੀਆਂ ਦੇ ਪਹਿਲੇ ਬਾਬ ਵੱਲ ਨੂੰ ਮੁੜੀਏ।

64 ਮੈਂ ਵੇਖ ਰਿਹਾਂ ਹਾਂ ਕਿ ਤੁਹਾਡੇ ਵਿੱਚੋਂ ਬਹੁਤ ਸਾਰੇ ਲੋਕ ਲਿਖ ਰਹੇ ਹਨ। ਉਹਨਾਂ ਦੇ ਕੋਲ ਉਹਨਾਂ ਦੀਆਂ ਕਾਪੀਆਂ ਹਨ ਅਤੇ ਉਹ ਆਇਤਾਂ ਲਿਖ ਰਹੇ ਹਨ, ਅਤੇ ਉਹ ਆਪਣੀ ਬਾਈਬਲ ਵਿੱਚ ਨਿਸ਼ਾਨੀਆਂ ਲਗਾ ਰਹੇ ਹਨ ਤਾਂ ਕਿ ਇੱਕ ਲੜੀ ਬਣ ਜਾਵੇ। ਸੋ ਇਹ ਇੱਕ ਵਧੀਆ ਗੱਲ ਹੈ। ਮੈਂ ਚਹੁੰਦਾ ਹਾਂ ਕਿ ਤੁਸੀਂ ਇਸ ਤਰ੍ਹਾਂ ਕਰੋ ਅਤੇ ਆਪਣੇ ਘਰ ਜਾ ਕੇ ਇਸਦਾ ਅਧਿਐਨ ਕਰੋ। ਸਮਝੇ? ਅਤੇ ਜੇ ਤੁਸੀਂ ਖੁਦ ਆਪ ਇਸਦਾ ਅਧਿਐਨ ਕਰੋਗੇ ਤਾਂ ਤੁਸੀਂ ਇਸਨੂੰ ਹੋਰ ਚੰਗੀ ਤਰ੍ਹਾਂ ਸਮਝ ਸਕੋਗੇ। ਸਮਝੇ? ਬਸ ਇਸਨੂੰ ਪੜ੍ਹੋ, ਅਤੇ ਖੁਦਾ ਤੋਂ ਮੱਦਦ ਮੰਗੋ ਕਿ ਉਹ ਇਸਨੂੰ ਸਮਝਣ ਵਿੱਚ ਤੁਹਾਡੀ ਸਹਾਇਤਾ ਕਰੇ।

65. ਆਓ ਅਸੀਂ ਹੁਣ ਵਚਨ ਪੜ੍ਹਦੇ ਹਾਂ ਜੋ ਮੈਂ ਇੱਥੇ ਲਿਖਿਆ ਹੋਇਆ ਹੈ। ਅਫਸੀਆਂ 1:13 ਅਤੇ 14.

> *ਉਸ ਵਿੱਚ ਜਿਸ ਵੇਲੇ ਤੁਸਾਂ ਸਚਿਆਈ ਦਾ ਵਚਨ ਅਰਥਾਤ ਆਪਣੀ ਮੁਕਤੀ ਦੀ ਖੁਸ਼ਖਬਰੀ ਸੁਣੀ ਅਤੇ ਉਸ ਵਿੱਚ ਨਿਹਚਾ ਵੀ ਕੀਤੀ ਤਾਂ ਵਾਇਦੇ ਦੇ ਪਵਿੱਤਰ ਆਤਮਾ ਨਾਲ ਤੁਹਾਡੇ ਉੱਤੇ ਵੀ ਮੋਹਰ ਲੱਗੀ। ਇਹ ਪ੍ਰਮੇਸ਼ੁਰ ਦੇ ਨਿੱਜ ਦਿਆਂ ਲੋਕਾਂ ਦੇ ਨਿਸਤਾਰੇ ਦੇ ਲਈ ਸਾਡੇ ਅਧਿਕਾਰ ਦੀ ਸਾਈ ਹੈ ਕਿ ਉਹ ਦੀ ਮਹਿਮਾਂ ਦੀ ਉਸਤਤ ਹੋਵੇ।*

66 ਹੁਣ ਜਦਕਿ ਅਸੀਂ ਵਚਨ ਨੂੰ ਖੋਲ੍ਹਿਆ ਹੋਇਆ ਹੈ, ਆਓ ਅਸੀਂ .... ਵੇਖੋ, ਕਿ ਇੱਥੇ ਪਵਿੱਤਰ ਆਤਮਾ ਆਪਣੇ ਆਪ ਵਿੱਚ ਇੱਕ ਮੋਹਰ ਹੈ। ਪਵਿੱਤਰ ਆਤਮਾ ਇੱਕ ਮੋਹਰ ਹੈ। ਅਤੇ ਮੋਹਰ (ਕੀ?) ਪ੍ਰਗਟ ਕਰਦੀ ਹੈ, ਸੰਪੂਰਣ ਹੋਏ ਕੰਮ ਨੂੰ, ਆਦਮੀ ਉੱਤੇ ਪਵਿੱਤਰ ਆਤਮਾ ਦੀ ਮੋਹਰ। ਅਤੇ ਉਸ ਆਦਮੀ ਲਈ ਜਦ ਉਹ ਪਵਿੱਤਰ ਆਤਮਾ ਪਾ ਲੈਂਦਾ ਹੈ ਉਸ ਦੇ ਰੋਣ ਜਾਂ ਪੁਕਾਰਨ ਦਾ ਸਮਾਂ ਖਤਮ ਹੋ ਜਾਂਦਾ ਹੈ,ਕਿਉਂਕਿ ਇਹ ਇੱਕ ਸੰਪੂਰਣ ਕੰਮ ਹੈ।

67 ਜਿਵੇਂ ਕਿ ਮੈਂ ਰੇਲਮਾਰਗ ਕੰਪਨੀ ਦੇ ਲਈ ਕੰਮ ਕਰਦਾ ਹੁੰਦਾ ਸਾਂ,ਅਤੇ ਅਸੀਂ ਭਾਰ ਚੁੱਕਣ ਵਾਲੀਆਂ ਵੱਡੀਆਂ-ਵੱਡੀਆਂ ਗੱਡੀਆਂ ਬੋਕਸ,ਪੀਪੀਆਂ ਅਤੇ ਹੋਰਨਾਂ ਚੀਜ਼ਾਂ ਆਦਿ ਦੇ ਨਾਲ ਭਰ ਦਿੰਦੇ ਹੁੰਦੇ ਸਾਂ। ਅਤੇ ਇਸ ਤੋਂ ਬਾਦ, ਅਤੇ ਇਸ ਤੋਂ ਪਹਿਲਾਂ ਕਿ ਉਸ ਗੱਡੀ ਉੱਤੇ ਮੋਹਰ ਕੀਤੀ ਜਾਵੇ, ਨੀਰੀਖਣ ਕਰਨ ਵਾਲਾ ਆਉਂਦਾ, ਇਹ ਵੇਖਣ ਲਈ ਕਿ ਉਹ ਕਾਰ ਚੰਗੀ ਤਰ੍ਹਾਂ ਦੇ ਨਾਲ ਲੱਦੀ ਹੋਈ ਹੈ ਜਾਂ ਨਹੀਂ। ਜੇ ਨਹੀ [ਭਾਈ ਬ੍ਰਾਨਹਾਮ ਆਪਣੇ ਦੋਹਾਂ ਹੱਥਾਂ ਨਾਲ ਇੱਕ ਵਾਰ ਤਾੜੀ ਵਜਾਉਂਦੇ ਹਨ-ਸੰਪਾ] ਪਹਿਲਾਂ ਇਸਨੂੰ ਕਿਸੇ ਚੀਜ਼ ਨਾਲ ਠੋਕਿਆ ਜਾਂਦਾ ਹੈ, ਜੇ ਅਜਿਹਾ ਨਹੀਂ ਕੀਤਾ ਗਿਆ ਹੈ ਤਾਂ ਸਮਾਨ ਖਿੱਲਰ ਜਾਵੇਗਾ ਅਤੇ ਟੁੱਟ ਭੱਜ ਜਾਵੇਗਾ, ਅਤੇ ਰੇਲ ਕੰਪਨੀ ਇਸ ਨੁਕਸਾਨ ਦੀ ਜਿੰਮੇਵਾਰ ਹੋਵੇਗੀ। ਅਤੇ ਉਹ ਨੀਰੀਖਣ ਕਰਨ ਵਾਲਾ ਹਰੇਕ ਚੀਜ਼ ਦਾ ਨੀਰੀਖਣ ਕਰੇਗਾ ਤਾਂ ਕਿ ਵੇਖੇ ਕਿ ਹਰ ਇੱਕ ਚੀਜ਼ ਆਪੋ ਆਪਣੇ ਥਾਂ 'ਤੇ ਹੈ। ਅਤੇ ਜੇ ਉਹ ਸਮਾਨ ਸਹੀ ਢੰਗ ਨਾਲ ਨਹੀਂ ਹੈ ਤਾਂ ਉਹ ਗੱਡੀ ਨੂੰ ਰੱਦ ਕਰ ਦੇਵੇਗਾ। ਅਤੇ ਸਾਨੂੰ ਇਸ ਨੂੰ ਫਿਰ ਦੁਬਾਰਾ ਤਦ ਤੱਕ ਕਰਨਾ ਹੁੰਦਾ ਹੈ ਜਦ ਤੱਕ ਕਿ ਨੀਰੀਖਣ ਕਰਨ ਵਾਲਾ ਸਤੁੰਸ਼ਟ ਨਹੀਂ ਹੋ ਜਾਂਦਾ। ਅਤੇ ਤਦ ਜਦ ਨੀਰੀਖਣ ਕਰਨ ਵਾਲਾ ਸਤੁੰਸ਼ਟ ਹੋ ਜਾਂਦਾ ਹੈ ਤਾਂ ਉਹ ਗੱਡੀ ਦਾ ਦਰਵਾਜ਼ਾ ਬੰਦ ਕਰ ਦਿੰਦਾ ਹੈ। ਨਿੀਰੀਖਣ ਕਰਨ ਵਾਲਾ ਗੱਡੀ ਦਾ ਦਰਵਾਜ਼ਾ ਬੰਦ ਕਰ ਦਿੰਦਾ ਹੈ। ਅਤੇ ਨੀਰੀਖਣ ਕਰਨ ਵਾਲਾ ਉਸ ਉੱਤੇ ਮੋਹਰ ਲਗਾ ਦਿੰਦਾ ਹੈ,ਅਤੇ ਇਸ ਤੋਂ ਬਾਦ ਕੋਈ ਵੀ ਉਸ ਮੋਹਰ ਨੂੰ ਨਹੀਂ ਤੋੜ ਸੱਕਦਾ ਹੈ ਜਦ ਤੱਕ ਕਿ ਉਹ ਆਪਣੀ ਮੰਜ਼ਿਲ 'ਤੇ ਨਹੀਂ ਪਹੁੰਚ ਜਾਂਦਾ ਹੈ।

68 ਅਤੇ ਇਹ ਉਹੀ ਹੈ ਜੋ ਪਵਿੱਤਰ ਆਤਮਾ ਕਰ ਰਿਹਾ ਹੈ। ਸਮਝ ਲੱਗੀ? ਉਹ ਜਾਂਦਾ ਹੈ ਅਤੇ ਨੀਰੀਖਣ ਕਰਦਾ ਹੈ। ਇਹ ਹੀ ਕਾਰਨ ਹੈ ਕ ਤੁਹਾਡੇ ਕੋਲ ਇਹ ਗੱਲਾਂ ਨਹੀਂ ਹੋ ਸੱਕਦੀਆਂ ਹਨ ਅਤੇ ......ਤੁਸੀਂ ਕਹਿੰਦੇ ਹੋ, "ਮੈਂ ਪਰਾਈ ਭਾਖਿਆ ਬੋਲੀ ਹੈ, ਮੈਂ ਚੀਕ ਕੇ ਨਾਰ੍ਹੇ ਮਾਰੇ ਹਨ,ਅਤੇ ਮੈਂ ਆਤਮਾ ਵਿੱਚ ਨਾਚ ਕੀਤਾ ਹੈ। " ਇਸ ਦਾ ਇਸ ਨਾਲ ਕੋਈ ਵੀ ਵਾਸਤਾ ਨਹੀਂ ਹੈ। ਸਮਝੇ? ਪਵਿੱਤਰ ਆਤਮਾ ਉਸ ਮਨੁੱਖ ਦਾ ਤਦ ਤੱਕ ਨੀਰੀਖਣ ਅਰਥਾਤ ਜਾਂਚ ਕਰਦਾ ਹੈ ਜਦ ਤੱਕ ਕਿ ਉਹ ਪੂਰੀ ਤਰ੍ਹਾਂ ਸਤੁੰਸ਼ਟ ਨਹੀਂ ਹੋ ਜਾਂਦਾ ਹੈ ਅਤੇ ਜਾਣ ਲੈਂਦਾ ਹੈ ਕਿ ਉਹ ਹਨ।

69 ਇਸ ਤੋਂ ਬਾਦ ਉਹਨਾਂ 'ਤੇ ਉਹਨਾਂ ਦੇ ਸਦੀਪਕ ਟਿਕਾਣੇ ਲਈ ਮੋਹਰ ਕਰ ਦਿੱਤੀ ਜਾਂਦੀ ਹੈ। ਅਤੇ ਕੋਈ ਵੀ ਅਜਿਹੀ ਚੀਜ਼ ਨਹੀਂ ਹੈ ਜੋ ਕਿ ਉਸ ਮੋਹਰ ਨੂੰ ਤੋੜ ਸਕੇ। ਬਾਈਬਲ .... ਤੁਸੀਂ ਆਇਤਾਂ ਨੂੰ ਲਿਖ ਰਹੇ ਹੋ। ਅਫਸੀਆਂ 4:30 ਵਿੱਚ ਕਿਹਾ ਗਿਆ ਹੈ, " ਅਤੇ ਪ੍ਰਮੇਸ਼ੁਰ ਦੇ ਪਵਿੱਤਰ ਆਤਮਾ ਨੂੰ ਦੁਖੀ ਨਾ ਕਰੋ ਜਿਹਦੇ ਨਾਲ ਨਿਸਤਾਰੇ ਦੇ ਦਿਨ ਤੱਕ ਤੁਹਾਡੇ ਉੱਤੇ ਮੋਹਰ ਲੱਗੀ ਹੋਈ ਹੈ। ਸ਼ਬਦ "ਨਿਸਤਾਰੇ" ਨੂੰ ਫੜੋ,ਵੇਖੋ। ਉਸ ਦਿਨ ਤੱਕ ਜਦ ਤੱਕ ਕਿ ਛੁਟਕਾਰੇ ਦੀ ਪੋਥੀ ਪ੍ਰਗਟ ਨਹੀਂ ਹੁੰਦੀ ਹੈ ਅਤੇ ਛੁਡਾਉਣ ਵਾਲਾ ਆਪਣੇ ਅਧਿਕਾਰ ਦਾ ਦਾਅਵਾ ਨਹੀਂ ਕਰਦਾ ਹੈ!ਕੋਈ ਵੀ ਅਜਿਹਾ ਨਹੀਂ ਕਰ ਸੱਕਦਾ ਹੈ। ਸਮਝੇ?" ਇਸ ਨੂੰ ਉਦਾਸ ਨਾ ਕਰੋ। "ਠਹਿਰੇ ਰਹੋ ..... ਉਹ ਗੱਲਾਂ ਕਰੋ ਜੋ ਪ੍ਰਮੇਸ਼ੁਰ ਨੂੰ ਖੁਸ਼ ਕਰਦੀਆਂ ਹਨ, ਕਿਉਂਕਿ ਪੋਥੀ ਮੋਹਰਬੰਦ ਹੈ, ਅਤੇ ਤੁਹਾਡੇ ਉੱਤੇ ਵੀ ਮੋਹਰ ਲੱਗੀ ਹੋਈ ਹੈ। ਪਵਿੱਤਰ ਆਤਮਾ ਆਪ ਹੀ ਮੋਹਰ ਹੈ।

70 *ਮੋਹਰ* ਦਰਸਾਉਂਦੀ ਹੈ ......ਹੁਣ, ਇਹ ਸ਼ਬਦ ਮੈਂ ਸ਼ਬਦਕੋਸ਼ ਵਿੱਚੋਂ ਲਏ ਹਨ। *ਮੋਹਰ* " ਸੰਪੂਰਨ ਕੰਮ" ਨੂੰ ਦਰਸਾਉਂਦੀ ਹੈ। ਅਤੇ ਜਦ ਸੱਤਵੀਂ ਮੋਹਰ ਖੋਲੀ ਜਾਂਦੀ ਹੈ ਪ੍ਰਮੇਸ਼ੁਰ ਦਾ ਗੁਪਤ ਭੇਤ ਜੋ ਕਿ ਇਹਨਾਂ ਭੇਤ ਭਰੀਆਂ ਮੋਹਰਾਂ ਅੰਦਰ ਬੰਦ ਹੈ ਸੰਪੂਰਣ ਹੋ ਜਾਵੇਗਾ। ਜਦ ਉਹ ਦਿਨ



244 ਹੁਣ ਉਸਦੇ ਕੋਲ ਛੁਟਕਾਰੇ ਦਾ ਵਸੀਅਤਨਾਮਾ ਹੈ । ਉਹ ਉਸਦੇ ਹੱਥ ਵਿੱਚ ਹੈ । ਵਿਚੋਲਗੀ ਦਾ ਕੰਮ ਹੁਣ ਹੋ ਚੁੱਕਿਆ ਹੈ । ਛੁਟਕਾਰੇ ਦਾ ਵਸੀਅਤਨਾਮਾ ਹੁਣ ਉਸਦੇ ਹੱਥ ਵਿੱਚ ਹੈ । ਯਾਦ ਰੱਖੋ, ਸਦਾ ਹੀ ਇਹ ਪ੍ਰਮੇਸ਼ੁਰ ਦੇ ਹੱਥ ਵਿਚ ਸੀ, ਪ੍ਰੰਤੂ ਹੁਣ ਉਹ ਲੇਲੇ ਦੇ ਹੱਥ ਵਿੱਚ ਹੈ । ਹੁਣ ਵੇਖੋ । ਸਾਰੀ ਸਰਿਸ਼ਟੀ ਦੇ ਛੁਟਕਾਰੇ ਦਾ ਵਸੀਅਤਨਾਮਾ ਉਸਦੇ ਹੱਥ ਵਿੱਚ ਹੈ । ਅਤੇ ਉਹ ਮਨੁੱਖ ਜਾਤੀ ਲਈ ਇਸਦਾ ਦਾਅਵਾ ਕਰਨ ਲਈ ਆਉਂਦਾ ਹੈ । ਉਹ ਫਰਿਸ਼ਤਿਆਂ ਲਈ ਇਸਦਾ ਦਾਅਵਾ ਕਰਨ ਲਈ ਨਹੀਂ ਆਉਂਦਾ ਹੈ । ਉਸਨੇ ਇਸਦਾ ਦਾਅਵਾ ਮਨੁੱਖਤਾ ਦੇ ਲਈ ਕੀਤਾ, ਜਿਹਨਾਂ ਨੂੰ ਕਿ ਇਹ ਦਿੱਤਾ ਗਿਆ ਸੀ, ਕਿ ਫਿਰ ਦੁਬਾਰਾ ਉਹਨਾਂ ਨੂੰ ਪ੍ਰਮੇਸ਼ੁਰ ਦੇ ਪੁੱਤਰ ਅਤੇ ਧੀਆਂ ਬਣਾਵੇ, ਉਹਨਾਂ ਨੂੰ ਅਦਨ ਦੇ ਬਾਗ ਵਾਲੀ ਅਸਲੀ ਹਾਲਤ ਵਿੱਚ ਮੁੜ ਵਾਪਿਸ ਲੈ ਕੇ ਆਏ, ਉਹਨਾਂ ਦਾ ਉਹ ਸੱਭ ਕੁਝ ਵਾਪਿਸ ਦੇਵੇ ਜੋ ਗੁੰਮ ਗਿਆ ਸੀ ;ਉਹਨਾਂ ਨੂੰ ਸਾਰੀ ਸਰਿਸ਼ਟੀ, ਪੋਦੇ -ਰੁੱਖ, ਪਸ਼ੂਆਂ ਦਾ ਜੀਵਨ ; ਅਰ ਸੱਭ ਕੁਝ ਵਾਪਿਸ ਦੇਵੇ ਜੋ ਉਹਨਾਂ ਨੇ ਡਿੱਗਣ ਦੇ ਕਾਰਨ ਗੁਆ ਦਿੱਤਾ ਸੀ । ਹੇ, ਮੇਰੇ ਪ੍ਰਭੂ !

245 ਕੀ ਇਹ ਗੱਲ ਤੁਹਾਨੂੰ ਵਧੀਆ ਮਹਿਸੂਸ ਨਹੀਂ ਕਰਾਉਂਦੀ ? ਵਾਹ-ਹ ! [ ਸਭਾ ਆਖਦੀ ਹੈ, " ਆਮੀਨ "- ਸੰਪਾ ] ਮੈਂ ਸੋਚ ਰਿਹਾ ਸੀ ਕਿ ਮੈਂ ਥੱਕਿਆ ਹੋਇਆ ਹਾਂ, ਪਰ ਹੁਣ ਮੈਂ ਨਹੀਂ ਹਾਂ । ਵੇਖਿਆ ? ਕਦੇ-ਕਦੇ ਮੈਂ ਸੋਚਦਾ ਹਾਂ ਕਿ ਮੈਂ ਵਚਨ ਦਾ ਪ੍ਰਚਾਰ ਕਰਨ ਲਈ ਹੁਣ ਬਹੁਤ ਬੁੱਢਾ ਹੋ ਗਿਆ ਹਾਂ, ਪ੍ਰੰਤੂ ਜਦ ਮੈਂ ਇਸ ਤਰ੍ਹਾਂ ਦੀਆਂ ਕੁਝ ਗੱਲਾਂ ਨੂੰ ਵੇਖਦਾ ਹਾਂ ਤਾਂ ਮੈਂ ਸੋਚਦਾ ਹਾਂ ਕਿ ਮੈਂ ਫਿਰ ਜਵਾਨ ਹੋ ਗਿਆ ਹਾਂ । ਜੀ ਹਾਂ । ਆ-ਆਹ ! ਇਹ ਕੁਝ ਇਸ ਤਰ੍ਹਾਂ ਦੀਆਂ ਗੱਲਾਂ ਹਨ ਜੋ ਤਹਾਡੇ ਵਿੱਚ ਕੁਝ ਕਰਦੀਆਂ ਹਨ । ਸਮਝੇ ?

246 ਕਿਉਂਕਿ ਮੈਂ ਜਾਣਦਾ ਹਾਂ ਕਿ ਉੱਥੇ ਕੋਈ ਹੈ ਜੋ ਮੇਰੀ ਉਡੀਕ ਕਰ ਰਿਹਾ ਹੈ । ਕੋਈ ਹੈ ਜਿਸਨੇ ਮੁੱਲ ਤਾਰਿਆ ਹੈ ਜਿਹੜਾ ਮੁੱਲ ਮੈਂ ਨਹੀਂ ਤਾਰ ਸੱਕਦਾ ਸੀ । ਇਹ ਠੀਕ ਹੈ । ਚਾਰਲੀ, ਉਸਨੇ ਇਹ ਮੇਰੇ ਲਈ ਕੀਤਾ ਹੈ । ਉਸਨੇ ਇਹ ਤੁਹਾਡੇ ਲਈ ਕੀਤਾ ਹੈ । ਉਸਨੇ ਇਹ ਸਾਰੀ ਮਨੁੱਖ ਜਾਤੀ ਲਈ ਕੀਤਾ ਹੈ । ਅਤੇ ਹੁਣ ਉਹ ਆਪਣੇ ਨਿਸਤਾਰੇ ਦੇ ਹੱਕਾਂ ਦਾ ਦਾਅਵਾ ਕਰਨ ਲਈ ਆਉਂਦਾ ਹੈ । ਉਹ ਇਸਦਾ ਦਾਅਵਾ ਕਿਸਦੇ ਲਈ ਕਰਦਾ ਹੈ ?ਆਪਣੇ ਲਈ ਨਹੀਂ ;ਬਲਕਿ ਸਾਡੇ ਲਈ । ਉਹ ਸਾਡੇ ਵਿੱਚੋਂ ਇੱਕ ਹੈ । ਉਹ ਸਾਡਾ ਰਿਸ਼ਤੇਦਾਰ ਹੈ । ਓਹ ਮੇਰੇ ਪ੍ਰਭੂ ! ਉਹ ਮੇਰਾ ਭਰਾ ਹੈ । ਉਹ ਮੇਰਾ ਮੁਕਤੀਦਾਤਾ ਹੈ । ਉਹ ਮੇਰਾ ਖੁਦਾ ਹੈ । ਉਹ ਮੇਰਾ ਛੁਡਾਉਣ ਵਾਲਾ ਨੇੜੇ ਦਾ ਸਾਕ ਹੈ । ਉਹ ਮੇਰਾ ਸੱਭ ਕੁਝ ਹੈ । ਕਿਉਂਕਿ ਉਸਦੇ ਬਿਨਾਂ ਮੈਂ ਕੀ ਸਾਂ ਜਾਂ ਉਸਦੇ ਬਿਨਾਂ ਮੈਂ ਕੀ ਹੋ ਸੱਕਦਾ ਹਾਂ ?ਇਸ ਲਈ ਵੇਖੋ ਕਿ ਉਹ ਮੇਰਾ ਸੱਭ ਕੁਝ ਹੈ । ਅਤੇ ਉੱਥੇ ਉਹ ਸਾਡੇ ਰਿਸਤੇਦਾਰ ਵਾਂਗੂੰ ਖੜਾ ਹੈ । ਅਤੇ ਹੁਣ ਉਹ ਇਸ ਸਮੇਂ ਤੱਕ ਸਾਡੇ ਲਈ ਵਿਚੋਲਗੀ ਦਾ ਕੰਮ ਕਰ ਰਿਹਾ ਹੈ । ਅਤੇ ਹੁਣ ਉਹ ਅੱਗੇ ਆਉਂਦਾ ਹੈ ਅਰ ਆਪਣੇ ਉਹਨਾਂ ਸਾਰੇ ਅਧਿਕਾਰਾਂ ਦਾ ਦਾਅਵਾ ਕਰਨ ਲਈ ਜੋ ਉਸਨੇ ਸਾਡੇ ਲਈ ਕੀਤੇ ਸਨ, ਛੁਟਕਾਰੇ ਦੀ ਪੋਥੀ ਨੂੰ ਲੈਂਦਾ ਹੈ ।

247 ਉਹ ਮਰਦੇ ਹਨ। ਯਿਸੂ ਨੇ ਕਿਹਾ, "ਉਹ ਜਿਹੜਾ ਮੇਰੇ ਤੇ ਨਿਹਚਾ ਕਰਦਾ ਹੈ ਭਾਵੇਂ ਉਹ ਮਰ ਵੀ ਜਾਵੇ, ਤਦ ਵੀ ਉਹ ਜੀਵੇਗਾ। ਉਹ ਜਿਹੜਾ ਜੀਉਂਦਾ ਹੈ ਅਤੇ ਮੇਰੇ ਉੱਤੇ ਨਿਹਚਾ ਕਰਦਾ ਹੈ ਉਹ ਕਦੇ ਨਹੀਂ ਮਰੇਗਾ । ਉਹ ਜਿਹੜਾ ਮੇਰਾ ਮਾਸ ਖਾਂਦਾ ਅਤੇ ਲਹੂ ਪੀਂਦਾ ਹੈ ਉਸਦੇ ਕੋਲ ਸਦੀਪਕ ਜੀਉਣ ਹੈ, ਅਤੇ ਮੈਂ ਉਸਨੂੰ ਆਖਰੀ ਦਿਨ ਉਠਾ ਖੜਾ ਕਰਾਂਗਾ । "

ਲੇਲਾ ਆਇਆ, ਅਤੇ ਉਸਨੇ ਉਸਦੇ ਸੱਜੇ ਹੱਥ ਵਿੱਚੋਂ ਜੋ ਸਿੰਘਾਸਣ ਤੇ ਬਿਰਾਜਮਾਨ ਸੀ, ਉਹ ਪੋਥੀ ਲੈ ਲਈ । "

239 ਇਹ ਕੀ ਹੈ ? ਹੁਣ ਇਹ ਪੋਥੀ ਲੇਲੇ ਦੇ ਅਧਿਕਾਰ ਵਿੱਚ ਹੈ। ਆਮੀਨ । ਪ੍ਰਮੇਸ਼ੁਰ ਦੀ ਬਿਵਸਥਾ ਦੀ ਇਹ ਮੰਗ ਸੀ । ਉਹ ਹੀ ਇੱਕ ਅਜਿਹਾ ਹੈ ਜਿਸਦੇ ਕੋਲ ਇਹ ਹੈ । ਖੁਦਾ ਦੀ ਬਿਵਸਥਾ ਨੂੰ ਨੇੜੇ ਦੇ ਸਾਕ ਵਿੱਚੋਂ ਕਿਸੇ ਛੁਡਾਉਣ ਵਾਲੇ ਦੀ ਲੋੜ ਸੀ । ਅਰ ਲੇਲਾ ਬਾਹਰ ਆਉਂਦਾ ਹੈ, ਅਤੇ ਉਸ ਪੋਥੀ ਨੂੰ ਲੈਂਦਾ ਹੈ, ਉਹ ਕਹਿੰਦਾ ਹੈ, " ਮੈਂ ਇਹਨਾਂ ਦਾ ਨੇੜੇ ਦਾ ਸਾਕ ਹਾਂ । ਮੈਂ ਉਹਨਾਂ ਦਾ ਛੁਡਾਉਣ ਵਾਲਾ ਹਾਂ । ਮੈਂ ਹੁਣ ....ਮੈਂ ਉਹਨਾਂ ਦੀ ਵਿਚੋਲਗੀ ਕੀਤੀ ਹੈ, ਅਤੇ ਹੁਣ ਮੈਂ ਉਹਨਾਂ ਲਈ ਅਧਿਕਾਰਾਂ ਦਾ ਦਾਅਵਾ ਕਰਨ ਲਈ ਆਇਆ ਹਾਂ । " ਆਮੀਨ । ਉਹ ਇੱਕ ਅਜਿਹਾ ਹੈ ਜੋ ਇਹ ਕਰ ਸੱਕਦਾ ਹੈ । " ਮੈਂ ਉਹਨਾਂ ਲਈ ਹੱਕਾਂ ਦਾ ਦਾਅਵਾ ਕਰਨ ਆਇਆ ਹਾਂ । ਅਤੇ ਮੈਂ ਮੁੱਲ ਤਾਰ ਦਿੱਤਾ ਹੈ । ਇਸ ਦਾਅਵੇ ਦੇ ਅੰਦਰ, ਉਹਨਾਂ ਦਾ ਹੱਕ ਉਹਨਾਂ ਸੱਭ ਚੀਜਾਂ ਦੇ ਉੱਤੇ ਹੈ ਜੋ ਕਿ ਅਦਨ ਦੇ ਬਾਗ ਵਿੱਚ ਡਿੱਗਣ (ਪਤਨ )ਦੇ ਕਾਰਨ ਗੁਆਚ ਗਿਆ ਸੀ । "

240 ਓਹ, ਭਾਈ ਜੀ ! ਉਏ ! ਕੀ ਇਹ ਗੱਲ ਤੁਹਾਨੂੰ ਅੰਦਰੋਂ ਧਾਰਮਿਕ ਮਹਿਸੂਸ ਨਹੀਂ ਕਰਾਉਂਦੀ ? [ਸੰਗਤ ਆਖਦੀ ਹੈ, "ਆਮੀਨ "-ਸੰਪਾ] " ਜਿਹੜੇ ਚੰਗੇ ਕੰਮ ਅਸੀਂ ਕੀਤੇ ਹਨ, ਉਹਨਾਂ ਦੇ ਦੁਆਰਾ ਨਹੀਂ ਪਰ ਉਸਦੀ ਕਿਰਪਾ ਦੇ ਦੁਆਰਾ । "

241 ਓਹ, ਇੱਕ ਮਿੰਟ ਇੰਤਜਾਰ ਕਰੋ ! ਅਤੇ ਉਹਨਾਂ ਬਜੁਰਗਾਂ ਅਤੇ ਹੋਰ ਸਭਨਾਂ ਨੇ ਆਪਣੇ ਤਾਜ ਲਾਹ ਕੇ ਰੱਖਣੇ ਅਰੰਭ ਕੀਤੇ, ਅਤੇ ਵੱਡੇ-ਵੱਡੇ ਲੋਕ ਜਮੀਨ ਤੇ ਡਿੱਗਣ ਲੱਗ ਪਏ, ਸਮਝੇ।

ਕੋਈ ਨਹੀਂ, ਕੋਈ ਵੀ ਇਹ ਨਹੀਂ ਸੀ ਕਰ ਸੱਕਦਾ ।

242 ਅਤੇ ਉਹ ਚੱਲ ਕੇ ਖੁਦਾ ਦੇ ਸੱਜੇ ਹੱਥ ਤੱਕ ਆਉਂਦਾ ਹੈ ਅਰ ਪੋਥੀ ਨੂੰ ਉਸਦੇ ਸੱਜੇ ਹੱਥ ਵਿੱਚੋਂ ਲੈ ਲੈਂਦਾ ਹੈ, ਅਤੇ ਆਪਣੇ ਹੱਕਾਂ ਦਾ ਦਾਅਵਾ ਕਰਦਾ ਹੈ । "ਮੈਂ ਉਹਨਾਂ ਲਈ ਮਰਿਆ ਹਾਂ। ਮੈਂ ਉਹਨਾਂ ਨੂੰ ਛੁਡਾਉਣ ਵਾਲਾ ਨੇੜੇ ਦਾ ਸਾਕ ਹਾਂ । ਮੈਂ ਹਾਂ । ਮੈਂ ਵਿਚੋਲਾ ਹਾਂ । ਮੈਂ ਉਹਨਾਂ ਲਈ ਲਹੂ ਬਹਾਇਆ ਹੈ । ਮੈਂ ਮਨੁੱਖ ਬਣਿਆ ਹਾਂ । ਅਰ ਮੈਂ ਇਹ ਉਸ ਕਲੀਸਿਯਾ ਨੂੰ ਵਾਪਿਸ ਲੈਣ ਲਈ ਕੀਤਾ ਹੈ, ਉਹ ਕਲੀਸਿਯਾ ਜਿਸਨੂੰ ਮੈਂ ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਹੀ ਵੇਖਿਆ ਸੀ । ਮੈਂ ਹੀ ਇਸਨੂੰ ਠਹਿਰਾਇਆ ਹੈ । ਮੈਂ ਹੀ ਇਸਦੇ ਬਾਰੇ ਵਿੱਚ ਕਿਹਾ ਹੈ ਕਿ ਇਹ ਉੱਥੇ ਹੋਵੇਗੀ। ਅਤੇ ਕੋਈ ਵੀ ਇਸਨੂੰ ਲੈਣ ਦੇ ਯੋਗ ਨਹੀਂ ਸੀ, ਪਰ ਮੈਂ ਥੱਲੇ ਗਿਆ ਅਤੇ ਆਪ ਇਸਨੂੰ ਕੀਤਾ ਹੈ । ਮੈਂ ਉਹਨਾਂ ਦਾ ਸਾਕ ਸਬੰਧੀ ਹਾਂ । ਮੈਂ ਹੀ ਉਹਨਾਂ ਦਾ ਨੇੜੇ ਦਾ ਸਾਕ ਬਣ ਗਿਆ ਹਾਂ ।" ਅਤੇ ਉਹ ਪੋਥੀ ਲੈ ਲੈਂਦਾ ਹੈ । ਆਮੀਨ !

243 ਅੱਜ ਰਾਤ ਮੇਰੇ ਲਈ ਉੱਥੇ ਕੌਣ ਉਡੀਕ ਕਰ ਰਿਹਾ ਹੈ ? ਕੌਣ ਹੈ ਉਹ ਜੋ ਉੱਥੇ ਕਲੀਸਿਯਾ ਦੀ ਉਡੀਕ ਕਰ ਰਿਹਾ ਹੈ ?ਕੌਣ ਤੁਹਾਡੇ ਲਈ ਉੱਥੇ ਉਡੀਕ ਕਰ ਸੱਕਦਾ ਹੈ ?ਉਹ ਛੁਡਾਉਣ ਵਾਲਾ ਨੇੜੇ ਦਾ ਸਾਕ ! ਹੇ, ਪ੍ਰਭੂ ! ਕਿੰਨਾ ਮਹਿਮਾਂ ਵਾਲਾ ਬਿਆਨ ਜਾਂ ਕੰਮ ਹੈ !



ਆ ਜਾਂਦਾ ਹੈ ਜਦ ਇਸ ਮੋਹਰ ਨੂੰ ਖੋਲ੍ਹਿਆ ਜਾਂਦਾ ਹੈ ਤਾਂ ਤਦ ਇਹ ਪ੍ਰਗਟ ਹੋ ਜਾਂਦਾ ਹੈ ਕਿ ਇਸ ਦੇ ਅੰਦਰ ਕੀ ਹੈ।

71 ਜੇ ਕੋਈ ਇਸ ਗੱਲ ਤੋਂ ਹੈਰਾਨ ਹੁੰਦਾ ਹੈ ਕਿ ਉਸ ਮਾਲ ਗੱਡੀ ਵਿੱਚ ਕੀ ਹੈ,ਅਤੇ ਆਖਦਾ ਹੈ," ਹੋ ਸੱਕਦਾ ਹੈ ਕਿ ਉਸ ਵਿੱਚ ਫਲਾਂ-ਫਲਾਂ ਚੀਜ਼ ਹੋਵੇ। ਉਹ ਤਾਂ ਬਸ ਅੰਦਾਜ਼ਾਂ ਹੀ ਲਗਾ ਰਿਹਾ ਹੈ। ਪ੍ਰੰਤੂ ਜਦ ਮੋਹਰ ਖੋਲ੍ਹੀ ਜਾਂਦੀ ਹੈ,ਅਤੇ ਬੂਹਾ ਖੋਲ੍ਹਿਆ ਜਾਂਦਾ ਹੈ,ਤਦ ਅਸੀਂ ਉਸਦੇ ਵਿੱਚ ਵੇਖਦੇ ਹਾਂ ਕਿ ਅਸਲ ਵਿੱਚ ਉਸਦੇ ਅੰਦਰ ਕੀ ਹੈ।

ਕੀ ਤੁਸੀਂ ਸਮਝ ਗਏ?ਅਤੇ ਇਹ ਸਿਰਫ ਅੰਤ ਦੇ ਸਮੇਂ ਵਿੱਚ ਹੀ ਕੀਤਾ ਜਾਣਾ ਹੈ।

72 ਦੂਸਰੀ ਗੱਲ ਜੋ ਮੋਹਰ ਦਰਸਾਉਂਦੀ ਹੈ,ਉਹ ਹੈ,"ਮਲਕੀਅਤ। " ਵੇਖੋ ਕਿ ਮੋਹਰ ਦੇ ਉੱਤੇ ਇੱਕ ਨਿਸ਼ਾਨ ਹੁੰਦਾ ਹੈ ਜੋ ਮਲਕੀਅਤ ਨੂੰ ਦਰਸਾਉਂਦਾ ਹੈ। ਜਦੋਂ ਤੁਸੀਂ ਯਿਸੂ ਮਸੀਹ ਦੇ ਲਹੂ ਨਾਲ ਖਰੀਦੇ ਜਾਂਦੇ ਹੋ ਅਤੇ ਪਵਿੱਤਰ ਆਤਮਾ ਦੀ ਮੋਹਰ ਤੁਹਾਡੇ ਉੱਤੇ ਲੱਗ ਜਾਂਦੀ ਹੈ ਤਦ ਤੁਹਾਡਾ ਸਬੰਧ ਦੁਨੀਆਂ ਨਾਲ ਜਾਂ ਦੁਨੀਆਂ ਦੀ ਕਿਸੇ ਵੀ ਚੀਜ਼ ਨਾਲ ਨਹੀਂ ਰਹਿੰਦਾ ਹੈ। ਤੁਸੀਂ ਖੁਦਾ ਦੀ ਮਲਕੀਅਤ ਹੁੰਦੇ ਹੋ।

73 ਇੱਕ ਹੋਰ ਗੱਲ ਜੋ ਮੋਹਰ ਦੱਸਦੀ ਹੈ, ਉਹ ਹੈ, "ਸੁਰੱਖਿਆ। " ਮੋਹਰ ਦਾ ਮਤਲਬ ਹੈ ਤੁਸੀਂ ਸੁਰੱਖਿਅਤ ਹੋ। ਹੁਣ,ਤੁਸੀਂ ਜਿਹੜੇ ਸਦੀਪਕ ਸੁਰੱਖਿਆ ਵਿੱਚ ਵਿਸ਼ਵਾਸ਼ ਨਹੀਂ ਕਰਦੇ ਹੋ,ਮੈਂ ਤੁਹਾਨੂੰ ਨਹੀਂ ਜਾਣਦਾ ਹਾਂ। ਪਰ ਹੁਣ,ਪ੍ਰੰਤੂ ਮੋਹਰ ਉਸਦੇ ਸਦੀਪਕ ਟਿਕਾਣੇ ਲਈ ਉਸਦੀ ਸੁਰੱਖਿਆ ਨੂੰ ਬਿਆਨ ਕਰਦੀ ਹੈ। ਉਸ ਮਨੁੱਖ ਉੱਤੇ ਹਾਏ ਜੋ ਇਸ ਮੋਹਰ ਨੂੰ ਤੋੜਨ ਦਾ ਯਤਨ ਕਰੇ ! ਅਤੇ ਪਵਿੱਤਰ ਆਤਮਾ ਦੀ ਮੋਹਰ ਨੂੰ ਤੋੜਿਆ ਨਹੀਂ ਜਾ ਸੱਕਦਾ ਹੈ।

74 ਤੁਸੀਂ ਸਭਨਾਂ ਨੇ ਮੈਨੂੰ ਇਹ ਕਹਿੰਦੇ ਸੁਣਿਆ ਹੋਵੇਗਾ ਕਿ ਲੋਕ ਆਖਦੇ ਹਨ, " ਸ਼ੈਤਾਨ ਨੇ ਹੀ ਮੇਰੇ ਕੋਲੋਂ ਇਹ ਕਰਵਾਇਆ ਹੈ। " ਨਹੀਂ,ਨਹੀਂ ਸ਼ੈਤਾਨ ਨੇ ਇਸ ਤਰ੍ਹਾਂ ਨਹੀਂ ਕੀਤਾ ਹੈ। ਇਹ ਤਾਂ ਇਸ ਲਈ ਹੋਇਆ ਕਿਉਂਕਿ ਤੁਹਾਡੇ ਉੱਤੇ ਮੋਹਰ ਨਹੀਂ ਲੱਗੀ ਹੈ। ਕਿਉਂਕਿ ਜਦ ਤੁਹਾਡੇ ਉੱਤੇ ਮੋਹਰ ਲੱਗ ਜਾਂਦੀ ਹੈ ਤਾਂ ਸ਼ੈਤਾਨ ਬਾਹਰ ਹੋ ਜਾਂਦਾ ਹੈ। ਜੀ ਹਾਂ, ਸਮਝੇ? ਹੁਣ, ਤੁਸੀਂ ਆਪ ਸ਼ੈਤਾਨ ਦੇ ਕੋਲ ਪਹੁੰਚੇ ਹੋ। ਅਰ-ਹਾਹਾ ਉਹ ਤੁਹਾਡੇ ਅੰਦਰ ਆ ਨਹੀਂ ਸੱਕਦਾ ਹੈ,ਕਿਉਂਕਿ ਤੁਹਾਡੇ ਕੋਲ ਆਉਣ ਦਾ ਉਸ ਕੋਲ ਹੋਰ ਕੋਈ ਰਾਹ ਜਾਂ ਤਰੀਕਾ ਨਹੀਂ ਹੈ ਸਿਵਾਏ ਇਸਦੇ ਕਿ ਉਸਨੂੰ ਵੀ ਉਸੇ ਤਰੀਕੇ ਅਰਥਾਤ ਵਿਧੀ ਰਾਹੀਂ ਲੰਘਣਾ ਪਵੇ ਜਿਸ ਥਾਣੀ ਤੁਸੀਂ ਲੰਘੇ ਹੋ। ਉਸਨੂੰ ਵੀ ਮੁਕਤੀ ਪਾਉਣੀ ਪਵੇਗੀ, ਪਵਿੱਤਰ ਹੋਣਾ ਪਵੇਗਾ, ਅਤੇ ਉਸਨੂੰ ਪਵਿੱਤਰ ਆਤਮਾ ਨਾਲ ਭਰਨਾ ਪਵੇਗਾ, ਇਸ ਤੋਂ ਬਾਦ ਉਹ ਤੁਹਾਡਾ ਭਾਈ ਬਣਦਾ ਹੈ। ਇਸ ਲਈ, ਤੁਸੀਂ ਵੇਖੋ, ਉਸਨੇ ਇਹ ਨਹੀਂ ਕੀਤਾ। ਨਹੀਂ, ਨਹੀਂ। ਤੁਸੀਂ ਕੇਵਲ ਸਰਹੱਦ ਤੱਕ ਜਾ ਕੇ ਪਰਤ ਆਏ ਹੋ, ਅਤੇ ਦੁਨਿਆਵੀ ਚੀਜ਼ਾਂ ਦੀ ਲਾਲਸਾ ਕਰਦੇ ਹੋ। ਤੁਸੀਂ ਵੇਖੋ ਕਿ ਤੁਸੀਂ ਕਦੇ ਵੀ ਯਰਦਨ ਨੂੰ ਪਾਰ ਕਰਕੇ ਪੂਰੀ ਤਰ੍ਹਾਂ ਕਨਾਨ ਵਿੱਚ ਪ੍ਰਵੇਸ਼ ਨਹੀਂ ਕੀਤਾ ਹੈ, ਅਰਥਾਤ ਆਪਣੇ ਆਪਨੂੰ ਮਾਰਨਾ ਹੈ। ਸਮਝੇ?

75 ਹੁਣ ਧਿਆਨ ਦਿਓ,ਹੁਣ ਇਹ ਪੋਥੀ ਮੋਹਰਬੰਦ ਹੈ। ਅਤੇ ਤੁਹਾਡੇ ਉੱਤੇ ਛੁਟਕਾਰੇ ਦੇ ਦਿਨ ਤੱਕ ਪੋਥੀ ਦੇ ਨਾਲ ਹੀ ਮੋਹਰ ਲੱਗੀ ਹੋਈ ਹੈ।

76 ਹੁਣ ਫਿਰ, ਰੋਮੀਆਂ 8:22 ਅਤੇ 23 ਵਿੱਚ। ਆਓ ਇਸਨੂੰ ਲਈਏ, ਅਤੇ ਅਸੀਂ ਇਸ ਨਾਲ ਪਿਛੋਕੜ ਤਿਆਰ ਕਰਾਂਗੇ, ਅਤੇ ਮੈਂ ਸਮਝਦਾ ਹਾਂ ਕਿ ਹਰ ਕੋਈ ਇਸਨੂੰ ਆਪਣੇ ਆਪ ਪੜ੍ਹਦਾ ਹੈ ਤਾਂ ਉਹ ਇਸਨੂੰ ਬੇਹਤਰ ਸਮਝ ਸਕੇਗਾ। ਮੈਂ ਹੁਣ ਤੁਹਾਨੂੰ ਵਚਨ ਦੇ ਕੁਝ ਹਵਾਲੇ ਦੇ ਰਿਹਾਂ ਹਾਂ, ਤਾਂ ਕਿ ਅਸੀਂ ਉਹਨਾਂ ਉੱਤੇ ਧਿਆਨ ਕਰ ਸਕੀਏ, ਜਦਕਿ ਸਾਡੇ ਕੋਲ ਹਾਲੇ ਕਾਫੀ ਸਮਾਂ ਹੈ। ਹੁਣ,ਆਓ ਰੋਮੀਆਂ 8:22 ਤੋਂ ਪੜ੍ਹਨਾ ਸ਼ੁਰੂ ਕਰੀਏ।

*ਅਸੀਂ ਜਾਣਦੇ ਹਾਂ ਭਈ ਸਾਰੀ ਸਰਿਸ਼ਟੀ ਰਲ ਕੇ ਹੁਣ ਤੀਕ ਹਾਉਕੇ ਭਰਦੀ ਹੈ ਅਤੇ ਉਹ ਨੂੰ ਪੀੜਾਂ ਲੱਗੀਆਂ ਹੋਈਆਂ ਹਨ ।*

*ਅਤੇ ਨਿਰੀ ਉਹ ਤਾਂ ਨਹੀਂ ਸਗੋਂ ਅਸੀਂ ਆਪ ਭੀ ਜਿਨ੍ਹਾਂ ਨੂੰ ਆਤਮਾ ਦਾ ਪਹਿਲਾ ਫਲ ਮਿਲਿਆ ਆਪਣੇ ਆਪ ਵਿੱਚ ਹਾਉਕੇ ਭਰਦੇ ਹਾਂ ਅਤੇ ਪੁੱਤ੍ਰ ਹੋਣ ਦੀ ਅਰਥਾਤ ਆਪਣੀ ਦੇਹੀ ਦੇ ਨਿਸਤਾਰੇ ਦੀ ਉਡੀਕ ਵਿੱਚ ਬੈਠੇ ਹਾਂ।*

77 ਹੇ ਮੇਰੇ,ਪ੍ਰਭੂ! ਹੇ ਮੇਰੇ,ਪ੍ਰਭੂ!ਕੀ ਇਹ ਗੱਲ ਸਾਨੂੰ ਪੁਰਾਣੇ ਬੁੱਢਿਆਂ ਨੂੰ ਅਨੰਦ ਨਾਲ ਨਹੀਂ ਭਰਦੀ ਹੈ? ਸਾਨੂੰ ਸਭਨਾਂ ਨੂੰ ਹੀ ਇਸ ਗੱਲ ਤੋਂ ਖੁਸ਼ ਹੋਣਾ ਚਾਹੀਦਾ ਹੈਜੋ ਉਸ ਘੜੀ ਦੀ ਉਡੀਕ ਕਰ ਰਹੇ ਹਾਂ। ਅਸੀਂ ਸਮਝਦੇ ਹਾਂ ਕਿ ਇਹ ਪਹਿਲੀ ਕਿਆਮਤ ਦੇ ਸਮੇਂ ਹੋਵੇਗਾ। ਸਮਝੇ? ਸਰਿਸ਼ਟੀ ਹਾਉਕੇ ਭਰ ਰਹੀ ਹੈ। ਅਸੀਂ ਹਾਉਕੇ ਭਰ ਰਹੇ ਹਾਂ। ਹਰੇਕ ਚੀਜ਼ ਹਾਉਕੇ ਭਰ ਰਹੀ ਹੈ, ਕਿਉਂਕਿ ਅਸੀਂ ਮਹਿਸੂਸ ਕਰਦੇ ਹਾਂ ਕਿ ਕੁਝ ਅਜਿਹਾ ਹੈ ਜੋ ਠੀਕ ਨਹੀਂ ਹੈ। ਅਤੇ ਹਾਉਕੇ ਭਰਨ ਦਾ ਕੇਵਲ ਇੱਕੋ ਹੀ ਤਰੀਕਾ ਹੈ ਜਿਹਦੇ ਨਾਲ ਤੁਸੀਂ ਹਾਉਕੇ ਭਰ ਕੇ ਇੰਤਜ਼ਾਰ ਕਰ ਸਕਦੇ ਹੋ, ਕਿਉਂਕਿ ਇੱਕ ਅਜਿਹਾ ਨਵਾਂ ਹੈ ਜੋ ਇੱਥੇ ਆਉਣਾ ਹੈ, ਜੋ ਨਵੇਂ ਜਗਤ ਦੇ ਬਾਰੇ ਵਿੱਚ ਕਹਿੰਦਾ ਹੈ।

78 ਜਿਵੇਂ ਕਿ ਮੇਰੀ ਪਤਨੀ ਇੱਥੇ ਹੈ,ਜਿਆਦਾ ਸਮਾਂ ਨਹੀਂ ਹੋਇਆ ਹੈ ਕਿ ਅਸੀਂਇੱਥੇ ਸੁਪਰ ਬਜ਼ਾਰ ਗਏ ਸੀ। ਅਤੇ ਮੈਂ ਕਿਹਾ," ਅਸੀਂ ਇੱਕ ਅਨੋਖੀ ਚੀਜ਼ ਵੇਖੀ; ਇੱਕ ਔਰਤ ਨੇ ਕੱਪੜੇ ਪਾਏ ਹੋਏ ਸਨ। " ਅਤੇ ਇਹ ਬੜੀ ਹੀ ਅਜੀਬ ਗੱਲ ਸੀ, ਸਮਝੇ। ਉਹ, ਉਹ ਸਨ .....ਲੱਗਭੱਗ ਉਹਨਾਂ ਸਾਰੀਆਂ ਨੇ ਕੱਪੜੇ ਨਹੀਂ ਸਨ ਪਹਿਨੇ ਹੋਏ, ਤੁਸੀਂ ਸਮਝੋ। ਅਤੇ ਕਿਵੇਂ ਵੀ ਹੈ ਉਹ ਭੁੱਲਣਹਾਰੀਆਂ ਹਨ;ਉਹ ਬਾਹਰ ਜਾਣ ਲੱਗੀਆਂ ਕੱਪੜੇ ਪਾਉਣਾ ਹੀ ਭੁੱਲ ਜਾਂਦੀਆਂ ਹਨ। ਅਤੇ ਫਿਰ ਅਸੀਂ .... ਉਹ ਜਾਣ ਬੁੱਝ ਕੇ ਭੁੱਲਦੀਆਂ ਹਨ।

79 ਅਤੇ ਤਦ, ਮੀਡਾ ਨੇ ਮੈਨੂੰ ਆਖਿਆ, ਉਹ ਕਹਿਣ ਲੱਗੀ, "ਬਿਲ, ਇਹ ਇੰਝ ਕਿਉਂ ਹੈ?" ਉਸਨੇ ਕਿਹਾ।

80 "ਔਹ," ਮੈਂ ਕਿਹਾ, ਇਹ ਕੌਮੀ ਆਤਮਾ ਦੇ ਕਾਰਨ ਹੈ। "ਅਤੇ ਮੈਂ ਕਿਹਾ, "ਜਦ ਤੁਸੀਂ ਜਰਮਨ ਜਾਂਦੇ ਹੋ,ਉਹਨਾਂ ਦੇ ਵਿੱਚ ਇੱਕ ਖਾਸ ਰੂਹ ਹੁੰਦੀ ਹੈ। ਫਿਨਲੈਂਡ ਵਿੱਚ ਜਾਓ ਉਹਨਾਂ ਦੀ ਆਪਣੀ ਇੱਕ ਕੌਮੀ ਰੂਹ ਹੈ। ਤੁਸੀਂ ਅਮਰੀਕਾ ਵਿੱਚ ਆਓ, ਸਾਡੀ ਇੱਥੇ ਕੌਮੀ ਰੂਹ ਹੈ। "

81 ਸਾਡੀ ਕੌਮੀ ਆਤਮਾ ਬਦਮਸਤੀਆਂ ਕਰਨਾ ਅਤੇ ਮਖੌਲ ਕਰਨਾ ਹੈ। ਤੁਸੀਂ ਜਾਣਦੇ ਹੋ ਕਿਉਂ? ਸਾਡੀ ਨੀਂਹ ਰਸੂਲਾਂ ਦੀ ਤਲੀਮ ਉੱਤੇ ਰੱਖੀ ਗਈ ਸੀ। ਸਾਡੀ ਬੁਨਿਆਦ ਵਸ਼ਿੰਗਟਨ ਅਤੇ ਲਿੰਕਨ ਵਰਗੇ ਮਹਾਂ ਪੁਰਸ਼ਾਂ ਦੀ ਅਗੁਵਾਈ ਵਿੱਚ ਰੱਖੀ ਗਈ ਸੀ। ਪਰ ਅਸੀਂ ਉਸ



ਮਿਲ ਗਈ ਹੈ ਜਾਂ ਨਹੀਂ । ਮੈਂ ਉਮੀਦ ਕਰਦਾ ਹਾਂ ਕਿ ਮੈਨੂੰ ਇਹ ਮਿਲ ਗਈ ਹੈ । ਆਓ ਹੁਣ ਯਕਰਯਾਹ 3 .......ਮੈਂ ਇੱਥੇ 89 ਲਿਖਿਆ ਹੋਇਆ ਹੈ, ਪ੍ਰੰਤੂ ਇਹ 8ਵਾਂ ਜਾਂ 9ਵਾਂ ਬਾਬ ਹੋਣਾ ਚਾਹੀਦਾ ਹੈ। ਠੀਕ ਹੈ । ਠੀਕ ਹੈ । ਮੈਂ ਜਾਣਦਾ ਹਾਂ ਕਿ ਇਹ 89 ਬਾਬ ਨਹੀਂ ਹੋ ਸੱਕਦਾ । ਯਕਰਯਾਹ 3:8 ਅਤੇ 9 .

*ਹੇ ਯਹੋਸ਼ੁਆ, ਪਰਧਾਨ ਜਾਜਕ, ਸੁਣੀਂ ਅਤੇ ਤੇਰੇ ਸਾਥੀ ਜਿਹੜੇ ਤੇਰੇ ਸਨਮੁਖ ਬੈਠੇ ਹਨ ਕਿਉਂ ਜੋ ਇਹ ਨਿਸ਼ਾਨ ਦੇ ਮਨੁੱਖ ਹਨ । ਵੇਖੋ ਨਾ, ਮੈਂ ਆਪਣੇ ਦਾਸ ਅਰਥਾਤ ਸ਼ਾਖ ਨੂੰ ਲੈ ਆਵਾਂਗਾ।* (ਮਸੀਹ ਨੂੰ)

*ਕਿਉਂ ਜੋ ਉਸ ਪੱਥਰ ਨੂੰ ਵੇਖ ਜਿਹੜਾ ਮੈਂ ਯਹੋਸ਼ੁਆ ਦੇ ਅੱਗੇ ਰੱਖਿਆ ਹੈ । ਉਸ ਇੱਕੋ ਪੱਥਰ* (ਪੱਥਰ) *ਉੱਤੇ ਸੱਤ ਅੱਖਾਂ ਹਨ :* ( ਸੱਤ ਅੱਖਾਂ ), *ਵੇਖ, ਮੈ ਇਸ ਉੱਤੇ ਇਹ ਲਿਖਤ ਉੱਕਰਾਂਗਾ, ਸੈਨਾ ਦੇ ਯਹੋਵਾਹ ਦਾ ਵਾਕ ਹੈ .......ਮੈਂ ਇੱਕੋ ਦਿਨ ਵਿੱਚ ਏਸ ਦੇਸ਼ ਦੀ ਬੁਰਿਆਈ ਨੂੰ ਦੂਰ ਕਰ ਦਿਆਂਗਾ ।*

236 ਆਓ ਅਸੀਂ ਹੁਣ ਯਕਰਯਾਹ 4:10 ਕੱਢੀਏ । ਹੁਣ ਯਕਰਯਾਹ 4:10 ਸੁਣੋ ।

*........ ਉਹ ਕੌਣ ਹੈ ਜਿਹ ਨੇ ਛੋਟੀਆਂ ਗੱਲਾਂ ਦੇ ਦਿਨਾਂ ਦੀ ਨਿਰਾਦਰੀ ਕੀਤੀ ਹੋਵੇ ?* .........( ਦੇਖੋ, ਪ੍ਰਮੇਸ਼ੁਰ ਸਾਦਗੀ ਵਿੱਚ ਹੈ । )

*ਓਹ ਅਨੰਦ ਹੋਣਗੇ ਅਤੇ ਜ਼ਰੁੱਬਾਬਲ ਦੇ ਹੱਥ ਵਿੱਚ ਸਾਹਲ ਨੂੰ ਵੇਖਣਗੇ । ਇਹ ਯਹੋਵਾਹ ਦੀਆਂ ਸੱਤ ਅੱਖਾਂ ਹਨ ਜਿਹੜੀਆਂ ਸਾਰੀ ਧਰਤੀ ਵਿੱਚ ਨੱਠੀਆਂ ਫਿਰਦੀਆਂ ਹਨ।*

237 "ਸੱਤ ਅੱਖਾਂ । " *ਅੱਖਾਂ* ਦਾ ਅਰਥ ਹੈ, " ਵੇਖਣਾ । " *ਦੇਖਣ* ਦਾ ਅਰਥ ਹੁੰਦਾ ਹੈ ਨਬੀ, ਦਰਸ਼ੀ ( SEERS )ਇਸ ਲੇਲੇ ਦੇ ਸੱਤ ਸਿੰਙ ਸਨ, ਹਰੇਕ ਸਿੰਙ ਦੇ ਉੱਤੇ ਇੱਕ ਅੱਖ ਸੀ, ਸੱਤ ਅੱਖਾਂ । ਇਹ ਕੀ ਹੈ ? ਮਸੀਹ ਅਤੇ ਉਸਦੀ ਲਾੜੀ, ਸੱਤ ਕਲੀਸਿਯਾਈ ਯੁੱਗ । ਇਹ ਅੱਖਾਂ ਉਹ ਸੱਤ ਨਬੀ ਹਨ, ਇਹ ਉਹ ਸੱਤ ਦਰਸ਼ੀ ਹਨ ਜੋ ਆਏ ਸਨ । ਸੋ, ਆਖਰੀ ਨੇ ਜਰੂਰ ਹੀ ਨਬੀ (ਦਰਸ਼ੀ )ਹੋਣਾ ਹੈ । [ਭਾਈ ਬ੍ਰਾਨਹਾਮ ਜਦ " ਨਬੀ " ਕਹਿੰਦੇ ਹਨ ਤਾਂ ਦੋ ਵਾਰ ਪੁਲਪਿਟ ਖੜਕਾਉਂਦੇ ਹਨ -ਸੰਪਾ ] ਠੀਕ ਹੈ ।

238 ਧਿਆਨ ਦਿਓ ਕਿ ਉਹ ਪਸ਼ੂ ਜਾਂ ਜਾਨਵਰ ਨਹੀਂ ਹੈ, ਕਿਉਂਕਿ ਉਸਨੇ ਜੋ ਸਿੰਘਾਸਣ ਤੇ ਬਿਰਾਜਮਾਨ ਹੈ ਉਸਦੇ ਸੱਜੇ ਹੱਥ ਵਿੱਚੋਂ ਉਹ ਪੋਥੀ ਲੈ ਲਈ ਸੀ । ਉਹ ਕੌਣ ਸੀ ? ਅਸਲੀ ਮਾਲਕ, ਮੂਲ ਸੁਆਮੀ ਜਿਸਦੇ ਕੋਲ ਉਹ ਛੁਟਕਾਰੇ ਦੀ ਪੋਥੀ ਹੈ, ਉਸਦੇ ਸੱਜੇ ਹੱਥ ਵਿੱਚ ਸੀ। ਅਤੇ ਨਾ ਕੋਈ ਸਵਰਗਦੂਤ, ਨਾ ਹੀ ਕੋਈ ਸਵਰਗੀ ਜੰਤੂ ਜਾਂ ਕੋਈ ਹੋਰ ਅਜਿਹਾ ਕਰ ਸੱਕਦਾ ਸੀ । ਅਰ ਇਹ ਲਹੂ-ਲੁਹਾਨ ਲੇਲਾ ਨਿੱਕਲ ਕੇ ਬਾਹਰ ਆਉਂਦਾ ਹੈ, ਅਤੇ ਉਸਦੇ ਹੱਥ ਵਿੱਚੋਂ ਪੋਥੀ ਲੈ ਲੈਂਦਾ ਹੈ । ਵਾਹ ! ਇਹ ਕੀ ਸੀ ? ਇਹ ਹੀ ਵਚਨ ਵਿੱਚ ਸਭ ਤੋਂ ਵੱਧ ਅਸਰਦਾਰ ਗੱਲ ਹੈ। ਆਮੀਨ। ਇਹ ਹੀ ਉਹ ਕੰਮ ਸੀ ਜੋ ਸਵਰਗਦੂਤ ਜਾਂ ਹੋਰ ਕੋਈ ਨਹੀਂ ਕਰ ਸੱਕਦਾ ਸੀ । " ਅਤੇ

ਦਾ ਸਾਕ ਹੈ । ਕੀ ਤੁਹਾਨੂੰ ਯਾਦ ਹੈ ਕਿ ਬੋਅਜ ਨੇ ਆਪਣੀ ਜੁੱਤੀ ਆਦਿ ਸੁੱਟੀ ਸੀ ? ਹੁਣ ਉਹ ਇਹ ਸੱਭ ਕੁਝ ਕਰ ਚੁੱਕਾ ਹੈ ।

229 ਹੁਣ ਉਹ ਆਪਣੀ ਦੁਲਹਨ ਨੂੰ ਲੈਣ ਆਉਂਦਾ ਹੈ । ਆਮੀਨ । ਉਹ ਹੁਣ ਰਾਜੇ ਵਾਂਗ ਆਉਂਦਾ ਹੈ । ਉਹ ਆਪਣੀ ਰਾਣੀ ਦੀ ਰਾਹ ਵੇਖ ਰਿਹਾ ਹੈ । ਆਮੀਨ। ਆਮੀਨ। ਇਸ ਪੋਥੀ ਵਿੱਚ ਇਸਦਾ ਸਾਰਾ ਭੇਤ ਹੈ ਅਤੇ ਸੱਤਾਂ ਮੋਹਰਾਂ ਨਾਲ ਦੁਆਲਿਓਂ ਬੰਦ ਕੀਤਾ ਹੋਇਆ ਹੈ । ਹੇ, ਭਾਈ ਜੀ ! ਸੱਤ ਮੋਹਰਾਂ ਉਸਦੇ ਆਉਣ ਦੀ ਉਡੀਕ ਕਰ ਰਹੀਆਂ ਹਨ । ਧਿਆਨ ਦਿਓ ।

230 ਆਓ, ਅਸੀਂ ਇਹਨਾਂ ਚਿੰਨ੍ਹਾਂ ਨੂੰ ਵੇਖਦੇ ਹਾਂ । ਚੰਗਾ, ਹਾਲੇ ਸਿਰਫ ਨੌਂ ਹੀ ਵੱਜੇ ਹਨ। ਸਾਡੇ ਕੋਲ ਤਿੰਨ ਜਾਂ ਵੱਧ ਘੰਟੇ ਅਜੇ ਹੋਰ ਹਨ। ਸਾਡੇ ਕੋਲ ....... ਅਸੀਂ ਸਿਰਫ ........ ਸ਼ੈਤਾਨ ਉਹਨਾਂ ਲੋਕਾਂ ਨੂੰ ਦੱਸ ਰਿਹਾ ਹੈ ਕਿ ਉਹ ਥੱਕ ਗਏ ਹਨ, ਅਤੇ ਮੈਂ ਵੀ ਸੋਚਦਾ ਹਾਂ ਕਿ ਉਹ ਥੱਕ ਗਏ ਹਨ। ਪਰ ਆਓ ਕਿਵੇਂ ਵੀ ਹੋਵੇ ਅਸੀਂ ਇਸਨੂੰ ਲਈਏ ।

231 "ਸੱਤ ਸਿੰਙ " ਤਾਂ ਸੱਤ ਕਲੀਸਿਯਾਵਾਂ ਸਨ, ਸਮਝੇ, ਸੱਤ ਕਲੀਸਿਯਾਈ ਯੁੱਗ, ਕਿਉਂਕਿ ਉਹ ਤਾਂ ਲੇਲੇ ਦੀ ਸੁਰੱਖਿਆ ਸੀ । ਜਿਸਦੇ ਰਾਹੀਂ ਉਸਨੇ ਆਪਣੇ ਅਧਿਕਾਰਾਂ ਦੀ ਰਾਖੀ ਧਰਤੀ ਤੇ ਕਰਾਈ ;ਉਹ ਖੁਦਾ ਦੁਆਰਾ ਭੇਜਿਆ ਹੋਇਆ ਲੋਕਾਂ ਦਾ ਸਮੂਹ ਸੀ -ਉਹ ਲੇਲੇ ਦੇ ਸਿੰਙ ਸਨ।

232 " ਸੱਤ ਅੱਖਾਂ ", ਸੱਤਾਂ ਕਲੀਸਿਯਾਵਾਂ ਦੇ ਸੱਤ ਦੂਤ ਹਨ। " ਸੱਤ ਅੱਖਾਂ " ਸੱਤ ਨਬੀ ਜਾਂ ਦਰਸ਼ੀ ਹਨ ।

233 ਕੀ ਤੁਸੀਂ ਕੁਝ ਲਿਖਤਾਂ ਲਿਖਣੀਆਂ ਚਾਹੁੰਦੇ ਹੋ ? ਆਓ ਜਰਾ ਇਸ ਵੱਲ ਪਰਤੀਏ । ਤੁਸੀਂ ਕੀ ਕਹਿੰਦੇ ਹੋ, ਕੀ ਤੁਹਾਡੇ ਕੋਲ ਇੰਨਾ ਸਮਾਂ ਹੈ ? [ਸੰਗਤ ਆਖਦੀ ਹੈ, " ਆਮੀਨ "-ਸੰਪਾ ] ਆਓ ਅਸੀਂ ਯਕਰਯਾਹ ਦੀ ਕਿਤਾਬ ਕੱਢੀਏ -ਯਕਰਯਾਹ ਦੀ ਕਿਤਾਬ, ਇਸ ਵਿੱਚੋਂ ਥੋੜਾ ਜਿਹਾ ਪੜ੍ਹੀਏ - ਅਸੀਂ ਇਸ ਵਿੱਚੋਂ ਥੋੜਾ ਜਿਹਾ ਪੜ੍ਹਾਂਗੇ।

234 ਮੈਂ ਤੁਹਾਨੂੰ ਇਹਨਾਂ ਚੀਜ਼ਾਂ ਤੇ ਬਹੁਤ ਦੇਰ ਤੱਕ ਨਹੀਂ ਬਿਠਾਈ ਰੱਖਣਾ ਚਾਹੁੰਦਾ ਹਾਂ । ਅਤੇ ਮੈਂ ਅਤੇ .........ਪਰ ਤਾਂ ਵੀ ਮੈਂ ਨਹੀਂ ਚਾਹੁੰਦਾ ਹਾਂ ਕਿ ਤੁਸੀਂ ਇਸਨੂੰ ਗੁਆ ਲਓ । ਇਸ ਦੇ ਨਾਲੋ ਵੱਧ ਜਰੂਰੀ ਹੋਰ ਕੀ ਹੈ ? [ਸਭਾ ਆਖਦੀ ਹੈ, "ਆਮੀਨ"-ਸੰਪਾ ] ਹਾਂ ਜੀ । ਹੋਰ ਕੀ ਹੈ ...... . [ਸੰਗਤ ਵਿੱਚੋਂ ਕੋਈ ਕਹਿੰਦਾ ਹੈ, " ਭਾਈ ਬ੍ਰਾਨਹਾਮ ?"] ਕੀ ? [" ਤੁਸੀਂ ਸਮੇਂ ਦੀ ਚਿੰਤਾ ਨਾ ਕਰੋ"] ਕਿਸੇ ਆਦਮੀ ਲਈ ਅਨੰਤ ਜੀਵਨ ਤੋਂ ਵੱਧ ਕੇ ਕੁਝ ਵੀ ਮਹੱਤਵਪੂਰਨ ਨਹੀਂ ਹੈ । ਅਤੇ ਸਾਨੂੰ ਇਹ ਹੁਣੇ ਪ੍ਰਾਪਤ ਕਰ ਲੈਣਾ ਚਾਹੀਦਾ ਹੈ, ਅਤੇ ਪੱਕ ਜਾਣ ਲੈਣਾ ਚਾਹੀਦਾ ਹੈ ਕਿ ਸਾਨੂੰ ਇਹ ਮਿਲ ਗਿਆ ਹੈ। ਠੀਕ ਹੈ । ਠੀਕ ਹੈ, ਸ਼੍ਰੀਮਾਨ ਜੀ ।

235 ਅਤੇ ਹੁਣ ਅਸੀਂ ਯਕਰਯਾਹ ਦਾ 3 ਬਾਬ ਪੜ੍ਹਨਾ ਚਾਹੁੰਦੇ ਹਾਂ । ਮੈਂ ਸੋਚਦਾ ਹਾਂ ਕਿ ਇਹ ਹੁਣ ਠੀਕ ਹੋਵੇਗਾ ਕਿ ਅਸੀਂ ਯਕਰਯਾਹ ਦੀ ਕਿਤਾਬ ਦਾ 3 ਬਾਬ ਕੱਢੀਏ । ਹੁਣ ਅਸੀਂ ਇਹਨਾਂ ਚਿੰਨ੍ਹਾਂ ਨੂੰ ਇੱਥੇ ਵੇਖਣ ਦੇ ਲਈ ਜਾ ਰਹੇ ਹਾਂ । ਮੈਂ ਇਸ ਦੇ ਨਾਨ ਸਬੰਧਿਤ ਲਿਖਤਾਂ ਨੂੰ ਇੱਥੇ ਲਿਖਿਆ ਹੋਇਆ ਹੈ । ਇਸ ਦੁਪਹਿਰ ਜਦ ਮੈਂ ਇਸ ਬਾਬ ਤੇ ਪਹੁੰਚਾ ਤਾਂ ਮੈਂ ਅਨੰਦ ਦੇ ਨਾਲ ਭਰ ਗਿਆ ਅਤੇ ਮੈਂ ਸੱਭ ਜਗ੍ਹਾ ਚਿਲਾ ਰਿਹਾ ਸੀ । ਮੈਂ ਨਹੀਂ ਜਾਣਦਾ ਹਾਂ ਕਿ ਮੈਨੂੰ ਇਹ ਲਿਖਤ



ਬੁਨਿਆਦ ਤੋਂ ਲਾਂਭੇ ਹੋ ਗਏ ਹਾਂ,ਅਤੇ ਅਸੀਂ ਜਾਣਦੇ ਹਾਂ ਕਿ ਅਸੀਂ ਇਸੇ ਤਰ੍ਹਾਂ ਚੱਲੇ ਆ ਰਹੇ ਹਾਂ। ਅਸੀਂ ਜਾਣਦੇ ਹਾਂ ਕਿ ਪ੍ਰਮਾਣੂ ਬੰਬਾਂ ਉੱਤੇ ਸਾਡੇ ਨਾਮ ਲਿਖੇ ਹੋਏ ਹਨ। ਅਸੀਂ ਜਾਣਦੇ ਹਾਂ ਕਿ ਸਾਡੇ ਅੱਗੇ ਗੁਲਾਮੀ ਪਈ ਹੋਈ ਹੈ। ਆਪਣੇ ਆਪਨੂੰ ਧੋਖਾ ਦੇਣ ਦੀ ਕੋਈ ਜਰੂਰਤ ਨਹੀਂ ਹੈ।

82 ਇਹ ਮੈਨੂੰ ਇਨ੍ਹਾਂ ਹਾਸ-ਅਭਿਨੇਤਾਵਾਂ ਦੀ ਯਾਦ ਦਿਵਾਉਂਦਾ ਹੈ,ਜਿਵੇਂ ਹਾਸਾ ਮਖੌਲ ਕਰਦੇ ਜਾ ਰਹੇ ਹਨ,ਅਤੇ ਉਹਨਾਂ ਨੂੰ ਕਹਿੰਦੇ ਹੀ ਰਹਿੰਦੇ ਹਨ,ਅਤੇ ਔਰਤਾਂ ਉਸੇ ਤਰ੍ਹਾਂ ਕਰਦੀਆਂ ਜਾ ਰਹੀਆਂ ਹਨ। ਇਹ ਮੈਨੂੰ ਉਸ ਛੋਟੇ ਮੁੰਡੇ ਦੀ ਯਾਦ ਦਿਲਾਉਂਦਾ ਹੈ ਜੋ ਕਬਰਾਂ ਵਿੱਚੋਂ ਦੀ ਸੀਟੀ ਵਜਾਉਂਦਾ ਹੋਇਆ ਗੁਜਰਦਾ ਹੈ, ਅਤੇ ਆਪਣੇ ਆਪ ਨੂੰ ਇਹ ਯਕੀਨ ਦਿਵਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਉਹ ਡਰਿਆ ਹੋਇਆ ਨਹੀਂ ਹੈ। ਯਕੀਨਨ, ਉਹ ਡਰਿਆ ਹੋਇਆ ਹੈ । ਸਮਝੇ? ਉਹ ਕਿਸੇ ਦੂਸਰੇ ਨੂੰ ਮੂਰਖ ਨਹੀਂ ਬਣਾ ਰਿਹਾ ਹੈ। ਇਹ ਹੀ ਕਾਰਨ ਹੈ ਕਿ ਉਹ ਸੀਟੀ ਵਜਾ ਰਿਹਾ ਹੈ। ਸਮਝੇ? ਉਹ ਇਹ ਕਹਿਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਉਹ ਡਰਿਆ ਹੋਇਆ ਨਹੀਂ ਹੈ ਪ੍ਰੰਤੂ ਉਹ ਡਰਿਆ ਹੋਇਆ ਹੈ। ਅਤੇ ਬਿਲਕੁੱਲ ਇਹ ਹੀ ਹਾਲ ਅੱਜ ਹੈ।

83 ਪ੍ਰੰਤੂ, ਔਹ, ਉਸ ਵਿਸ਼ਵਾਸ਼ੀ ਲਈ ਜੋ ਆਪਣੇ ਹੱਥਾਂ ਨੂੰ ਉੱਪਰ ਚੁੱਕਦਾ ਹੈ ਕੇਹੀ ਆਸ ਹੈ,ਕਿਉਂਕਿ ਸਾਡਾ ਛੁਟਕਾਰਾ ਨੇੜੇ ਆ ਗਿਆ ਹੈ। ਜਦ ਉਹ ਇਹਨਾਂ ਗੱਲਾਂ ਨੂੰ ਹੁੰਦਾ ਹੋਇਆ ਵੇਖਦਾ ਹੈ ਤਾਂ ਇਹ ਵਿਸ਼ਵਾਸ਼ੀ ਲਈ ਇੱਕ ਮਹਾਨ ਸਮਾਂ ਹੁੰਦਾ ਹੈ।

84 ਹੁਣ ਇਹ ਗੱਲਾਂ ਸਾਡੇ ਦਿਲਾਂ ਵਿੱਚ ਹਾਉਕੇ ਭਰਦੀਆਂ ਹਨ। ਕੀ ਤੁਸੀਂ ਕਦੇ ਕਿਸੇ ਰੁੱਖ ਵੱਲ ਧਿਆਨ ਦਿੱਤਾ ਹੈ ਕਿ ਕਿਸ ਤਰ੍ਹਾਂ ਉਹ ਜੀਵਨ ਲਈ ਸੰਘਰਸ਼ ਕਰਦਾ ਹੈ?ਉਹ ਜੀਉਣਾ ਚਾਹੁੰਦਾ ਹੈ। ਅਤੇ ਤੁਸੀਂ ਇੱਕ ਜਾਨਵਰ ਵੱਲ ਧਿਆਨ ਦਿੱਤਾ ਹੈ,ਕਿਵੇਂ ਮੌਤ ਵਿੱਚ ਉਹ ਸੰਘਰਸ਼ ਕਰਦਾ ਹੈ। ਤੁਸੀਂ ਮਨੁੱਖ ਜਾਤੀ ਵੱਲ ਧਿਆਨ ਦਿਓ,ਹਰੇਕ ਚੀਜ਼,ਸਰਿਸ਼ਟੀ ਹਾਉਕੇ ਭਰ ਰਹੀ ਹੈ। ਅਸੀਂ ਆਪਣੇ ਆਪ ਵਿੱਚ ਵੀ ਹਾਉਕੇ ਭਰ ਰਹੇ ਹਾਂ। ਵੇਖਿਆ?ਅਸੀਂ ਜਾਣਦੇ ਹਾਂ ਕਿ ਕਿਤੇ ਨਾ ਕਿਤੇ ਕੋਈ ਗਲਤੀ ਹੈ। ਅਸੀਂ ਇਹਨਾਂ ਆਇਤਾਂ ਤੋਂ ਵੇਖਦੇ ਹਾਂ ਕਿ ਧਰਤੀ ਅਤੇ ਮਨੁੱਖ ਦੋਹਾਂ ਦਾ ਹੀ ਕੁਝ ਗੁਆਚ ਗਿਆ ਹੈ। ਹਰੇਕ ਪ੍ਰਕਾਰ ਦੀ ਰਚਨਾ ਦਾ ਕੁਝ ਗੁੰਮ ਹੋ ਗਿਆ ਹੈ, ਕਿਉਂਕਿ ਅਸੀਂ ਇਸ ਪ੍ਰੇਰਿਤ ਵਚਨ ਵਿੱਚੋਂ ਵੇਖਦੇ ਹਾਂ ਕਿ ਇਹ ਕਿਸੇ ਕਾਰਨ ਹਾਉਕੇ ਭਰ ਰਹੀ ਹੈ। ਤੁਸੀਂ ਤਦ ਤੱਕ ਹਾਉਕੇ ਨਹੀਂ ਭਰ ਸੱਕਦੇ ਜਦ ਤੱਕ ਕਿ ਹਾਉਕੇ ਭਰਨ ਦਾ ਕਾਰਨ ਨਾ ਹੋਵੇ।

ਜਿਵੇਂ ਕਿ ਮੈਂ ਸਿਆਹੀ ਦੇ ਬਾਰੇ ਵਿੱਚ ਬੋਲਿਆ ਸੀ,ਇਸਦਾ ਇੱਕ ਕਾਰਨ ਹੈ।

85 ਇਹ ਹੀ ਢੰਗ ਬਿਮਾਰਾਂ ਲਈ ਦੁਆ ਕਰਨ ਦਾ ਹੈ; ਜਦ ਤੱਕ ਕਿ ਤੁਸੀਂ ਕਾਰਨ ਪਤਾ ਨਹੀਂ ਕਰ ਲੈਂਦੇ। ਮੈਂ ਇਲਾਜ਼ ਜਾਣਦਾ ਹਾਂ, ਪਰ ਮੈਨੂੰ ਕਾਰਨ ਲੱਭਣ ਦੀ ਲੋੜ ਹੈ। ਇਹ ਹੀ ਕਾਰਨ ਹੈ ਕਿ ਦਰਸ਼ਨਾਂ ਦੀ ਲੋੜ ਪੈਂਦੀ ਹੈ ਅਤੇ ਇਹ ਬਹੁਤ ਹੀ ਲਾਭਕਾਰੀ ਹੁੰਦੇ ਹਨ; ਇਹ ਦਿਲਾਂ ਦੇ ਗੁਪਤ ਵਿਚਾਰਾਂ ਨੂੰ ਪ੍ਰਗਟ ਕਰਦੇ ਹਨ,ਬਿਮਾਰ ਆਦਮੀ ਨੂੰ ਦੱਸਦੇ ਹਨ ਕਿ ਤੂੰ ਕਿੱਥੇ ਗਲਤੀ ਕੀਤੀ ਹੈ, ਅਤੇ ਕੀ ਕਰਨਾ ਹੈ। ਸਮਝੇ? ਕੋਈ ਪ੍ਰਵਾਹ ਨਹੀਂ ਹੈ ਕਿ ਤੁਸੀਂ ਕਿੰਨੀ ਦਵਾਈ ਖਾਧੀ ਹੈ, ਜਾਂ ਤੁਸੀਂ ਉਹਨਾਂ ਦੇ ਸਿਰਾਂ ਉੱਤੇ ਕਿੰਨਾ ਕੁ ਤੇਲ ਡੋਲਿਆ ਹੈ ਜਾਂ ਕਿੰਨੀ ਕੁ ਜ਼ੋਰ ਨਾਲ ਤੁਹਾਡੇ ਉੱਤੇ ਕੋਈ ਚਿਲਾਇਆ ਹੈ; ਜੇ ਉਸ ਵਿੱਚ ਕੋਈ ਗੜਬੜ ਹੈ ਤਾਂ ਉਹ ਉੱਥੇ ਹੀ ਲੇਟਿਆ ਰਹੇਗਾ। ਮੈਂ ਆਖਿਆ, "ਉਹ" ਉਹ ਸ਼ੈਤਾਨ ਹੈ।

86 ਵੇਖੋ, ਅੱਜ ਅਸੀਂ ਦਵਾਈਆਂ ਵਿੱਚ ਕਿੰਨੀ ਉੱਨਤੀ ਕਰ ਲਈ ਹੈ,ਤਾਂ ਵੀ ਅਸੀਂ ਉਹਨਾਂ ਚੀਜ਼ਾਂ ਦੇ ਬਾਰੇ ਵਿੱਚ ਕੁਝ ਨਹੀਂ ਜਾਣਦੇ ਹਾਂ। ਤੁਸੀਂ ਕਹਿੰਦੇ ਹੋ, "ਉਸਨੂੰ ਕੈਂਸਰ ਹੋ ਗਿਆ ਹੈ। "ਠੀਕ ਹੈ, ਉਹ ਕੁਝ ਨਹੀਂ ਹੈ। ਇਹ ਤਾਂ ਬਸ ਉਸਦਾ ਇੱਕ ਨਾਮ ਹੈ। ਡਾਕਟਰਾਂ ਨੇ ਉਸਦਾ ਨਾਮ ਕੈਂਸਰ ਰੱਖ ਦਿੱਤਾ ਹੈ। ਪ੍ਰੰਤੂ ਇਸ ਨਾਮ ਦਾ ਉਸ ਨਾਲ ਜੋ ਕਿ ਇਹ ਅਸਲ ਵਿੱਚ ਹੈ ਕੋਈ ਸਬੰਧ ਨਹੀਂ ਹੈ। ਇਹ ਤਾਂ ਕੇਵਲ ਇੱਕ ਨਾਮ ਹੈ ਜਿਸ ਨਾਲ ਅਸੀਂ ਇਸਨੂੰ ਪੁਕਾਰਦੇ ਹਾਂ। ਅਸੀਂ ਬਸ ਇਸਦਾ ਨਾਮ ਕੈਂਸਰ ਪੁਕਾਰਦੇ ਹਾਂ। ਪ੍ਰੰਤੂ ਅਸਲ ਵਿੱਚ ਇਹ ਕੀ ਹੈ, ਇਸਨੂੰ ਪਰਖ ਕੇ ਵੇਖੋ,ਇਹ ਤਾਂ ਸ਼ੈਤਾਨ ਹੈ।

87 ਹੁਣ ਅਸੀਂ ਆਖਦੇ ਹਾਂ,"ਪਾਪ", ਅਸੀਂ ਬਸ ਇਸਨੂੰ ਪਾਪ ਕਹਿੰਦੇ ਹਾਂ। ਇਸਨੂੰ ਤੋੜ ਕੇ ਵੇਖੋ। ਪਾਪ ਕੀ ਹੈ? ਬਹੁਤੇ ਲੋਕ ਕਹਿੰਦੇ ਹਨ, "ਸ਼ਰਾਬ ਪੀਣਾ, ਵਿਭਚਾਰ ਕਰਨਾ ਪਾਪ ਹੈ। "ਨਹੀਂ। ਨਹੀਂ। ਇਹ ਤਾਂ ਪਾਪ ਦੇ ਫਲ ਹਨ। ਸਮਝੇ?ਵੇਖੋ, ਇਹ ਤਾਂ ਉਹ ਹੈ ਜੋ ਪਾਪ ਪੈਦਾ ਕਰਦਾ ਹੈ। ਪ੍ਰੰਤੂ ਅਸਲ ਵਿੱਚ ਪਾਪ ਬੇਪ੍ਰਤੀਤੀ ਹੈ ਇਹ ਹੀ ਉਹ ਹੈ ਜਿਸਦਾ ਨਾਮ ਪਾਪ ਹੈ ਅਰ ਜਿਸਨੂੰ ਪਾਪ ਕਿਹਾ ਜਾਂਦਾ ਹੈ। ਜੇ ਤੁਸੀਂ ਇੱਕ ਵਿਸ਼ਵਾਸ਼ੀ ਹੋ ਤਾਂ ਤੁਸੀਂ ਉਹਨਾਂ ਕੰਮਾਂ ਨੂੰ ਨਹੀਂ ਕਰਦੇ ਹੋ। ਪ੍ਰੰਤੂ ਕੋਈ ਪ੍ਰਵਾਹ ਨਹੀਂ ਹੈ ਕਿ ਤੁਸੀਂ ਆਪਣੇ ਆਪ ਨੂੰ ਕਿੰਨਾ ਪਵਿੱਤਰ ਬਣਾਉਣ ਦੀ ਕੋਸ਼ਿਸ਼ ਕਰਦੇ ਹੋ ਅਤੇ ਤੁਸੀਂ ਆਪਣੇ ਆਪ ਨੂੰ ਕਿੰਨਾ ਧਾਰਮਿਕ ਬਣਾਉਂਦੇ ਹੋ; ਜੇ ਤੁਸੀਂ ਇਹਨਾਂ ਕੰਮਾਂ ਨੂੰ ਕਰਦੇ ਹੋ ਤਾਂ ਤੁਸੀਂ ਇੱਕ ਅਵਿਸ਼ਵਾਸ਼ੀ ਹੋ। ਇਹ ਵਚਨ ਦੇ ਅਨੁਸਾਰ ਹੈ।

88 ਹੁਣ, ਸਰਿਸ਼ਟੀ ਦਾ ਕੁਝ ਗੁੰਮ ਹੋ ਗਿਆ ਹੈ, ਅਤੇ ਇਹ ਹਾਉਕੇ ਭਰ ਰਹੀ ਹੈ। ਅਤੇ ਇਹ ਵਾਪਿਸ ਪਰਤਣ ਦਾ ਯਤਨ ਕਰ ਰਹੀ ਹੈ, ਅਤੇ ਇਹ ਆਪਣੀ ਮੂਲ ਅਵਸਥਾ ਵਿੱਚ ਆਉਣ ਦਾ ਯਤਨ ਕਰ ਰਹੀ ਹੈ।

89 ਕੀ ਤੁਸੀਂ ਕਲਪਨਾ ਕਰ ਸਕਦੇ ਹੋ ਕੋਈ ਧਰਤੀ ਤੋਂ ਹੇਠਾਂ ਡੂੰਘੇ ਖੱਡੇ ਵਿੱਚ ਜਾ ਪਏ ਅਤੇ ਉਤਾਂਹ ਚੜ੍ਹਨ ਅਤੇ ਆਪਣੇ ਆਪ ਨੂੰ ਉੱਪਰ ਖਿੱਚਣ ਦਾ ਸੰਘਰਸ਼ ਕਰ ਰਿਹਾ ਹੋਵੇ? ਉਹਨਾਂ ਨੂੰ ਕਿਸੇ ਸਾਧਨ ਦੇ ਰਾਹੀਂ ਇਸ ਖੱਡੇ ਵਿੱਚੋਂ ਬਾਹਰ ਨਿੱਕਲ ਆਉਣਾ ਚਾਹੀਦਾ ਹੈ। ਉਹ ਆਪਣੀ ਮੂਲ ਹਾਲਤ ਵਿੱਚ ਨਹੀਂ ਹਨ। ਉਹ ਪਾਗਲਾਂ ਵਾਂਗ ਚਿਲਾ ਰਹੇ ਹਨ। ਉਹ ਕੰਧਾਂ ਉੱਤੇ ਰੇਂਗ ਰਹੇ ਹਨ,ਰੌਲਾ ਪਾ ਰਹੇ ਹਨ, ਜਾਂ ਕੁਝ ਹੋਰ ਕਰ ਰਹੇ ਹਨ। ਉਹ -ਉਹ ਹਾਉਕੇ ਭਰ ਰਹੇ ਹਨ ਕਿਉਂਕਿ ਉਹ ਆਪਣੀ ਮੂਲ ਅਵਸਥਾ ਵਿੱਚ ਵਾਪਿਸ ਆਉਣਾ ਚਹੁੰਦੇ ਹਨ।

90 ਇਹ ਹੀ ਕਾਰਨ ਹੈ ਕਿ ਮਨੁੱਖ ਬਿਮਾਰੀ, ਦਰਦ ਅਤੇ ਪੀੜਾਂ ਨਾਲ ਘਿਰਦਾ ਹੈ। ਇੱਕ ਸਮੇਂ ਉਹ ਇਸ ਤਰ੍ਹਾਂ ਨਹੀਂ ਸਨ,ਪ੍ਰੰਤੂ ਉਹ ਹਾਉਕੇ ਭਰ ਰਹੇ ਹਨ। ਕਿਉਂ?ਉਹ ਠੀਕ ਨਹੀਂ ਹਨ। ਕਿੱਧਰੇ ਕੁਝ ਗੜਬੜ ਹੈ। ਅਤੇ ਉਹ ਹਾਉਕੇ ਭਰ ਰਹੇ ਹਨ,ਅਤੇ ਉੱਥੇ ਆਉਣ ਦਾ ਯਤਨ ਕਰ ਰਹੇ ਹਨ ਜਿੱਥੇ ਉਹ ਤੰਦਰੁਸਤ ਸਨ।

91 ਅਤੇ ਜਦ ਸਰਿਸ਼ਟੀ ਅਤੇ ਲੋਕ, ਜਿਵੇਂ ਕਿ ਬਾਈਬਲ ਨੇ ਆਖਿਆ ਹੈ," ਹਾਉਕੇ ਭਰ ਰਹੇ ਹਨ," ਤਾਂ ਇਹ ਇਸ ਚੀਜ਼ ਨੂੰ ਪ੍ਰਗਟ ਕਰਦਾ ਹੈ ਕਿ ਉਹ ਆਪਣੀ ਉਸ ਅਵਸਥਾ ਵਿੱਚ ਨਹੀਂ ਹਨ ਜਿਸ ਵਿੱਚ ਉਹਨਾਂ ਨੂੰ ਹੋਣਾ ਚਾਹੀਦਾ ਹੈ। ਉਹ ਕਿਤਿਉਂ ਡਿੱਗ ਪਏ ਹਨ। ਹੁਣ ਅਸੀਂ ਇਹ ਨਹੀਂ ਚਹੁੰਦੇ ਹਾਂ ਕਿ ਕੋਈ ਸਾਡੇ ਲਈ ਇਸਦੀ ਵਿਆਖਿਆ ਕਰੇ। ਸਮਝੇ? ਕਿਉਂਕਿ, ਅਸਲ ਵਿੱਚ

222 ਹੁਣ ਧਿਆਨ ਦਿਓ । ਤਦ ਉਹ ਜੋ ਲੇਲਾ ਹੈ, ਆਪਣਾ ਸ਼ਾਹੀ ਸਥਾਨ ਸੰਭਾਲਦਾ ਹੈ, ਤਦ ਉਸਦੇ ਸੰਤ ਉਸਨੂੰ, " ਪ੍ਰਭੂਆਂ ਦਾ ਪ੍ਰਭੂ, ਰਾਜਿਆਂ ਦਾ ਰਾਜਾ ਦੇ ਰੂਪ ਵਿੱਚ ਤਾਜ ਪਾਉਣ ਲਈ ਆਉਂਦੇ ਹਨ। ਸਮਝੇ ?

223 ਵੇਖੋ, " ਸਮਾਂ ਖਤਮ ਹੋ ਚੁੱਕਾ ਹੈ । " ਪ੍ਰਕਾਸ਼ ਪੋਥੀ 10:6 ਦੇ ਅਨੁਸਾਰ, "ਹੁਣ ਹੋਰ ਚਿਰ ਨਹੀਂ ਲੱਗੇਗਾ । "

224 ਧਿਆਨ ਦਿਓ, " ਇਸ ਲੇਲੇ ਦੇ "ਸੱਤ ਸਿੰਙ " ਹਨ। ਕੀ ਤੁਸੀਂ ਇਸਦੇ ਉੱਤੇ ਧਿਆਨ ਕੀਤਾ ਹੈ ? " ਉਸਦੇ ਸੱਤ ਸਿੰਙ ਹਨ। " ਅਸੀਂ ਹੁਣੇ ਹੀ ਥੋੜੀ ਦੇਰ ਪਹਿਲਾਂ ਇਹ ਪੜ੍ਹਿਆ ਹੈ। ਇੱਕ ਜਾਨਵਰ ਦੇ ਲਈ *ਸਿੰਙਾਂ* ਦਾ ਅਰਥ ਹੁੰਦਾ ਹੈ " ਸ਼ਕਤੀ "। ਧਿਆਨ ਦਿਓ ਕਿ ਉਹ ਕੋਈ ਜਾਨਵਰ ਜਾਂ ਪਸ਼ੂ ਨਹੀਂ ਸੀ, ਕਿਉਂਕਿ ਉਸਨੇ ਆ ਕੇ ਜੋ ਸਿੰਘਾਸਣ ਤੇ ਬੈਠਾ ਹੋਇਆ ਹੈ ਉਸਦੇ ਸੱਜੇ ਹੱਥ ਵਿੱਚੋਂ ਉਹ ਪੋਥੀ ਲੈ ਲਈ ਸੀ। ਸਮਝੇ ?ਧਿਆਨ ਦਿਓ । ਓਹ ਮੇਰੇ !

225 ਮੈਂ ਯਕੀਨ ਕਰਦਾ ਹਾਂ ਕਿ ਮੈਂ ਇਸਨੂੰ ਕਿਤੇ ਮੋਹਰਾਂ ਦਾ ਖੋਲ੍ਹਿਆ ਜਾਣਾ, ਅਤੇ ਵਸੀਅਤ ਨਾਮਾ, ਅਤੇ ਆਖਰੀ ਦੂਤ ਨੂੰ ਸੰਦੇਸ਼ ਦਾ ਦਿੱਤਾ ਜਾਣਾ ਲਿਖਿਆ ਹੋਇਆ ਹੈ । ਅਤੇ ਉਹ ਆਪਣੀ ਬਾਦਸ਼ਾਹੀ ਦੀ ਪਦਵੀ ਸੰਭਾਲਦਾ ਹੈ । ਅਤੇ ਇਹੋ ਕੁਝ ਹੀ ਉਹ ਕਰਨ ਨੂੰ ਅਗਾਂਹ ਆਉਂਦਾ ਹੈ।

ਹੁਣ, ਜਦੋਂ ਉਹ ਆਉਂਦਾ ਹੈ ਤਾਂ ਉਸਦੇ " ਸੱਤ ਸਿੰਙਾਂ ਤੇ ਧਿਆਨ ਕਰੋ । "

226 ਹੁਣ ਵੇਖੋ, ਯੂਹੰਨਾ ਉਸਦੇ ਵੱਲ ਵੇਖ ਰਿਹਾ ਸੀ, ਅਤੇ ਉਹ ਇਸ ਤਰ੍ਹਾਂ ਲੱਗਦਾ ਸੀ ਜਿਵੇਂ ਕਿ ਉਹ ਕੋਹਿਆ ਗਿਆ ਹੈ, ਉਹ ਲਹੂ-ਲੂਹਾਨ ਸੀ । ਅਤੇ ਉਹ ਅਨੰਤਤਾ ਵਿੱਚੋਂ ਬਾਹਰ ਆਉਂਦਾ ਹੈ, ਅਤੇ ਉਹ ਵਿਚੋਲਗੀ ਦਾ ਕੰਮ ਸਮਾਪਤ ਕਰ ਚੁੱਕਾ ਹੈ ।

227 ਤਦ ਤੁਸੀਂ ਜਿੰਨਾ ਵੀ ਚਾਹੋ ਮਰਿਯਮ ਦੇ ਅੱਗੇ ਦੁਆ ਕਰ ਸੱਕਦੇ ਹੋ ! " ਨਾ ਕੋਈ ਸਵਰਗ ਵਿੱਚ, ਨਾ ਕੋਈ ਧਰਤੀ ਤੇ, ਜਾਂ ਕਿਤੇ ਵੀ ਕੋਈ ਵੀ ਆਦਮੀ ਨਹੀਂ ਸੀ ਜੋ ਇਸ ਪੋਥੀ ਨੂੰ ਲੈ ਸੱਕਦਾ। "ਇੱਥੋਂ ਤੱਕ ਕਿ ਯੂਹੰਨਾ ਇਸ ਤੇ ਰੋ ਪਿਆ । ਹੇ, ਕੈਥੋਲਿਕ ਦੋਸਤੋ, ਕੀ ਤੁਸੀਂ ਇਸ ਗੱਲ ਨੂੰ ਨਹੀਂ ਵੇਖ ਸੱਕਦੇ ਹੋ ? ਕਿਸੇ ਮਰੇ ਹੋਏ ਆਦਮੀ ਦੇ ਅੱਗੇ ਦੁਆਵਾਂ ਨਾ ਕਰੋ ।

228 ਲੇਲਾ ਹੀ ਕੇਵਲ ਇੱਕੋ ਇੱਕ ਵਿਚੋਲਾ ਹੈ । ਵੇਖਿਆ ? ਉਹ ਹੀ ਸੀ ਜੋ ਅਗਾਂਹ ਆਇਆ। ਅਤੇ ਉਸਨੇ ਹੁਣ ਕੀ ਕੀਤਾ ? ਉਹ ਵਿਚੋਲੇ ਦਾ ਕੰਮ ਕਰ ਰਿਹਾ ਹੈ, ਜਦ ਤੱਕ ਕਿ ਉਸਦਾ ਲਹੂ ਹਰ ਇੱਕ ਮਨੁੱਖ ਲਈ ਪ੍ਰਾਸ਼ਚਿਤ ਨਹੀਂ ਕਰ ਲੈਂਦਾ ਹੈ । ਅਤੇ ਹੁਣ ਲੇਲਾ ਜਾਣਦਾ ਹੈ ਕਿ ਪੋਥੀ ਵਿੱਚ ਕੀ ਲਿਖਿਆ ਹੋਇਆ ਹੈ । ਇਸ ਲਈ ਉਹ ਜਾਣਦਾ ਹੈ ਕਿ ਉਹਨਾਂ ਦੇ ਨਾਮ ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਦੇ ਹੀ ਉਸ ਪੋਥੀ ਵਿੱਚ ਸਨ, ਇਸ ਲਈ ਉਹ ਉੱਥੇ ਖੜਾ ਹੈ ........ ਅਤੇ ਵਿਚੋਲਗੀ ਦਾ ਕੰਮ ਕਰ ਰਿਹਾ ਹੈ ਜਦ ਤੱਕ ਕਿ ਉਹ ਹਰੇਕ ਉਸ ਆਦਮੀ ਨੂੰ ਛੁਡਾ ਨਹੀਂ ਲੈਂਦਾ ਜਿਨ੍ਹਾਂ ਦੇ ਨਾਮ ਪੋਥੀ ਵਿੱਚ ਲਿਖੇ ਹੋਏ ਹਨ ...... ਜਦ ਤੱਕ ਕਿ ਉਹ ਉਹਨਾਂ ਹਰ ਇੱਕ ਲਈ ਵਿਚੋਲਗੀ ਦਾ ਕੰਮ ਪੂਰਾ ਨਹੀਂ ਕਰ ਲੈਂਦਾ ਹੈ । ਅਤੇ ਹੁਣ ਉਹ ਬਾਹਰ ਆਉਂਦਾ ਹੈ । ਸਮਝੇ ? ਉਹਨੇ ਨੇੜੇ ਦੇ ਸਾਕ ਵਾਲਾ ਕੰਮ ਖਤਮ ਕਰ ਲਿਆ ਹੈ । ਉਹ ਸੱਭ ਕਰ ਚੁੱਕਾ ਹੈ .....ਤੁਸੀਂ ਜਾਣਦੇ ਹੋ ਕਿ ਸਾਕ ਦਾ ਕੀ ਕੰਮ ਹੁੰਦ ਸੀ ? ਕਿ ਬਜੁਰਗਾਂ ਦੇ ਅੱਗੇ ਸਾਬਤ ਕਰੇ ਕਿ ਉਹ ਨੇੜੇ

216 ਕੋਈ ਵੀ ਉਸ ਪੋਥੀ ਨੂੰ ਨਹੀਂ ਲੈ ਸੱਕਦਾ ਸੀ । ਉਹ ਅਜੇ ਵੀ ਪ੍ਰਮੇਸ਼ੁਰ ਦੇ ਹੱਥਾਂ ਵਿੱਚ ਹੈ । ਕੋਈ ਪੋਪ, ਕੋਈ ਬਿਸ਼ਪ, ਜਾਂ ਜੋ ਕੋਈ ਮਰਜੀ ਹੋਵੇ ਉਹ ਇਸ ਪੋਥੀ ਨੂੰ ਨਹੀਂ ਲੈ ਸੱਕਦੇ ਹਨ(ਨਹੀਂ ਜੀ )। ਸੱਤਾਂ ਮੋਹਰਾਂ ਨੂੰ ਪ੍ਰਗਟ ਨਹੀਂ ਕੀਤਾ ਗਿਆ ਹੈ । ਵੇਖਿਆ ?

217 ਪ੍ਰੰਤੂ ਜਦ ਵਿਚੋਲਾ, ਤੇ ਹੁਣ ਜਦ ਉਸਦਾ ਵਿਚੋਲਗੀ ਦਾ ਕੰਮ ਸਮਾਪਤ ਹੋ ਜਾਂਦਾ ਹੈ ਤਾਂ ਉਹ ਅੱਗੇ ਆਉਂਦਾ ਹੈ । ਅਤੇ ਯੂਹੰਨਾ ......ਬਜੁਰਗ ਨੇ ਆਖਿਆ, " ਉਹ ਬਬਰ ਸ਼ੇਰ ਹੈ । "ਅਤੇ ਉਹ ਅੱਗੇ ਆਉਂਦਾ ਹੈ । ਉਸ ਉੱਤੇ ਧਿਆਨ ਦਿਓ । ਔਹ, ਮੇਰੇ ਪ੍ਰਭੂ ! ਸਮਝੇ ? ਹੁਣ ਵੇਖੋ ਉਹ ਪੋਥੀ ਨੂੰ ਲੈਣ ਦੇ ਲਈ ਅੱਗੇ ਆਉਂਦਾ ਹੈ ਕਿ ਪ੍ਰਮੇਸ਼ੁਰ ਦੇ ਭੇਤਾਂ ਨੂੰ ਪ੍ਰਗਟ ਕਰੇ, ਜਿਹਨਾਂ ਦੇ ਬਾਰੇ ਵਿੱਚ, ਇਹਨਾਂ ਫਿਰਕਾਪ੍ਰਸਤੀ ਦੇ ਸਾਰੇ ਯੁੱਗਾਂ ਵਿੱਚ ਲੋਕਾਂ ਨੇ ਅੰਦਾਜ਼ਾ ਲਗਾਇਆ ਸੀ।

218 ਤਦ, ਇਸ ਤੋਂ ਬਾਦ ਸੱਤਵੇਂ ਦੂਤ ਨੂੰ ਵੇਖੋ । ਹੁਣ, ਜੇ ਇਹ ਪੋਥੀ ਭੇਤ ਹੈ, ਜੇ ਇਹ ਪੋਥੀ ਖੁਦਾ ਦਾ ਵਚਨ ਹੈ ਤਾਂ ਸੱਤਵੇ ਦੂਤ ਨੇ ਨਬੀ ਹੀ ਹੋਣਾ ਹੈ, ਕਿਉਂਕਿ ਪ੍ਰਮੇਸ਼ੁਰ ਦਾ ਵਚਨ ਨਬੀ ਦੇ ਕੋਲ ਆਉਂਦਾ ਹੈ । ਕਿਸੇ ਪਾਦਰੀ ਦੇ ਕੋਲ ਨਹੀਂ, ਪੋਪ ਦੇ ਕੋਲ ਨਹੀਂ, ਜਾਂ ਕਿਸੇ ਹੋਰ ਦੇ ਕੋਲ ਨਹੀਂ ਆਉਂਦਾ, ਉਹ ਇਸਨੂੰ ਪ੍ਰਾਪਤ ਨਹੀਂ ਕਰ ਸੱਕਦੇ ਹਨ, ਵਚਨ ਅਜਿਹਿਆਂ ਦੇ ਕੋਲ ਨਹੀਂ ਆਉਂਦਾ ਹੈ । ਪ੍ਰਮੇਸ਼ੁਰ ਦਾ ਵਚਨ ਹਮੇਸ਼ਾਂ ਹੀ ਨਬੀ ਦੇ ਕੋਲ ਆਉਂਦਾ ਹੈ । ਮਲਾਕੀ 4 ਵਿੱਚ ਇਹ ਹੀ ਵਾਅਦਾ ਕੀਤਾ ਗਿਆ ਹੈ । ਅਰ ਜਦ ਉਹ ਆਉਂਦਾ ਹੈ ਉਹ ਪ੍ਰਮੇਸ਼ੁਰ ਦੇ ਭੇਤਾਂ ਨੂੰ ਲਵੇਗਾ, ਜਦਕਿ ਕਲੀਸਿਯਾ ਦਾ ਇਹਨਾਂ ਨਾਮਧਾਰੀ ਸੰਸਥਾਵਾਂ ਵਿੱਚ ਬਹੁਤ ਮਾੜਾ ਹਾਲ ਹੋ ਚੁੱਕਾ ਹੈ, ਅਤੇ "ਉਹ ਬਾਲਕਾਂ ਦੇ ਵਿਸ਼ਵਾਸ਼ ਨੂੰ ਪੇਵਾਂ ਦੀ ਵੱਲ ਫੇਰੇਗਾ । " ਅਤੇ ਇਸ ਤੋਂ ਬਾਅਦ ਜਗਤ ਦਾ ਨਿਆਂ ਹੋਵੇਗਾ ਤੇ ਧਰਤੀ ਸਾੜੀ ਜਾਵੇਗੀ । ਅਰ ਫਿਰ ਹਜ਼ਾਰ ਸਾਲੇ ਰਾਜ ਵਿੱਚ ਧਰਮੀ ਦੁਸ਼ਟਾਂ ਦੀ ਰਾਖ ਉੱਤੇ ਚੱਲਣਗੇ ।

219 ਕੀ ਹੁਣ ਤੁਸੀਂ ਇਸਨੂੰ ਸਮਝ ਗਏ ? [ ਸੰਗਤ "ਆਮੀਨ" ਆਖਦੀ ਹੈ -ਸੰਪਾ] ਠੀਕ ਹੈ।

220 ਫਿਰਕਾਪ੍ਰਸਤੀ ਦੇ ਯੁੱਗਾਂ ਵਿੱਚ ਦੂਸਰੇ ਲੋਕਾਂ ਨੇ ਇਹਨਾਂ ਸੱਤਾਂ ਮੋਹਰਾਂ ਦਾ ਅੰਦਾਜ਼ਾ ਲਗਾਇਆ ਹੈ । ਪ੍ਰੰਤੂ ਵੇਖੋ, ਉਸਨੇ ਤਾਂ ਇੱਕ ਮਨੁੱਖ ਹੋਣਾ ਹੈ, ਪ੍ਰਕਾਸ਼ ਦੀ ਪੋਥੀ 10:1-4 ਵਾਲਾ ਸੱਤਵਾਂ ਦੂਤ .....ਉਹ ਹੈ .....ਸੱਤਵੇਂ ਦੂਤ ਨੂੰ ਪ੍ਰਮੇਸ਼ੁਰ ਦੇ ਭੇਤ ਦਿੱਤੇ ਗਏ ਹਨ, ਅਤੇ ਉਹ ਸਾਰੇ ਭੇਤਾਂ ਨੂੰ ਪ੍ਰਗਟ ਅਰਥਾਤ ਸੰਪੂਰਣ ਕਰੇਗਾ ਜਿਹੜੇ ਫਿਰਕਾਪ੍ਰਸਤੀ ਦੇ ਯੁੱਗਾਂ ਵਿੱਚ ਛੱਡ ਦਿੱਤੇ ਗਏ ਸਨ।

221 ਹੁਣ ਤੁਸੀਂ ਵੇਖ ਸੱਕਦੇ ਹੋ ਕਿ ਮੈਂ ਕਿਉਂ ਆਪਣੇ ਭਾਈਆਂ ਤੇ ਸੱਟ ਨਹੀਂ ਮਾਰਦਾ, ਜਿਹੜੇ ਜੱਥੇਬੰਦੀਆਂ ਵਿੱਚ ਹਨ । ਇਹ ਤਾਂ ਫਿਰਕਾਪ੍ਰਸਤੀ ਦੀ ਪ੍ਰਣਾਲੀ ਹੈ, ਨਾ ਕਿ ਉਹ ! ਉਹ ਇਸਨੂੰ ਨਹੀਂ ਜਾਣਦੇ, ਉਹਨਾਂ ਨੂੰ ਜਾਨਣ ਦੀ ਲੋੜ ਵੀ ਨਹੀਂ ਹੈ, ਅਤੇ ਨਾ ਹੀ ਉਹਨਾਂ ਨੂੰ ਜਾਨਣ ਦਾ ਯਤਨ ਹੀ ਕਰਨਾ ਚਾਹੀਦਾ ਹੈ, ਕਿਉਂਕਿ ਇਹ ਜੱਥੇਬੰਦੀਆਂ ਵਿੱਚ ਪ੍ਰਗਟ ਨਹੀਂ ਹੋ ਸੱਕਦਾ ਹੈ। ਇਹ ਗੱਲ ਪ੍ਰਮੇਸ਼ੁਰ ਦੇ ਵਚਨ ਦੇ ਅਨੁਸਾਰ ਹੈ । ਉਹਨਾਂ ਨੇ ਇਸਦਾ ਕੇਵਲ ਅੰਦਾਜ਼ਾ ਹੀ ਲਗਾਇਆ, ਅਤੇ ਵਿਸ਼ਵਾਸ਼ ਕੀਤਾ ਕਿ ਉਹ ਉੱਥੇ ਹੈ ਸੀ, ਅਤੇ ਵਿਸ਼ਵਾਸ਼ ਦੇ ਦੁਆਰਾ ਇਸਦੇ ਨਾਲ ਚੱਲੇ, ਪ੍ਰੰਤੂ ਹੁਣ ਤਾਂ ਇਹ ਸਬੂਤਾਂ ਨਾਲ ਸਿੱਧ ਹੋ ਚੁੱਕਾ ਹੈ । ਆਮੀਨ । ਹੇ, ਮੇਰੇ ਪ੍ਰਭੂ, ਕਿਹੋ ਜਿਹੀ -ਕਿਹੋ ਜਿਹੀ ਲਿਖਤ ਹੈ !



ਅਸੀਂ ਜਾਣਦੇ ਹਾਂ ਕਿ ਇਹ ਅਨੰਤ ਜੀਵਨ ਸੀ ਜਿੱਥੋਂ ਉਹ ਡਿੱਗ ਪਏ ਸਨ। ਅਤੇ ਆਦਮ ਅਤੇ ਹੱਵਾਹ ਦੇ ਡਿੱਗਣ ਦੇ ਰਾਹੀਂ,ਜੋ ਕਿ ਅਦਨ ਦੇ ਬਾਗ ਵਿੱਚ ਅਨੰਤ ਜੀਵਨ ਤੋਂ ਡਿੱਗ ਪਏ ਸਨ। ਅਤੇ ਸਾਰੀ ਸਰਿਸ਼ਟੀ ਨੂੰ ਆਪਣੇ ਅਧੀਨ ਮੌਤ ਦੇ ਥੱਲੇ ਲੈ ਆਏ।

92 ਆਦਮ ਤੋਂ ਪਹਿਲਾਂ ਰੁੱਖ ਕਦੇ ਨਹੀਂ ਮਰਦਾ ਸੀ। ਜਾਨਵਰ ਆਦਮ ਤੋਂ ਪਹਿਲਾਂ ਨਹੀਂ ਮਰਦਾ ਸੀ। ਅਤੇ ਸਿਰਫ ਇੱਕ ਹੀ ਚੀਜ਼ ਹੈ ਜੋ ਮਰ ਨਹੀਂ ਸੱਕਦੀ ਹੈ ਅਤੇ ਉਹ ਹੈ ਪ੍ਰਮੇਸ਼ੁਰ, ਕਿਉਂਕਿ ਉਹ ਅਨੰਤ ਹੈ। ਅਤੇ ਆਪਣੇ ਆਪ ਨੂੰ ਮੌਤ ਤੋਂ ਹਮੇਸ਼ਾਂ ਦੇ ਲਈ ਬਚਾਉਣ ਦਾ ਸਿਰਫ ਇੱਕ ਹੀ ਢੰਗ ਹੈ ਕਿ ਸਾਡੇ ਵਿੱਚ ਅਨੰਤ ਜੀਵਨ ਹੋਵੇ, ਅਰ ਅਸੀਂ ਪ੍ਰਮੇਸ਼ੁਰ ਦੇ ਧੀਆਂ, ਪੁੱਤਰ ਬਣ ਜਾਈਏ।

93 ਜਿਵੇਂ ਕਿ ਮੈਂ ਅੱਜ ਸਵੇਰੇ ਸੰਦੇਸ਼ ਵਿੱਚ ਕਿਹਾ ਸੀ,ਕਿ ਅਸੀਂ ਪਾਪ ਦੇ ਲਈ ਮਰਦੇ ਹਾਂ,ਤਾਂ ਅਸੀਂ ਆਪਣਾ ਜਨਮ ਸਿੱਧ ਅਧਿਕਾਰ ਵੇਚ ਦਿੰਦੇ ਹਾਂ ਅਤੇ ਇਸ ਖਾਈ ਨੂੰ ਲੰਘ ਜਾਂਦੇ ਹਾਂ। ਹੁਣ ਅਸੀਂ ਪ੍ਰਮੇਸ਼ੁਰ ਦੀ ਪਹੁੰਚ ਤੋਂ ਦੂਰ, ਖਾਈ ਦੇ ਇਸ ਦੂਸਰੇ ਪਾਸੇ ਆ ਜਾਂਦੇ ਹਾਂ। ਹੁਣ, ਜਦ ਆਦਮ ਡਿੱਗਿਆ ਤਾਂ ਅਸਲ ਵਿੱਚ ਉਹ ਸਾਰੀ ਸਰਿਸ਼ਟੀ ਦੇ ਉੱਤੇ ਮੌਤ ਲੈ ਕੇ ਆਇਆ।

94 ਹੁਣ, ਉਸਨੂੰ ਅਜਾਦ ਮਰਜ਼ੀ 'ਤੇ ਛੱਡਿਆ ਗਿਆ ਸੀ। ਇਹ ਅਜ਼ਾਦ ਮਰਜ਼ੀ ਉਹਨਾਂ ਨੂੰ ਇਸੇ ਤਰ੍ਹਾਂ ਹੀ ਦਿੱਤੀ ਗਈ ਸੀ ਜਿਵੇਂ ਕਿ ਸਾਨੂੰ ਦਿੱਤੀ ਗਈ ਹੈ,ਤਾਂ ਕਿ ਚੋਣ ਕਰ ਸਕੀਏ। ਹੁਣ, ਆਦ ਵਿੱਚ, ਆਦਮ ਅਤੇ ਹੱਵਾਹ ਦੇ ਅੱਗੇ ਭਲੇ ਅਤੇ ਬੁਰੇ ਦੇ ਗਿਆਨ ਦਾ ਰੁੱਖ ਰੱਖਿਆ ਗਿਆ ਸੀ, ਅਤੇ ਉਹ ਹੀ ਰੁੱਖ ਸਾਡੇ ਹਰੇਕ ਦੇ ਅੱਗੇ ਰੱਖਿਆ ਹੋਇਆ ਹੈ। ਵੇਖਿਆ, ਪ੍ਰਮੇਸ਼ੁਰ ਨੇ ਇਸ ਤਰ੍ਹਾਂ ਸਿਰਫ ਆਦਮ ਅਤੇ ਹੱਵਾਹ ਦੇ ਲਈ ਹੀ ਨਹੀਂ ਕੀਤਾ ਹੈ .....ਤੁਸੀਂ ਕਹਿੰਦੇ ਹੋ," ਚੰਗਾ,ਇਹ ਤਾਂ ਉਹਨਾਂ ਦਾ ਦੋਸ਼ ਸੀ । " ਨਹੀਂ,ਇਹ ਹੁਣ ਨਹੀਂ ਹੈ। ਇਹ ਤੁਹਾਡਾ ਦੋਸ਼ ਹੈ। ਹੁਣ ਤੁਸੀਂ ਇਸਨੂੰ ਆਦਮ ਉੱਤੇ ਨਹੀਂ ਮੜ ਸੱਕਦੇ ਹੋ। ਤੁਹਾਨੂੰ ਤਾਂ ਇਸਨੂੰ ਹੁਣ ਆਪਣੇ ਉਧਤੇ ਹੀ ਲੈਣਾ ਪਵੇਗਾ,ਕਿਉਂਕਿ ਭਲਾ ਅਤੇ ਬੁਰਾ ਤੁਹਾਡੇ ਸਾਹਮਣੇ ਹੈ। ਅਸੀਂ ਵੀ ਬਿਲਕੁੱਲ ਆਦਮ ਅਤੇ ਹੱਵਾਹ ਦੇ ਹੀ ਅਧਾਰ ਤੇ ਹਾਂ।

95 ਪ੍ਰੰਤੂ ਤੁਸੀਂ ਵੇਖੋ ਜਦ ਸਾਡਾ ਛੁਟਕਾਰਾ ਹੋ ਜਾਂਦਾ ਹੈ ਤਾਂ ਅਸੀਂ ਆਪਣੀ ਚੋਣ ਨਹੀਂ ਜਾਂ ਮਰਜੀ ਨਹੀਂ ਬਲਕਿ ਉਸਦੀ ਮਰਜੀ ਕਰਦੇ ਹਾਂ। ਸਮਝ ਲੱਗੀ।

96 ਆਦਮ ਅਤੇ ਹੱਵਾਹ ਆਪਣੀ ਮਰਜੀ ਕਰਨੀ ਚਾਹੁੰਦੇ ਸਨ। ਉਹ ਜਾਨਣਾ ਚਹੁੰਦੇ ਸਨ ਕਿ ਗਿਆਨ ਪ੍ਰਾਪਤ ਕਰਕੇ ਕੀ ਹੁੰਦਾ ਹੈ। ਇਸ ਲਈ ਉਹਨਾਂ ਨੇ ਇਸਨੂੰ ਲੱਭਿਆ ਅਤੇ ਇਸਨੇ ਉਹਨਾਂ ਲਈ ਮੌਤ ਨੂੰ ਪੈਦਾ ਕੀਤਾ।

97 ਹੁਣ ਜਦ ਕਿਸੇ ਮਨੁੱਖ ਦਾ ਛੁਟਕਾਰਾ ਹੋ ਜਾਂਦਾ ਹੈ ਤਾਂ ਉਹ ਫਿਰ ਅੱਗੇ ਤੋਂ ਵਜੀਫੇ ਨਹੀਂ ਭਾਲਦਾ ਹੈ । ਉਹ ਫਿਰ ਅੱਗੇ ਤੋਂ ਦੁਨੀਆਵੀ ਗਿਆਨ ਅਤੇ ਦੁਨੀਆਵੀ ਚੀਜ਼ਾਂ ਦੀ ਪ੍ਰਵਾਹ ਨਹੀਂ ਕਰਦਾ ਹੈ। ਉਹ ਅੱਗੇ ਤੋਂ ਆਪਣੀ ਮਰਜ਼ੀ ਨਹੀਂ ਕਰਨਾ ਚਹੁੰਦਾ ਹੈ। ਫਿਰ ਮਸੀਹ ਹੀ ਉਸਦੀ ਪਸੰਦ ਅਰ ਮਰਜੀ ਹੋ ਜਾਂਦਾ ਹੈ ਅਤੇ ਉਸਦੇ ਲਈ ਇਹੋ ਹੀ ਸੱਭ ਕੁਝ ਹੁੰਦਾ ਹੈ। ਉਹ ਛੁਟਕਾਰਾ ਪਾ ਚੁੱਕਾ ਹੈ। ਉਹ ਅਗਾਂਹ ਨੂੰ ਆਪਣੀ ਅਗੁਵਾਈ ਆਪ ਖੁਦ ਨਹੀਂ ਕਰਨੀ ਚਾਹੁੰਦਾ ਹੈ । ਉਹ ਨਹੀਂ ਚਾਹੁੰਦੇ ਹੈ ਕਿ ਹੁਣ ਕੋਈ ਉਸਨੂੰ ਦੱਸੇ ਕੀ ਕਿੱਧਰ ਜਾਣਾ ਹੈ ਜਾਂ ਕੀ ਕਰਨਾ ਹੈ । ਉਹ ਬਸ

ਉਡੀਕ ਕਰਦਾ ਹੈ ਅਤੇ ਆਪਣੇ ਰਚਨਹਾਰੇ ਦੀ ਇੱਛਾ ਭਾਲਦਾ ਹੈ। ਸਮਝੇ? ਤਦ ਫਿਰ ਉਹ ਆਪਣੇ ਰਚਨਹਾਰੇ ਦੇ ਨਾਮ ਉੱਤੇ ਉੱਥੇ ਜਾਂਦਾ ਹੈ, ਜਿੱਥੇ ਉਸਦਾ ਰਚਨਹਾਰਾ ਉਸਨੂੰ ਜਾਣ ਲਈ ਕਹਿੰਦਾ ਹੈ । ਵੇਖਿਆ ?

98 ਪ੍ਰੰਤੂ ਇਨਸਾਨ ਗਿਆਨ ਦੀ ਖੋਜ ਕਰ ਰਿਹਾ ਹੈ,ਉਹ ਇਹ ਜਾਨਣਾ ਚਾਹੁੰਦਾ ਹੈ, " ਅੱਛਾ ਇਹ ਸੰਗਤੀ ਬਹੁਤ ਚੰਗੀ ਹੈ ਪ੍ਰੰਤੂ ਉਹ ਮੇਰੀ ਸੋਚ ਤੋਂ ਵੀ ਵੱਧ ਪੈਸੇ ਦਿੰਦੇ ਹਨ ਇਸ ਲਈ ਮੈਂ ਉਹਨਾਂ ਦੇ ਉੱਥੇ ਜਾਵਾਂਗਾ। " ਸਮਝੇ? ਦੇਖਿਆ ਗਿਆਨ ।

99 ਜਦੋਂ ਆਦਮ ਨੇ ਖੁਦਾ ਦਾ ਵਚਨ ਫੜੀ ਰੱਖਣ ਦੀ ਵਜਾਏ ਆਪਣੀ ਪਤਨੀ ਦੇ ਤਰਕਾਂ ਵੱਲ ਧਿਆਨ ਦੇਣ ਦੇ ਰਾਹੀਂ ਪਾਪ ਕੀਤਾ, ਤਾਂ ਇਹ ਹੀ ਉਹ ਗੱਲ ਸੀ ਜਿਸਨੇ ਉਸਨੂੰ ਪਾਪੀ ਬਣਾਇਆ । ਉਸਦੀ ਪਤਨੀ ਨੇ ਸ਼ੈਤਾਨ ਨਾਲ ਤਰਕ ਕੀਤਾ, ਅਤੇ ਇਸ ਤੋਂ ਬਾਦ ਉਹ ਇਸੇ ਗੱਲ ਨੂੰ ਲੈ ਕੇ ਆਦਮ ਦੇ ਕੋਲ ਪਹੁੰਚੀ ਅਤੇ ਆਦਮ ਨੇ ਖੁਦਾ ਦੇ ਵਚਨ ਦੀ ਅਣਆਗਿਆਕਾਰੀ ਕੀਤੀ ਅਤੇ ਵਚਨ ਨੂੰ ਵੇਚ ਦਿੱਤਾ ।

100 ਉਸਨੇ ਆਪਣਾ ਵਿਰਸਾ ਵੀ ਗੁਆ ਦਿੱਤਾ ਅਤੇ ਆਪਣੀ ਸੰਗਤੀ ਅਤੇ ਜੀਵਨ ਦੇ ਅਧਿਕਾਰ ਨੂੰ ਵੀ ਗੁਆ ਲਿਆ। ਯਾਦ ਰੱਖੋ, " ਜਿਸ ਦਿਨ ਤੁਸੀਂ ਉਸਦਾ ਫਲ ਖਾਓਗੇ ਤੁਸੀਂ ਓਸੇ ਦਿਨ ਜਰੂਰ ਮਰ ਜਾਓਗੇ । " ਅਤੇ ਜਿਸ ਦਿਨ ਉਸਨੇ ਆਪਣਾ ਜੀਵਨ ਗੁਆਇਆ ਉਸੇ ਦਿਨ ਹੀ ਉਸਨੇ ਆਪਣੇ ਜੀਵਨ ਦੇ ਵਿਰਸੇ ਨੂੰ ਵੀ ਗੁਆ ਲਿਆ, ਕਿਉਂਕਿ ਉਸਦਾ ਸਾਰੀ ਧਰਤੀ ਉੱਪਰ ਸੰਪੂਰਨ ਕੰਟਰੋਲ ਸੀ । ਉਹ ਧਰਤੀ ਦਾ ਪ੍ਰਮੇਸ਼ੁਰ ਸੀ । ਖੁਦਾ ਸਾਰੀ ਕਾਇਨਾਤ ਦਾ ਪ੍ਰਮੇਸ਼ੁਰ ਹੈ, ਉਹ ਸੱਭ ਜਗ੍ਹਾ ਪ੍ਰਮੇਸ਼ੁਰ ਹੈ । ਪ੍ਰੰਤੂ ਉਸਦੇ ਪੁੱਤਰ ਦਾ ਇਸ ਧਰਤੀ ਉੱਤੇ ਪੂਰਾ ਕੰਟਰੋਲ ਸੀ। ਉਹ ਬੋਲ ਸੱਕਦਾ ਸੀ,ਉਹ ਨਾਮ ਰੱਖ ਸੱਕਦਾ ਸੀ, ਉਹ ਕਹਿ ਸੱਕਦਾ ਸੀ, ਉਹ ਰਚਨਾ ਨੂੰ ਕੰਟਰੋਲ ਕਰ ਸੱਕਦਾ ਸੀ, ਉਹ ਜੋ ਚਾਹੇ ਕਰ ਸੱਕਦਾ ਸੀ । ਸਮਝੇ ? ਪ੍ਰੰਤੂ ਜਦ ਉਸਨੇ ਇਹ ਕੀਤਾ ਤਾਂ ਉਸਨੇ ਆਪਣਾ ਵਿਰਸਾ ਗੁਆ ਦਿੱਤਾ।

101 ਅਤੇ ਆਦਮ ਕਹਿ ਸੱਕਦਾ ਸੀ, " ਇਹ ਪਹਾੜ ਇੱਥੋਂ ਉੱਠ ਕੇ ਉੱਥੇ ਚਲਾ ਜਾਵੇ " ਅਤੇ ਇਹ ਉਸੇ ਤਰ੍ਹਾਂ ਹੀ ਹੋ ਜਾਂਦਾ ਸੀ। ਆਦਮ ਕਹਿ ਸੱਕਦਾ ਸੀ " ਇਹ ਰੁੱਖ ਇੱਥੋਂ ਉੱਠ ਕੇ ਉੱਥੇ ਲੱਗ ਜਾਵੇ" ਅਤੇ ਉਹ ਉਸੇ ਤਰ੍ਹਾਂ ਹੀ ਕਰ ਦਿੰਦਾ ਸੀ। ਛੋਟੇ ਪ੍ਰਮੇਸ਼ੁਰ ਦੇ ਰੂਪ ਵਿੱਚ ਸਾਡੇ ਖੁਦਾ ਦੀ ਅਧੀਨਤਾ ਵਿੱਚ ਉਸਦੇ ਕੋਲ ਸੰਪੂਰਣ ਅਤੇ ਸਾਰਾ ਹੀ ਅਧਿਕਾਰ ਸੀ, ਕਿਉਂਕਿ ਉਹ ਪ੍ਰਮੇਸ਼ੁਰ ਦਾ ਪੁੱਤਰ ਸੀ।

102 ਹੁਣ ਕੀ ਅਸੀਂ ਇੱਥੇ ਥੋੜੀ ਦੇਰ ਰੁਕ ਸੱਕਦੇ ਹਾਂ ਅਤੇ ਅਸਲੀ ਸੰਦੇਸ਼ ਨੂੰ ਪ੍ਰਾਪਤ ਕਰ ਸੱਕਦੇ ਹਾਂ ! ਓਹ ! ਸਮਝੇ? ਅਤੇ ਫਿਰ ਜੇ ਲਹੂ ਨੇ ਇਸਨੂੰ ਪਿਛਾਂਹ ਸ਼ੁੱਧ ਕਰ ਦਿੱਤਾ ਸੀ ਤਾਂ ਫਿਰ ਹੁਣ ਕੀ ਵਿਚਾਰ ਹੈ ? ਵੇਖਿਆ? ਵੇਖੋ, ਖੁਦਾ ਦੇ ਉਸ ਪੁੱਤਰ ਨੇ, ਦੂਸਰੇ ਆਦਮ ਨੇ ਕੀ ਕੀਤਾ? ਸਮਝੇ? ਅਤੇ ਉਸਨੇ ਕਿਹਾ ਸੀ, " ਜੋ ਕੰਮ ਮੈਂ ਕਰਦਾ ਹਾਂ, ਉਹ ਤੁਸੀਂ ਵੀ ਕਰੋਗੇ। " ਸਮਝ ਲੱਗੀ?

103 ਆਦਮ ਨੇ ਆਪਣਾ ਵਿਰਸਾ, ਧਰਤੀ ਨੂੰ ਗੁਆ ਦਿੱਤਾ ਸੀ । ਹੁਣ ਇਹ ਆਦਮ ਦੇ ਹੱਥ ਵਿੱਚੋਂ ਉਸਦੇ ਹੱਥ ਵਿੱਚ ਚਲੀ ਗਈ ਸੀ ਜਿਸਦੇ ਕੋਲ ਉਸਨੇ ਇਹ ਵੇਚ ਦਿੱਤੀ ਸੀ । ਇਹ ਸ਼ੈਤਾਨ



210 ਉਹ ਅਗਾਂਹ ਆਉਂਦਾ ਹੈ ( ਕੀ ਕਰਨ ਲਈ ?) ਆਪਣੇ ਦਾਅਵੇ ਅਰਥਾਤ ਕਬਜ਼ੇ ਨੂੰ ਲੈਣ ਲਈ । ਓਹ, ਮੇਰੇ ! ਹੁਣ ਉਹ ਆਪਣੇ ਦਾਅਵੇ ਨੂੰ ਲੈਣ ਆਉਂਦਾ ਹੈ ! ਉਸਨੇ ਨੇੜੇ ਦੇ ਰਿਸਤੇਦਾਰ ਦਾ ਕੰਮ ਕੀਤਾ ਸੀ । ਉਹ ਹੇਠਾਂ ਆਇਆ, ਮਨੁੱਖ ਬਣਿਆ, ਮਰ ਗਿਆ । ਉਸਨੇ ਨੇੜੇ ਦੇ ਰਿਸਤੇਦਾਰ ਦੇ ਰੂਪ ਵਿੱਚ ਛੁਟਕਾਰੇ ਦਾ ਕੰਮ ਕੀਤਾ ਸੀ, ਪਰ ਹਾਲੇ ਤੱਕ ਉਸਨੇ ਆਪਣਾ ਦਾਅਵਾ ਨਹੀਂ ਸੀ ਮੰਗਿਆ ਅਤੇ ਹੁਣ ਉਹ ਆਪਣੇ ਅਧਿਕਾਰਾਂ ਦਾ ( ਵੇਖੋ ਕੀ ਹੁੰਦਾ ਹੈ ?)ਦਾਅਵਾ ਕਰਨ ਲਈ ਦ੍ਰਿਸ਼ ਉੱਤੇ ਆਉਂਦਾ ਹੈ ਜਿਸਦੇ ਲਈ ਉਹ ਕੋਹਿਆ ਗਿਆ ਸੀ ਅਤੇ ਉਹ ਨੇੜੇ ਦਾ ਰਿਸਤੇਦਾਰ ਬਣ ਗਿਆ ਸੀ ਕਿ ਉਹਨਾਂ ਨੂੰ ਛਡਾਵੇ ਅਤੇ ਉਹਨਾਂ ਲਈ ਮਰ ਸਕੇ । ਪ੍ਰੰਤੂ ਉਸ ਬਜੁਰਗ ਨੇ ਠੀਕ ਕਿਹਾ ਸੀ ਜਦ ਉਸਨੇ ਉਸਨੂੰ ਬਬਰ ਸ਼ੇਰ ਕਹਿ ਕੇ ਬੁਲਾਇਆ ਸੀ । ਸਮਝੇ? ਬਜੁਰਗ ਨੇ ਉਸਨੂੰ ਬਬਰ ਸ਼ੇਰ ਕਹਿ ਕੇ ਪੁਕਾਰਿਆ, ਕਿਉਂਕਿ ਵਿਚੋਲੇ ਦੇ ਰੂਪ ਵਿੱਚ ਉਹ ਇੱਕ ਲੇਲਾ ਸੀ, ਉਹ ਇੱਕ ਲਹੂ ਲੂਹਾਨ -ਲੇਲਾ ਸੀ ਪ੍ਰੰਤੂ ਹੁਣ ਉਹ ਬਬਰ ਸ਼ੇਰ ਦੇ ਵਾਂਗ ਆ ਰਿਹਾ ਹੈ । ਉਸਦੇ ਵਿਚੋਲਗੀ ਦੇ ਦਿਨ ਖਤਮ ਹੋ ਚੁੱਕੇ ਹਨ ।

211 "ਜੋ ਹੁਣ ਅਪਵਿੱਤਰ ਹੈ ਉਹ ਅਪਵਿੱਤਰ ਬਣਿਆ ਰਹੇ । ਅਤੇ ਉਹ ਜਿਹੜਾ ਧਰਮੀ ਹੈ ਧਰਮੀ ਹੀ ਬਣਿਆ ਰਹੇ । "ਕਿਉਂਕਿ ਵਿਚੋਲਗੀ ਦਾ ਕੰਮ ਖਤਮ ਹੋ ਗਿਆ ਹੈ । ਓਹ, ਭਾਈ ਜੀ! ਇਸ ਤੋਂ ਬਾਦ ਕੀ ਹੈ ? ਤਦ ਕੀ ਹੈ ?ਇਸ ਤੋਂ ਬਾਦ ਕੀ ਹੈ ?

212 ਅਤੇ ਯਾਦ ਰਹੇ ਇਸ ਤਰ੍ਹਾਂ ਸੱਤਵੇਂ ਕਲੀਸਿਯਾਈ ਯੁੱਗ ਵਿੱਚ ਤਦ ਹੁੰਦਾ ਹੈ ਜਦ ਪ੍ਰਮੇਸ਼ੁਰ ਦੇ ਗੁਪਤ ਭੇਤ ਖੋਲ੍ਹੇ ਜਾਣਗੇ । ਹੁਣ ਇਸ ਨੂੰ ਬੜੇ ਹੀ ਧਿਆਨ ਨਾਲ ਵੇਖੋ । ਇੱਥੇ ਕੁਝ ਹੈ ਜੋ ਕਿ ਤੁਹਾਨੂੰ ਸਮਝ ਵਿੱਚ ਆਉਂਣਾ ਚਾਹੀਦਾ ਹੈ । ਹੁਣ ਉਹ ਆਪਣਾ ਵਿਚੋਲਗੀ ਦਾ ਕੰਮ ਕਰ ਰਿਹਾ ਸੀ, ਉਹ ਵਿਸ਼ਵਾਸ਼ੀ ਲਈ ਸਿਫਾਰਸ਼ ਦਾ ਕੰਮ ਕਰ ਰਿਹਾ ਸੀ। ਪਿਛਲੇ ਦੋ ਹਜ਼ਾਰ ਸਾਲਾਂ ਤੋਂ ਉਹ ਉੱਥੇ ਇੱਕ ਲੇਲਾ ਸੀ । ਅਤੇ ਹੁਣ ਉਹ ਅਨੰਤਤਾ ਵਿੱਚੋਂ ਬਾਹਰ ਨਿੱਕਲ ਰਿਹਾ ਸੀ ਕਿ ਵਸੀਅਤ ਨਾਮੇ ਦੀ ਪੋਥੀ ਨੂੰ ਲਵੇ ਅਤੇ ਮੋਹਰਾਂ ਨੂੰ ਤੋੜੇ ਤੇ ਭੇਤਾਂ ਨੂੰ ਪ੍ਰਗਟ ਕਰ ਦੇਵੇ । ਇਸ ਤਰ੍ਹਾਂ ਕਦੋਂ ਹੁੰਦਾ ਹੈ ? ਅੰਤ ਦੇ ਸਮੇਂ ਵਿੱਚ ।

213 ਕੀ ਤੁਸੀਂ ਇਸ ਗੱਲ ਨੂੰ ਸਮਝ ਗਏ ਹੋ ? [ ਸਭਾ ਕਹਿੰਦੀ ਹੈ, " ਆਮੀਨ"-ਸੰਪਾਦਕ] ਠੀਕ ਹੈ, ਤਦ ਅਸੀਂ ਅਗਾਂਹ ਵਧਾਂਗੇ ।

214 ਹੁਣ ਉਸਨੇ ਮੋਹਰਾਂ ਤੋੜ ਕੇ ਸਾਰੇ ਭੇਤ ਸੱਤਵੇਂ ਦੂਤ ਨੂੰ ਬਖਸ਼ ਦਿੱਤੇ, ਜਿਸਦੇ ਸੰਦੇਸ਼ ਨੇ ਪ੍ਰਮੇਸ਼ੁਰ ਦੇ ਸਾਰੇ ਭੇਤਾਂ ਨੂੰ ਪ੍ਰਗਟ ਕਰਨਾ ਹੈ । ਖੁਦਾ ਦੇ ਭੇਤ ਇਹਨਾਂ ਸੱਤਾਂ ਮੋਹਰਾਂ ਵਿੱਚ ਛੁਪੇ ਹੋਏ ਹਨ। ਸਮਝੇ ? ਇਹ ਹੀ ਉਸਨੇ ਇੱਥੇ ਆਖਿਆ ਹੈ । ਸਾਰੇ ਦੇ ਸਾਰੇ ਭੇਤ ਇਹਨਾਂ ਸੱਤਾਂ ਮੋਹਰਾਂ ਦੇ ਵਿੱਚ ਛੁਪੇ ਹੋਏ ਹਨ ।

215 ਹੁਣ ਲੇਲਾ ਜੋ ਕਿ ਪ੍ਰਮੇਸ਼ੁਰ ਅਤੇ ਮਨੁੱਖ ਦੇ ਵਿਚਕਾਰ ਵਿਚੋਲੇ ਦਾ ਕੰਮ ਕਰ ਰਿਹਾ ਹੈ, ਅੱਗੇ ਆਉਂਦਾ ਹੈ । ਜਦ ਉਹ ਆਉਂਦਾ ਹੈ ਤਾਂ ਉਹ ਬਬਰ ਸ਼ੇਰ ਬਣ ਜਾਂਦਾ ਹੈ । ਅਤੇ ਜਦ ਉਹ ਬਬਰ ਸ਼ੇਰ ਬਣ ਜਾਂਦਾ ਹੈ ਤਾਂ ਉਹ ਉਸ ਪੋਥੀ ਨੂੰ ਲੈ ਲੈਂਦਾ ਹੈ । ਇਹ ਉਸਦੇ ਹੱਕ ਜਾਂ ਅਧਿਕਾਰ ਹਨ। ਪ੍ਰਮੇਸ਼ੁਰ ਨੇ ਇਹਨਾਂ ਭੇਤਾਂ ਨੂੰ ਰੋਕ ਕੇ ਰੱਖਿਆ ਸੀ, ਪਰ ਹੁਣ ਲੇਲਾ ਅੱਗੇ ਆਉਂਦਾ ਹੈ ।

ਸੀਸੀਲੀਜਾਂ ਕੋਈ ਹੋਰ ਮਨੁੱਖ ਕੀ ਭੇਂਟ ਕਰ ਸੱਕਦਾ ਹੈ ? ਯੂਹੰਨਾ ਨੇ ਇਹ ਕਦੇ ਵੀ ਨਹੀਂ ਵੇਖਿਆ ਕਿ ਹਜ਼ਾਰਾਂ ਸੰਤ ਵਿਚੋਲਗੀ ਦਾ ਕੰਮ ਕਰਨ ਲਈ ਵਿਚੋਲਗੀ ਕਰਨ ਦੀ ਥਾਂ ਵਿੱਚੋਂ ਨਿੱਕਲੇ । "ਉਸਨੇ ਇੱਕ ਲੇਲਾ ਵੇਖਿਅ ਸੀ, ਉਸਨੇ ਕੋਹਿਆ ਹੋਇਆ ਲੇਲਾ ਵੇਖਿਆ ਸੀ ਜੋ ਜਖਮੀ ਸੀ । ਮੈਂ ਇਸਦੀ ਪ੍ਰਵਾਹ ਨਹੀਂ ਕਰਦਾ ਕਿ ਕਿੰਨੇ ਸੰਤ ਕੋਹੇ ਗਏ ਹਨ, ਉਹਨਾਂ ਨੇ ਮਰਨਾ ਹੀ ਸੀ, ਉਹ ਇਸੇ ਦੇ ਭਾਗੀਦਾਰ ਸਨ। ਜਿਵੇਂ ਕਿ ਉਸ ਡਾਕੂ ਨੇ ਸਲੀਬ ਤੇ ਕਿਹਾ ਸੀ, "ਅਸੀਂ ਪਾਪ ਕੀਤਾ ਹੈ, ਸਾਨੂੰ ਇਸਦੀ ਸਜਾ ਭੁਗਤਣੀ ਹੀ ਚਾਹੀਦੀ ਹੈ । " ਪਰ ਇਸ ਆਦਮੀ ਨੇ ਕੁਝ ਵੀ ਨਹੀਂ ਕੀਤਾ। " ਉਹ ਹੀ ਸਿਰਫ ਇੱਕ ਮਨੁੱਖ ਸੀ ਜੋ ਯੋਗ ਸੀ ।

204 ਇੱਥੋਂ ਉਹ ਆਪਣੇ ਵਿਚੋਲਗੀ ਦੇ ਕਟਿਹਰੇ ਵਿੱਚੋਂ ਆਉਂਦਾ ਹੈ । ਹੁਣ ਉਹ ਕੀ ਕਰਨ ਲਈ ਆ ਰਿਹਾ ਹੈ ? ਉਸ ਉੱਤੇ ਧਿਆਨ ਕਰੋ ! ਔਹ, ਔਹ, ਔਹ, ਮੇਰੇ ਪ੍ਰਭੂ ! [ ਭਾਈ ਬ੍ਰਾਨਹਾਮ ਤਿੰਨ ਵਾਰ ਤਾੜੀ ਵਜਾਉਂਦੇ ਹਨ -ਸੰਪ]

205 ਯੂਹੰਨਾ ਰੋ ਰਿਹਾ ਸੀ । ਇਹ ਸਾਰੇ ਕਿੱਥੇ ਸਨ ? ਕੀ ਹੋਵੇਗਾ ?

206 ਬਜੁਰਗ ਨੇ ਆਖਿਆ, " ਯੂਹੰਨਾ ਨਾ ਰੋ । " ਦੇਖ ਹੁਣ, " ਇੱਕ ਬਬਰ ਸ਼ੇਰ ਆਉਂਦਾ ਹੈ। ਇਹ ਹੀ ਇੱਕ ਉਹ ਹੈ ਜਿਸਨੇ ਜਿੱਤ ਪਾਈ ਹੈ । ਜਦ ਯੂਹੰਨਾ ਨੇ ਵੇਖਿਆ ਤਾਂ ਉਸਨੇ ਇੱਕ ਲੇਲੇ ਨੂੰ ਜੋ ਲਹੂ-ਲੁਹਾਨ ਸੀ, ਜੋ ਕੋਹਿਆ ਗਿਆ ਸੀ ਆਉਂਦੇ ਵੇਖਿਆ ।

207 ਕੋਈ ਵੀ ਜੋ ਲਹੂ-ਲੁਹਾਨ ਹੁੰਦਾ ਹੈ ਉਹ ਮਰ ਜਾਂਦਾ ਹੈ । ਤੁਸੀਂ ਜਾਣਦੇ ਹੋ ਕਿ ਇਹ ਮਾਰਿਆ ਗਿਆ ਸੀ । ਉਸਦੀ ਧੋਣ ਕੱਟ ਦਿੱਤੀ ਗਈ ਸੀ, ਜਾਂ ਇਸੇ ਤਰ੍ਹਾਂ ਹੀ ਕੁਝ। ਉਸਦੇ ਉੱਤੇ ਲਹੂ ਸਾਰੇ ਪਾਸੇ ਸੀ ।

208 ਹੁਣ ਉਹ ਲੇਲਾ ਆਉਂਦਾ ਹੈ, ਜੋ ਕਿ ਕੋਹਿਆ ਗਿਆ ਸੀ । ਅਤੇ ਉਹ ਅੱਗੇ ਆਉਂਦਾ ਹੈ, ਹੇ ਮੇਰੇ ਪ੍ਰਭੂ, ( ਕੀ ਕਰਨ ਲਈ ?) ਆਪਣੇ ਛੁਟਕਾਰੇ ਦਾ ਦਾਅਵਾ ਕਰਨ ਲਈ । ਆਮੀਨ। ਔਹ ! ਔਹ ! ਮੈਂ ........ ਕੀ ਤੁਹਾਨੂੰ ਇਸ ਤਰ੍ਹਾਂ ਦਾ ਮਹਿਸੂਸ ਨਹੀਂ ਹੁੰਦਾ ਕਿ ਤੁਸੀਂ ਕਿਸੇ ਕੋਨੇ ਵਿੱਚ ਜਾ ਕੇ ਬੈਠ ਜਾਓ ਅਤੇ ਰੋਵੋ ? ਇੱਥੇ ਉਹ ਲੇਲਾ ਆਉਂਦਾ ਹੈ, ਜੋ ਹਾਲੇ ਵੀ ਲਹੂ-ਲੁਹਾਨ ਹੈ । ਯੂਹੰਨਾ ....... ਉੱਥੇ ਕੋਈ ਵੀ ਅਜਿਹਾ ਨਹੀਂ ਸੀ ਜੋ ਇਹ ਕਰ ਸੱਕਦਾ ਹੋਵੇ, ਸਾਰੇ ਬਜ਼ੁਰਗ ਉੱਥੇ ਚਾਰੇ ਪਾਸੇ ਖੜੇ ਸਨ, ਪ੍ਰੰਤੂ ਉਹਨਾਂ ਵਿੱਚ ਕੋਈ ਵੀ ਅਜਿਹਾ ਨਹੀਂ ਸੀ ਜੋ ਇਹ ਕਰ ਸੱਕਦਾ ਹੋਵੇ । ਇਸ ਲਈ ਉਹ ਲੇਲਾ ਆਉਂਦਾ ਹੈ । ਜਦ ਉਹ ਆਉਂਦਾ ਹੈ ਤਾਂ ਉਸਦੇ ਵਿਚੋਲਗੀ ਦੇ ਦਿਨ ਖਤਮ ਹੋ ਜਾਂਦੇ ਹਨ, ਸਿਫਾਰਸ਼ ਕਰਨ ਦੇ ਦਿਨ।

209 ਅਜਿਹਾ ਤਦ ਹੁੰਦਾ ਹੈ ਜਦੋਂ ਉਹ ਬਲੀ ਦੂਤ ਉੱਥੇ ਖੜਾ ਹੁੰਦਾ ਹੈ । ਤੁਸੀਂ ਉਸ ਸਮੇਂ ਤੱਕ ਇੰਤਜਾਰ ਕਰੋ ਜਦ ਤੱਕ ਕਿ ਅਸੀਂ ਮੋਹਰਾਂ ਵਿੱਚ ਨਹੀਂ ਪਹੁੰਚਦੇ । " ਅਤੇ ਫਿਰ ਹੋਰ ਚਿਰ ਨਾ ਲੱਗੇਗਾ । " ਇਹ ਠੀਕ ਹੈ। ਉਹ " ਅੱਧੇ ਘੰਟੇ ਦੀ ਚੁੱਪ । " ਜੇ ਪ੍ਰਭੂ ਦੀ ਮਰਜ਼ੀ ਹੋਈ ਤਾਂ ਅਗਲੇ ਐਤਵਾਰ ਦੀ ਰਾਤ ਨੂੰ ਜਦ ਅਸੀਂ ਉਸ ਸੱਤਵੀਂ ਮੋਹਰ ਨੂੰ ਵੇਖਦੇ ਹਾਂ ਤਾਂ ਤੁਸੀਂ ਗੋਰ ਕਰਨਾ ਕਿ ਅੱਧੇ ਘੰਟੇ ਦੀ ਚੁੱਪ ਵਿੱਚ ਕੀ ਹੁੰਦਾ ਹੈ ।



ਦੇ ਹੱਥਾਂ ਵਿੱਚ ਚਲੀ ਗਈ ਸੀ । ਉਸਨੇ ਆਪਣਾ ਵਿਸ਼ਵਾਸ਼ ਜੋ ਖੁਦਾ ਤੇ ਸੀ ਉਸਨੂੰ ਸ਼ੈਤਾਨ ਦੇ ਕਾਰਨਾਂ ਦੇ ਕੋਲ ਵੇਚ ਦਿੱਤਾ ਸੀ । ਇਸ ਲਈ ਉਸਨੇ ਆਪਣਾ ਅਨੰਤ ਜੀਵਨ ; ਜੀਵਨ ਦੇ ਬਿਰਛ ਉੱਤੇ ਆਪਣੇ ਅਧਿਕਾਰ ਨੂੰ, ਧਰਤੀ ਉੱਤੇ ਆਪਣੇ ਅਧਿਕਾਰ ਨੂੰ ;ਅਰ ਜੋ ਕੁਝ ਵੀ ਉਸਦਾ ਸੀ, ਉਸਨੇ ਉਹ ਸੱਭ ਸ਼ੈਤਾਨ ਦੇ ਹੱਥਾਂ ਵਿੱਚ ਵੇਚ ਜਾਂ ਹਾਰ ਦਿੱਤਾ । ਇਸ ਲਈ ਹੁਣ ਇਹ ਆਈ,ਇਹ ਵਾਪਿਸ ਆਈ ਅਤੇ ਦੂਸ਼ਿਤ ਹੋ ਚੁੱਕੀ ਹੈ । ਅਤੇ ਆਦਮ ਦੀ ਸੰਤਾਨ ਨੇ ਉਸ ਵਿਰਸੇ ਅਰਥਾਤ ਮਿਰਾਸ ਨੂੰ ਨਾਸ਼ ਕਰ ਦਿੱਤਾ ਹੈ ਜੋ ਆਦਮ ਦੇ ਕੋਲ ਹੋਣੀ ਚਾਹੀਦੀ ਸੀ, ਤੇ ਉਹ ਧਰਤੀ ਹੈ। ਇਹ ਠੀਕ ਹੈ, ਵੇਖੋ ਆਦਮ ਦਾ ਵੰਸ਼ ।

104 ਇੱਕ ਦਿਨ ਮੈਂ ਟਿਊਸਨ ਵਿੱਚ ਰੁਕਿਆ ਜਿੱਥੇ ਮੈਂ ਰਹਿੰਦਾ ਹਾਂ ਅਤੇ ਮੈਂ ਕਿਸੇ ਨਾਲ ਪਹਾੜ 'ਤੇ ਗੱਲਾਂ ਕਰ ਰਿਹਾ ਸੀ, ਅਤੇ ਹੇਠਾਂ ਦੀ ਵੱਲ ਵੇਖ ਰਿਹਾ ਸਾਂ । ਮੈਂ ਕਿਹਾ, " ਤੁਸੀਂ ਕੀ ਸੋਚਦੇ ਹੋ । ਤਿੰਨ ਸੋ ਸਾਲ ਪਹਿਲਾਂ, ਪੁਰਾਣਾ ਬੁੱਢਾ (PAPAGO) ਆਪਣੀ ਅਮਰੀਕੀ -ਭਾਰਤੀ ਪਤਨੀ ਦੇ ਨਾਲ, ਆਪਣੀ ਬੱਗੀ ਵਿੱਚ ਆਇਆ ਸੀ, ਅਤੇ ਉਸਦੇ ਬੱਚੇ ਪਿੱਛੇ ਬੈਠੇ ਹੋਏ ਸਨ, ਅਤੇ ਉਹ ਕਿਤਿਓਂ ਲੰਬਾ ਸਫਰ ਕਰਕੇ ਇੱਥੇ ਆਇਆ ਅਤੇ ਇੱਥੇ ਵੱਸ ਗਏ । ਅਤੇ ਉਹ ਸ਼ਾਤੀਂ ਪੂਰਵਕ ਰਹਿੰਦਾ ਸੀ, ਉਹਨਾਂ ਦੇ ਵਿੱਚਕਾਰ ਉੱਥੇ ਕੋਈ ਵਿਭਚਾਰ ਨਾ ਜੂਆ, ਨਾ ਸ਼ਰਾਬ, ਉਹਨਾਂ ਦੇ ਵਿਚਾਲੇ ਅਜਿਹਾ ਕੁਝ ਵੀ ਨਹੀਂ ਸੀ । ਉਹ ਬਹੁਤ ਹੀ ਸਾਫ ਸੁਥਰਾ ਜੀਵਨ ਬਤੀਤ ਕਰ ਰਹੇ ਸਨ । ਅਤੇ ਟਿਊਸਨ ਤੋਂ ਹੁੰਦੇ ਹੋਏ ਇੱਥੇ (ਕੋਊਟ )ਅਮਰੀਕੀ ਭੇੜੀਏ ਆਉਂਦੇ ਅਤੇ ਨਹਾਉਂਦੇ, ਅਤੇ ਰਾਤ ਨੂੰ ਗਰਜ਼ਦੇ ਸਨ ਅਤੇ ਨਦੀ ਦੇ ਕਿਨਾਰੇ ਦੇ ਚਾਰੇ ਪਾਸੇ ਜੰਗਲੀ ਫੁੱਲ ਅਤੇ ਕੈਕਟਸ ਅਰਥਾਤ ਠੋਹਰ ਲਹਿਰਾਉਂਦੇ ਸਨ । ਅਤੇ ਯਹੋਵਾਹ ਨੇ ਇਸ ਦੇ ਉੱਤੇ ਝਾਤੀ ਮਾਰੀ ਹੋਵੇਗੀ ਅਤੇ ਮੁਸਕਰਾਇਆ ਹੋਵੇਗਾ । ਪ੍ਰੰਤੂ ਗੋਰੇ ਲੋਕ ਉਸ ਜਗ੍ਹਾ ਤੇ ਆ ਗਏ ਅਤੇ ਉਨ੍ਹਾਂ ਨੇ ਕੀ ਕੀਤਾ ? ਉਸਨੇ ਕੈਕਟਸ ਨੂੰ ਪੁੱਟ ਸੁੱਟਿਆ । ਉਸਨੇ ਦੇਸ਼ ਨੂੰ ਬੀਅਰ ਦੇ ਡੱਬਿਆਂ ਅਤੇ ਵਿਸਕੀ ਦੀਆਂ ਬੋਤਲਾਂ ਦੇ ਨਾਲ ਦੂਸ਼ਿਤ ਕਰ ਦਿੱਤਾ । ਉਸਨੇ ਕੋਮ ਦੇ ਆਚਰਨ ਨੂੰ ਨਸ਼ਟ ਕਰ ਦਿੱਤਾ । ਅਤੇ ਸਿਰਫ ਇੱਕ ਹੀ ਢੰਗ ਨਾਲ ਉਹ ਇੰਡੀਅਨ ਨੂੰ ਮਾਰ ਸੱਕਦਾ ਸੀ ਕਿ ਉਹਨਾਂ ਦੇ ਭੋਜਨ ਨੂੰ ਖਤਮ ਕਰ ਦੇਵੇ ਜੋ ਕਿ ਮੱਝਾਂ ਸਨ । "

105 ਜਦ ਮੈਂ ਇੱਕ ਦਿਨ ਟੋਮਬਸਟੋਨ ਦੇ ਅਜਾਇਬ ਘਰ ਵਿੱਚ ਪੜ੍ਹ ਰਿਹਾ ਸੀ ਤਾਂ ਮੈਂ ਗੈਰੋਨਿਮੋ ਦੀ ਇੱਕ ਤਸਵੀਰ ਵੇਖੀ । ਅਤੇ ਤੁਹਾਡੇ ਵਿੱਚੋਂ ਬਥੇਰੇ ਇਹ ਸੋਚਦੇ ਹੋਣਗੇ ਕਿ ਗੈਰੋਨਿਮੋ ਇੱਕ ਪਖੰਡੀ ਸੀ । ਮੇਰੇ ਲਈ ਤਾਂ ਉਹ ਇੱਕ ਅਸਲੀ ਅਮਰੀਕੀ ਸੀ । ਉਹ ਕੇਵਲ ਉਸਦੇ ਲਈ ਲੜ੍ਹ ਰਿਹਾ ਸੀ ਜੋ ਠੀਕ ਸੀ ਜੋ ਪ੍ਰਮੇਸ਼ੁਰ ਨੇ ਉਸਨੂੰ ਦਿੱਤਾ ਸੀ ;ਉਹ ਸੀ, ਜਮੀਨ, ਇੱਕ ਦੇਸ਼ ਅਤੇ ਰਹਿਣ ਲਈ ਜਗ੍ਹਾ । ਮੈਂ ਉਸ 'ਤੇ ਦੋਸ਼ ਨਹੀਂ ਲਗਾਉਂਦਾ ਹਾਂ । ਅਤੇ ਜਦ ਉਹ ਗੋਰੇ ਸਿਪਾਹੀ ਉੱਥੇ ਆਏ ਤਾਂ ਉਨ੍ਹਾਂ ਨੇ ਜਬਰਦਸਤੀ ਉਸ ਜਮੀਨ 'ਤੇ ਕਬਜ਼ਾ ਕਰ ਲਿਆ ਅਤੇ ਉਹਨਾਂ ਨੂੰ ਉਹਨਾਂ ਨੇ ਇਸ ਤਰ੍ਹਾਂ ਮਾਰਿਆ ਜਿਵੇਂ ਮੱਖੀਆਂ ਦੇ ਝੁੰਢ ਨੂੰ ਮਾਰਿਆ ਜਾਂਦਾ ਹੈ । ਅਤੇ ਉੱਥੇ ਗੈਰੋਨਿਮੋ ਦੇ ਮੈਡੀਕਲ ਮੁੱਖ ਦਫਤਰ ਦੀ ਜਾਂ ਉਸਦੇ ਹਸਪਤਾਲ ਦੀ ਇੱਕ ਤਸਵੀਰ ਸੀ । ਇਹ ਕੁਝ ਜੰਗਲੀ ਰੁੱਖਾਂ ਦੇ ਟੁਕੜਿਆਂ ਦੇ ਉੱਤੇ ਅਥਵਾ ਡੰਡਿਆਂ ਦੇ ਉੱਤੇ ਦੋ ਜਾਂ ਤਿੰਨ ਕੰਬਲ ਸਨ। ਅਤੇ ਉਹ ਸੱਚੇ, ਅਸਲੀ ਜਖਮੀ ਅਮਰੀਕੀ ਇੰਡੀਅਨ ਪ੍ਰਮੇਸ਼ੁਰ ਦੁਆਰਾ ਦਿੱਤੇ ਗਏ ਆਪਣੇ ਅਧਿਕਾਰਾਂ ਲਈ ਲੜ ਰਹੇ ਸਨ । ਅਤੇ ਉੱਥੇ ਤਸਵੀਰ ਵਿੱਚ ਗੈਰੋਨਿਮੋ ਆਪਣੇ ਹੀ ਲੋਕਾਂ ਵਿੱਚੋਂ ਇੱਕ ਬੱਚੇ ਨੂੰ ਆਪਣੀ ਕਮਰ 'ਤੇ ਚੁੱਕ ਕੇ ਖੜਾ ਸੀ, ਅਤੇ ਆਪਣੇ ਉਹਨਾਂ ਯੋਧਿਆਂ ਦੇ ਵੱਲ ਵੇਖ

ਰਿਹਾ ਸੀ ਜੋ ਲਹੂ ਲੂਹਾਨ ਹੋ ਕੇ ਮਰ ਰਹੇ ਸਨ, ਉਹਨਾਂ ਲਈ ਪੈਨਸਲੀਨ ਜਾਂ ਅਜਿਹਾ ਕੁਝ ਨਹੀਂ ਸੀ ਉਹਨਾਂ ਦੀ ਮੱਦਦ ਕਰਨ ਦਾ ਕੋਈ ਵੀ ਢੰਗ ਨਹੀਂ ਸੀ ;ਉਹ ਖੁਦਾ ਦੁਆਰਾ ਦਿੱਤੇ ਗਏ ਸੱਚੇ ਅਮਰੀਕੀ ਸਨ । ਇਸ ਤੋਂ ਬਾਦ ਵੀ ਉਹ ਉਸ ਨੂੰ ਬਾਗੀ ਆਖਦੇ ਹਨ ਮੈਂ ਉਹਨੂੰ ਇੱਕ ਭੱਦਰ ਪੁਰਖ ਆਖਦਾ ਹਾਂ ।

106 ਕੋਚਾਇਸ ਨੇ ਕਦੇ ਵੀ ਆਤਮ-ਸਮਰਪਣ ਨਾ ਕੀਤਾ ਹੁੰਦਾ । ਉਹ ਇੱਕ ਬਜ਼ੁਰਗ ਆਦਮੀ ਸੀ । ਪ੍ਰੰਤੂ ਅਮਰੀਕੀ ਸੈਨਾਂ ਨੇ ਉਹਨਾਂ ਸਭਨਾਂ ਨੇ ਵਰਦੀਆਂ ਪਹਿਨ ਕੇ, ਅਤੇ ਉਹ ਉੱਥੇ ਬਾਹਰ ਨਿੱਕਲਦੇ ਅਤੇ ਜਾ ਕੇ ਮੱਝਾਂ ਨੂੰ ਮਾਰ ਦਿੰਦੇ ਉਹਨਾਂ ਨੇ ਉੱਥੇ ਧਾਵੇ ਬੋਲੇ, ਉਹਨਾਂ ਨੇ ਰਫਲ ਦੀ ਵੀ ਖੋਜ ਕਰ ਲਈ ਅਤੇ ਉਹ ਉੱਥੇ ਗਏ ਅਤੇ ਕਿਹਾ, " ਮੇਰਾ ਅੱਜ ਬਹੁਤ ਵਧੀਆ ਦਿਨ ਰਿਹਾ, ਮੈਂ ਅੱਜ ਚਾਲੀ ਮੱਝਾਂ ਮਾਰ ਦਿੱਤੀਆਂ, ਅਤੇ ਉਹ ਪਸੈਂਜਰ ਕਾਰ ਜਾਂ ਬੋਕਸ ਕਾਰ ਦੀ ਆੜ ਵਿੱਚ ਹੋ ਕੇ ਗੋਲੀਆਂ ਚਲਾਉਂਦੇ ਸਨ। " ਚਾਲੀ ਮੱਝਾਂ ਜਿਹਨਾਂ ਦੇ ਨਾਲ ਉਹਨਾਂ ਇੱਡੀਅਨਜ ਦਾ ਕਬੀਲਾ ਪੂਰੇ ਦੋ ਜਾਂ ਜਿਆਦਾ ਸਾਲ ਪੋਸ਼ਣ ਕਰ ਸੱਕਦਾ ਸੀ । ਉਹਨਾਂ ਨੇ ਉਹਨਾਂ ਮੱਝਾਂ ਨਾਲ ਕੀ ਕੀਤਾ? ਉਹਨਾਂ ਨੇ ਉਹਨਾਂ ਨੂੰ ਮਾਰੂਥਲ ਵਿੱਚ ਸੁੱਟ ਦਿੱਤਾ । ਉਹਨਾਂ ਦੀਆਂ ਮੁਰਦਾਰ ਲੋਥਾਂ ਨੇ ਉਹਨਾਂ ਇਲਾਕਿਆਂ ਨੂੰ ਸੜਿਆਂਦ ਤੇ ਬਦਬੂ ਨਾਲ ਭਰ ਦਿੱਤਾ ਅਤੇ ਉਨ੍ਹਾਂ ਨੂੰ ਜੰਗਲੀ ਕੁੱਤੇ ਖਾਂਦੇ ਸਨ।

107 ਜਦੋਂ ਉਹ ਇੰਡੀਅਨ ਮੱਝ ਨੂੰ ਮਾਰਦੇ ਸਨ, ਤਾਂ ਉੱਥੇ ਇੱਕ ਧਾਰਮਿਕ ਉਤਸਵ ਮਨਾਇਆ ਜਾਂਦਾ ਸੀ । ਉਹ ਉਸਦੇ ਖੁਰਾਂ ਦੇ ਤਸਲੇ ਬਣਾਉਣ ਲਈ ਉਹਨਾਂ ਨੂੰ ਸਾਂਭ ਲੈਂਦੇ ਸਨ। ਉਹ ਉਸਦਾ ਮਾਸ ਖਾਂਦੇ ਸਨ, ਇੱਥੇ ਤੱਕ ਕਿ ਉਹ ਉਸਦੀਆਂ ਅੰਤੜੀਆਂ ਨੂੰ ਵੀ ਖਾਂਦੇ ਹੁੰਦੇ ਸਨ । ਉਹ ਉਸਦਾ ਸਾਰਾ ਮਾਸ ਲੈ ਕੇ ਉੱਪਰ ਲਟਕਾ ਦਿੰਦੇ, ਅਤੇ ਉਸਨੂੰ ਸੁਕਾ ਲੈਂਦੇ ਸਨ । ਉਸਦੀ ਖੱਲ ਸੁਕਾ ਲਈ ਜਾਂਦੀ ਸੀ ਅਤੇ ਉਸ ਤੋਂ ਤੰਬੂ ਜਾਂ ਕੋਈ ਕੱਪੜਾ ਬਣਾਉਂਦੇ ਸਨ । ਕੁਝ ਵੀ ਬਾਕੀ ਨਹੀਂ ਸੀ ਬਚਦਾ ..........

108 ਪਰ ਜਦ ਗੋਰੇ ਲੋਕ ਅੰਦਰ ਆਣ ਵੜੇ, ਪਖੰਡੀ ਗੋਰੇ ਲੋਕ ਹਨ। ਉਹ ਦੁਸ਼ਟ ਹਨ । ਅਤੇ ਉਹ ਨੇ ਆਣ ਕੇ ਉਹਨਾਂ ਮੱਝਾਂ ਨੂੰ ਮਾਰ ਮੁਕਾਇਆ, ਅਤੇ ਉਹਨਾਂ ਇੰਡੀਅਨਜ ਨੂੰ ਭੁੱਖੇ ਮਾਰ ਦਿੱਤਾ।

109 ਕੋਈ ਵੀ ਅਸਲੀ ਆਦਮੀ ਪ੍ਰਮੇਸ਼ੁਰ ਵੱਲੋਂ ਦਿੱਤੇ ਗਏ ਅਧਿਕਾਰਾਂ ਲਈ ਲੜੇਗਾ । ਜੋ ਉਹਨਾਂ ਨੇ ਅਮਰੀਕੀ ਭਾਰਤੀਆਂ ਦੇ ਨਾਲ ਕੀਤਾ ਹੈ, ਉਹ ਅਮਰੀਕੀ ਝੰਡੇ ਉੱਤੇ ਇੱਕ ਦਾਗ ਹੈ। ਜੋ ਵੀ ਹੋਵੇ ਇਹ ਦੇਸ਼ ਉਹਨਾਂ ਦਾ ਹੈ।

110 ਤੁਸੀਂ ਕੀ ਸੋਚੋਗੇ ਜੇ ਜਪਾ ........... ਜਪਾਨ ਰੂਸ ਜਾਂ ਕੋਈ ਹੋਰ ਇੱਥੇ ਅੰਦਰ ਆਣ ਵੜੇ ਅਤੇ ਕਹੇ, " ਇੱਥੋਂ ਬਾਹਰ ਨਿੱਕਲ ਜਾਓ । ਇੱਥੋਂ ਵਾਪਿਸ ਬਾਹਰ ਨਿੱਕਲ ਜਾਓ ", ਅਤੇ ਸਾਡੇ ਨਾਲ ਅਤੇ ਸਾਡੇ ਬੱਚਿਆਂ ਦੇ ਨਾਲ ਉਹੋ ਕੁਝ ਕਰੇ ਜੋ ਅਸੀਂ ਉਹਨਾਂ ਭਾਰਤੀਆਂ ਨਾਲ ਕੀਤਾ ਸੀ? ਪਰ ਯਾਦ ਰਹੇ, ਅਸੀਂ ਇਹ ਬੀਜ ਚੁੱਕੇ ਹਾਂ ਅਤੇ ਹੁਣ ਅਸੀਂ ਵੱਢਣ ਦੇ ਲਈ ਜਾ ਰਹੇ ਹਾਂ । ਤੁਸੀਂ ਪ੍ਰਮੇਸ਼ੁਰ ਦਾ ਕਨੂੰਨ ਜਾਣਦੇ ਹੋ, ਇੱਕ ਬੀਜਣ ਦਾ ਸਮਾਂ ਹੈ ਅਤੇ ਇੱਕ ਵੱਢਣ ਦਾ ਸਮਾਂ ਹੈ । ਮੈਂ ਸੋਚਦਾ ਹਾਂ ਕਿ ਇਹ ਬਹੁਤ ਹੀ ਬੁਰਾ ਹੈ । ਜੀ ਹਾਂ, ਸ਼੍ਰੀਮਾਨ ।

111 ਹੁਣ ਕੀ ਹੋਇਆ ? ਆਦਮ ਦੇ ਦੂਸ਼ਿਤ ਵੰਸ਼ ਨੇ ਜਮੀਨ ਨੂੰ ਪੂਰੀ ਤਰ੍ਹਾਂ ਦੂਸ਼ਿਤ ਅਤੇ ਨਾਸ਼ ਕਰ ਦਿੱਤਾ ਹੈ। ਕੀ ਤੁਸੀਂ ਜਾਣਦੇ ਹੋ ਕਿ ਬਾਈਬਲ ਇਸੇ ਤਰ੍ਹਾਂ ਹੀ ਆਖਦੀ ਹੈ ?ਕਿਉਂਕਿ



ਹੀ ਇਸ਼ਾਰਾ ਕੀਤਾ । ਅਤੇ ਲਹੂ ਅਜੇ ਬਹਾਇਆ ਨਹੀਂ ਗਿਆ ਸੀ, ਸੋ ਉਹ ਉਹਨਾਂ ਨੂੰ ਸ਼ੁੱਧ ਕਰਨ ਦੇ ਲਈ ਉੱਥੇ ਮੌਜੂਦ ਸੀ । ਉਹ ਤੁਹਾਨੂੰ ਅਤੇ ਮੈਨੂੰ ਸ਼ੁੱਧ ਕਰਨ ਲਈ ਉੱਥੇ ਸੀ ।

198 ਅਤੇ, ਹੇ ਪ੍ਰਭੂ ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਅੱਜ ਰਾਤ ਉਹ ਉੱਥੇ ਹੈ । ਹਰ ਇੱਕ ਪਾਪੀ ਲਈ ਉਹ ਕੋਹਿਆ ਗਿਆ ਹੈ । ਕਿੰਝ ਯਹੋਵਾਹ ਕੁਝ ਹੋਰ ਵੇਖ ਸੱਕਦਾ ਹੈ ਸਿਵਾਏ ਉਸ ਲੇਲੇ ਦੇ ਜੋ ਉੱਥੇ ਖੜਾ ਹੈ !

199 ਹੁਣ ਵੇਖੋ ਕਿ ਯੂਹੰਨਾ ਦੇ ਦਰਸ਼ਨ ਵਿੱਚ ਇੱਕ ਲੇਲਾ ਨਿੱਕਲ ਕੇ ਆਉਂਦਾ ਹੈ ਜੋ ਕਿ ਮੰਨੋ ਕੋਹਿਆ ਗਿਆ ਸੀ । ਧਿਆਨ ਦਿਓ, ਉਹ ਪਿਤਾ ਦੇ ਸਿੰਘਾਸਣ ਵਿੱਚੋਂ ਨਿੱਕਲਿਆ । ਔਹ, ਸੋਚੋ! ਇਸ ਦਰਸ਼ਨ ਵਿੱਚ ਉਹ ਕਿੱਥੋਂ ਅੱਗੇ ਵੱਧਦਾ ਹੈ ? ਉਹ ਮਹਿਮਾਂ ਵਿੱਚੋਂ ਆਉਂਦਾ ਹੈ, ਜਿੱਥੇ ਕਿ ਉਹ ਪ੍ਰਮੇਸ਼ੁਰ ਦੇ ਸੱਜੇ ਹੱਥ ਬਿਰਾਜਮਾਨ ਸੀ । ਉਹ ਤੇਜ਼ ਵਿੱਚੋਂ ਨਿੱਕਲ ਕੇ ਯੂਹੰਨਾ ਦੀ ਵੱਲ ਵਧਿਆ।

200 ਔਹ, ਕੀ ਇਹ ਮਹਿਮਾਂ ਵਾਲੀ ਗੱਲ ਨਹੀਂ ਹੋਵੇਗੀ ਜੇ ਅੱਜ ਰਾਤ ਅਸੀਂ ਆਪਣੇ ਪਾਪ ਭਰੇ ਵਿਚਾਰਾਂ ਨੂੰ ਏਨਾ ਦੂਰ ਰੱਖ ਦੇਈਏ ਕਿ ਅਸੀਂ ਉਸਨੂੰ ਕਬੂਲ ਕਰ ਸਕੀਏ, ਅਤੇ ਉਹ ਮਹਿਮਾਂ ਵਿੱਚੋਂ ਨਿੱਕਲ ਕੇ ਅੱਜ ਰਾਤ ਸਾਡੀ ਵੱਲ ਆਵੇਗਾ ਅਤੇ ਤੁਹਾਡੇ ਵਿੱਚੋਂ ਕਿਸੇ ਤੇ ਵੀ ਆਪਣੇ ਆਪ ਨੂੰ ਪ੍ਰਗਟ ਕਰੇਗਾ !

201 ਲੇਲਾ ਵਿਚੋਲਗੀ ਕਰਨ ਦੇ ਲਈ, ਛੁਟਕਾਰੇ ਦਾ ਦਾਅਵਾ ਕਰਨ ਲਈ, ਮਹਿਮਾਂ ਵਿੱਚੋਂ ਨਿੱਕਲ ਕੇ ਅਗਾਂਹ ਵੱਧਦਾ ਹੈ । ਯਾਦ ਰਹੇ, ਉਹ ਵਿਚੋਲਗੀ ਦੇ ਕੰਮ ਵਾਸਤੇ *ਉੱਥੇ* ਪਿੱਛੇ ਸੀ। ਪਰ ਯਾਦ ਰੱਖੋ, ਇਹ ਮੋਹਰਾਂ ਖੁੱਲ੍ਹਣ ਦੇ ਲਈ ਤਿਆਰ ਹਨ, ਲੇਲਾ ਪਰਮੇਸ਼ੁਰ ਦੇ ਪਵਿੱਤਰ ਅਸਥਾਨ ਵਿੱਚੋਂ ਅਗਾਂਹ ਵਧਿਆ ਹੈ ।

202 ਜਦ ਤੱਕ ਅਸੀਂ ਉੱਥੇ ਨਹੀਂ ਆ ਜਾਂਦੇ ਉਡੀਕ ਕਰੋ, ਜੋ ਕਿ ਇੱਕ ਅਜਿਹਾ ਸਮਾਂ ਹੈ ਜਦ ਉਸ ਇੱਕ ਘੰਟੇ ਲਈ, ਉਸ " ਇੱਕ -ਅੱਧੇ ਘੰਟੇ "ਨੂੰ ਨਹੀਂ ਲੈਂਦੇ ਹਾਂ, ਇਹ ਚੁੱਪ ਹੈ । ਫਿਰ ਉੱਥੇ ਹੋਰ ਵਿਚੋਲਗੀ ਦਾ ਕੰਮ ਨਹੀਂ ਹੁੰਦਾ । ਉਹ ਪਵਿੱਤਰ ਅਸਥਾਨ ਧੂੰਏ ਨਾਲ ਭਰਿਆ ਹੋਇਆ ਹੈ। ਉੱਥੋਂ ਬਲੀਦਾਨ ਖਤਮ ਹੋ ਚੁੱਕਾ ਹੈ । ਅਰ ਹੁਣ ਇਹ ਨਿਆਂ ਦਾ ਸਿੰਘਾਸਣ ਬਣ ਗਿਆ ਹੈ । ਹੁਣ ਉੱਥੇ ਅਗਾਂਹ ਤੋਂ ਲਹੂ ਨਹੀਂ ਹੈ । ਕਿਉਂਕਿ ਲਹੂ ਨਾਲ ਭਰਿਆ ਲੇਲਾ ਉੱਥੋਂ ਜਾ ਚੁੱਕਾ ਹੈ। ਤੁਸੀਂ ਉਸ ਸਮੇਂ ਤੱਕ ਨਾ ਉਡੀਕੋ । ਪੁਰਾਣੇ ਨੇਮ ਵਿੱਚ ਯਾਦ ਕਰੋ ? ਜਿੰਨਾ ਚਿਰ ਤੱਕ ਲਹੂ ਦਯਾ ਦੇ ਸਿੰਘਾਸਣ ਤੇ ਸੀ, ਤਦ ਤੱਕ ਦਯਾ ਰਹਿੰਦੀ ਸੀ, ਪਰ ਜਦ ਲਹੂ ਉਸ ਦਯਾ ਦੇ ਸਿੰਘਾਸਣ ਤੋਂ ਹਟ ਜਾਂਦਾ ਸੀ ਤਾਂ ਉਹ ਨਿਆਂ ਦਾ ਸਿੰਘਾਸਣ ਬਣ ਜਾਂਦਾ ਸੀ । [ ਭਾਈ ਬ੍ਰਾਨਹਾਮ ਪੰਜ ਵਾਰ ਪੁਲਪਿਟ ਨੂੰ ਖੜਕਾਉਂਦੇ ਹਨ -ਸੰਪ ] ਪ੍ਰੰਤੂ ਜਦੋਂ ਲੇਲਾ ਉਸ ਪਵਿੱਤਰ ਅਸਥਾਨ ਤੋਂ ਚਲਾ ਜਾਂਦਾ ਹੈ ਤਾਂ ਉਹ ਨਿਆਂ ਦਾ ਸਿੰਘਾਸਣ ਬਣ ਜਾਂਦਾ ਹੈ !

203 ਅਰ ਉਹ ਕੀ ਕਰ ਰਿਹਾ ਹੈ ? ਉਹ ਇੱਕ ਵਿਚੋਲਾ ਰਿਹਾ ਹੈ । ਕੋਈ ਹੋਰ ਨਹੀਂ ਬਲਕਿ ਉਹ ਹੀ ਵਿਚੋਲਾ ਰਿਹਾ ਹੈ । ਮੈਨੂੰ ਦੱਸੋ ਕਿ ਫਿਰ ਮਰਿਯਮ ਕਿੱਥੇ ਵਿਚੋਲਗੀ ਦਾ ਕੰਮ ਕਰ ਸੱਕਦੀ ਹੈ । ਮਰਿਯਮ ਕੀ ਭੇਂਟ ਕਰ ਸੱਕਦੀ ਹੈ ? ਸੰਤ ਫਰਾਂਸਿਸ, ਸੰਤ ਏਸੀਸੀ, ਜਾਂ ਕੋਈ ਹੋਰ ਜਾਂ ਸੰਤ

ਲੇਲਾ ਹੈ, " ਇੱਕ ਲੇਲਾ ਜੋ ਮੰਨੋ ਜਗਤ ਦੀ ਨੀਂਹ ਰੱਖਣ ਤੋਂ ਪਹਿਲਾਂ ਹੀ ਕੋਹਿਆ ਗਿਆ ਹੋਵੇ। "ਇੱਕ ਲੇਲਾ ਕੋਹਿਆ ਗਿਆ ਸੀ । ਇਹ ਕੀ ਸੀ ? ਉਹ ਲੇਲਾ ਕੀ ਸੀ ? ਉਹ ਖੂਨ ਨਾਲ ਲੱਥਪੱਥ ਅਤੇ ਜਖਮੀ ਸੀ । " ਇੱਕ ਲੇਲਾ ਜੋ ਕਿ ਕੋਹਿਆ ਗਿਆ ਸੀ ਪਰ ਉਹ ਫਿਰ ਦੁਬਾਰਾ ਜੀਉਂਦਾ ਸੀ। " ਅਤੇ ਉਹ ਲਹੂ-ਲੂਹਾਨ ਸੀ । ਓਹ, ਮੇਰੇ !

ਕਿਵੇਂ ਹੋ ਸੱਕਦਾ ਹੈ ਕਿ ਤੁਸੀਂ ਉਸ ਲੇਲੇ ਨੂੰ ਵੇਖ ਕੇ ਵੀ ਪਾਪੀ ਬਣੇ ਰਹੋ ?

193 ਇੱਕ ਲੇਲਾ ਅਗਾਂਹ ਆਇਆ । ਬਜੁਰਗ ਨੇ ਕਿਹਾ, " ਬਬਰ ਸ਼ੇਰ ਜਿੱਤਿਆ ਹੈ, ਯਹੂਦਾ ਦੇ ਗੋਤ ਦੇ ਬਬਰ ਸ਼ੇਰ ਨੇ ਜਿੱਤ ਪਾਈ ਹੈ । " ਅਤੇ ਯੂਹੰਨਾ ਬਬਰ ਸ਼ੇਰ ਨੂੰ ਵੇਖਣ ਲਈ ਮੁੜਿਆ ਅਤੇ ਉਸਨੇ ਇੱਕ ਲਹੂ-ਲੂਹਾਨ ਹੋਇਆ ਲੇਲਾ ਵੇਖਿਆ, ਉਸ ਦੇ ਉੱਤੇ ਲਹੂ ਸੀ, ਉਹ ਜਖਮੀ ਸੀ। ਉਸਨੇ ਜਿੱਤ ਪਾਈ ਸੀ । ਤੁਸੀਂ ਕਹਿ ਸੱਕਦੇ ਹੋ ਕਿ ਉਹ ਯੁੱਧ ਵਿੱਚ ਰਿਹਾ ਸੀ । ਉਹ ਕੋਹਿਆ ਗਿਆ ਸੀ ਪਰ ਉਹ ਫਿਰ ਜੀਉਂਦਾ ਸੀ ।

194 ਤੁਸੀਂ ਜਾਣਦੇ ਹੋ, ਇਸ ਤੋਂ ਪਹਿਲਾਂ ਯੂਹੰਨਾ ਨੇ ਉੱਥੇ ਉਸ ਲੇਲੇ ਨੂੰ ਨਹੀਂ ਵੇਖਿਆ ਸੀ। ਇਸ ਤੋਂ ਪਹਿਲਾਂ ਕਿਤੇ ਵੀ ਇਸਦਾ ਜਿਕਰ ਨਹੀਂ ਕੀਤਾ ਗਿਆ ਹੈ । ਜਿਵੇਂ ਯੂਹੰਨਾ ਸਾਰੇ ਸਵਰਗ ਵਿੱਚ ਵੇਖ ਰਿਹਾ ਸੀ ਉਸਨੇ ਇਸਨੂੰ ਨਹੀਂ ਵੇਖਿਆ ਸੀ । ਪਰ ਇੱਥੇ ਵੇਖੋ ਉਹ ਅੱਗੇ ਆ ਰਿਹਾ ਹੈ ।

195 ਹੁਣ ਧਿਆਨ ਦਿਓ, ਉਹ ਕਿੱਥੋਂ ਆਉਂਦਾ ਹੈ ? ਉਹ ਪਿਤਾ ਦੇ ਸਿੰਘਾਸਣ ਵਿੱਚੋਂ ਆਉਂਦਾ ਹੈ, ਇੱਥੇ ਉਹ ਉਸ ਵਕਤ ਤੋਂ ਬੈਠਾ ਹੋਇਆ ਸੀ ਜਦ ਦਾ ਉਹ ਕੋਹਿਆ ਗਿਆ ਅਤੇ ਫਿਰ ਜੀ ਉੱਠਿਆ ਸੀ । " ਉਹ ਜੀ ਉੱਠਿਆ ਅਤੇ ਪ੍ਰਮੇਸ਼ੁਰ ਦੇ ਸੱਜੇ ਹੱਥ ਬੈਠ ਗਿਆ ਅਤੇ ਵਿਚੋਲਗੀ ਦਾ ਕੰਮ ਕਰਨ ਲਈ ਸਦਾ ਜੀਉਂਦਾ ਹੈ । " ਆਮੀਨ । ਉਹ ਜੀ ਉੱਠਿਆ ਸੀ, ਅਤੇ ਅੱਜ ਇੱਕ ਵਿਚੋਲੇ ਦੇ ਰੂਪ ਵਿੱਚ ਕੰਮ ਕਰ ਰਿਹਾ ਹੈ ਤਾਂ ਕਿ ਲੋਕਾਂ ਦੀ ਆਗਿਆਨਤਾ ਲਈ ਆਪਣੇ ਹੀ ਲਹੂ ਨਾਲ ਉਹਨਾਂ ਦੀ ਵਿਚੋਲਗੀ ਕਰੇ । ਹੁਣ ਇਹ ਉਹ ਲੇਲਾ ਹੈ ਜਿਸਦੇ ਉੱਤੇ ਮੈਂ ਨਿਰਭਰ ਹਾਂ । ਉਹ ਅਜੇ ਵੀ ਉਸ ਸ਼ੁੱਧ ਕਰਨ ਵਾਲੇ ਰੰਗ ਕਾਟ ਨਾਲ ਢੱਕਿਆ ਹੋਇਆ ਹੈ, ਪਾਪਾਂ ਨੂੰ ਮਾਫ ਕਰਨ ਵਾਲੇ ਰੰਗ ਕਾਟ ਨਾਲ ਢੱਕਿਆ ਹੋਇਆ ਹੈ ।

196 ਯੂਹੰਨਾ ਨੇ ਉਸ ਲੇਲੇ ਵੱਲ ਵੇਖਿਆ ਅਤੇ ਉਹ ਇੰਝ ਜਾਪਦਾ ਸੀ ਜਿਵੇਂ ਕੋਹਿਆ ਗਿਆ ਹੋਵੇ । ਇਸ ਤੋਂ ਬਾਦ ਉਸਨੇ ਧਿਆਨ ਦਿੱਤਾ ਕਿ ਉਹ ਜ਼ਖਮੀ ਸੀ, ਉਹ ਕੱਟਿਆ ਹੋਇਆ ਸੀ, ਅਤੇ ਮਾਰਿਆ ਕੁੱਟਿਆ ਹੋਇਆ ਸੀ, ਅਤੇ ਲਹੂ ਨਾਲ ਭਰਿਆ ਹੋਇਆ ਸੀ । ਇਹ ਉਹ ਲਹੂ-ਲੂਹਾਨ ਲੇਲਾ ਹੀ ਹੈ ਜਿਸਨੇ ਸਾਡੀ ਜਗ੍ਹਾ ਲਈ । ਕੀ ਇਹ ਅਜੀਬ ਗੱਲ ਨਹੀਂ ਹੈ ਕਿ ਇੱਕ ਸਧਾਰਨ ਲੇਲੇ ਨੇ ਸਾਡੀ ਜਗ੍ਹਾ ਲਈ ? ਅਤੇ ਉਸਨੇ ਲੇਲਾ ਵੇਖਿਆ । ਅਤੇ ਉਹ ਬਾਹਰ ਨਿੱਕਲ ਕੇ ਆਇਆ।

197 ਯੂਹੰਨਾ ਨੇ ਉਸ ਲੇਲੇ ਨੂੰ ਇਸ ਤੋਂ ਪਹਿਲਾਂ ਨਹੀਂ ਵੇਖਿਅ ਸੀ, ਕਿਉਂਕਿ ਉਹ ਪਿਛਾਂਹ ਅਨੰਤਤਾ ਵਿੱਚ ਸੀ, ਇੱਥੋਂ ਤੋੜੀ ਕਿ ਉਹ ਵਿਚੋਲਗੀ ਕਰ ਰਿਹਾ ਸੀ ਤੇ ਇਸ ਗੱਲ ਨੂੰ ਵਿਖਾ ਰਿਹਾ ਸੀ ਕਿ ਜੋ ਲੋਕ ਬੈਲ ਅਤੇ ਬੱਕਰੀਆਂ ਦੀਆਂ ਭੇਟਾਂ ਦੇ ਹੇਠ ਪਰਮੇਸ਼ੁਰ ਦੇ ਕੋਲ ਆਏ ਸਨ, ਜੋ ਕਿ ਇੱਕ ਇਵਜ ਭੇਟ ਸੀ, ਉਹ ਵੀ ......ਕਿਉਂਕਿ ਜਿਹਨਾਂ ਨੇ ਇਸਦਾ ਵਿਸ਼ਵਾਸ਼ ਕੀਤਾ, ਉਸਦੀ ਵੱਲ



ਉਸਨੇ ਇਹ ਕੀਤਾ -ਆਦਮ ਦੇ ਦੂਸ਼ਿਤ ਵੰਸ਼ ਨੇ ਇਹ ਕੀਤਾ, ਖੁਦਾ ਉਹਨਾਂ ਨੂੰ ਨਾਸ਼ ਕਰ ਦੇਵੇਗਾ। ਕੀ ਤੁਸੀਂ ਇਸਨੂੰ ਪੜ੍ਹਨਾ ਚਾਹੁੰਦੇ ਹੋ? ਆਓ ਅਸੀਂ ਵੇਖੀਏ । ਮੈਂ ਇਸਨੂੰ ਇੱਥੇ ਲਿਖਿਆ ਹੋਇਆ ਹੈ । ਪ੍ਰਕਾਸ਼ ਪੋਥੀ 11 ਬਾਬ ਕੱਢੋ, ਅਸੀਂ ਵੇਖਾਂਗੇ ਕਿ ਪ੍ਰਮੇਸ਼ੁਰ ਨੇ ਉਹਨਾਂ ਦੇ ਬਾਰੇ ਵਿੱਚ ਕੀ ਕਿਹਾ ਹੈ ਜੋ ਕਿ ਧਰਤੀ ਨੂੰ ਨਾਸ਼ ਕਰ ਰਹੇ ਹਨ । 11 ਬਾਬ 18 ਆਇਤ, ਮੈਂ ਸੋਚਦਾ ਹਾਂ ਕਿ ਇਹ 11:18 ਹੈ । ਇਹ ਹੀ ਹੈ।

*ਕੌਮਾਂ ਕ੍ਰੋਧਵਾਨ ਹੋਈਆਂ ਤਾਂ ਤੇਰਾ ਕ੍ਰੋਧ ਆਣ ਪਿਆ* (ਹੁਣ ਪ੍ਰਮੇਸ਼ੁਰ ਦੇ ਕ੍ਰੋਧ 'ਤੇ ਗੋਰ ਕਰੋ) *ਅਤੇ ਮੁਰਦਿਆਂ ਦਾ ਸਮਾਂ ਆ ਪਹੁੰਚਾ ਭਈ ਉਹਨਾਂ ਦਾ ਨਿਆਉਂ ਹੋਵੇ, ਅਤੇ ਤੂੰ ਆਪਣੇ ਦਾਸਾਂ ਨੂੰ ਅਰਥਾਤ ਨਬੀਆਂ ਨੂੰ, ਸੰਤਾਂ ਨੂੰ, ਅਤੇ ਉਹਨਾਂ ਨੂੰ ਜੋ ਤੇਰੇ ਨਾਮ ਦਾ ਭੈ ਰੱਖਦੇ ਹਨ, ਕੀ ਛੋਟੇ ਕੀ ਵੱਡੇ ਨੂੰ ਫਲ ਦੇਵੇਂ, ਅਤੇ ਉਹਨਾਂ ਦਾ ਨਾਸ਼ ਕਰੇਂ ਜੋ ਧਰਤੀ ਦਾ ਨਾਸ਼ ਕਰਨ ਵਾਲੇ ਹਨ ।*

112 ਉਹ ਕੀ ਕਰਨ ਵਾਲੇ ਹਨ ?ਜੋ ਉਹਨਾਂ ਨੇ ਬੀਜਿਆ ਹੈ ਉਹ ਉਸਨੂੰ ਵੱਢਣਗੇ । ਬਿਲਕੁੱਲ । ਅੱਜ ਇਸ ਐਤਵਾਰ ਦੀ ਰਾਤ ਕਿੰਨੇ ਵਿਭਚਾਰ ਇਸ ਸ਼ਹਿਰ ਵਿੱਚ ਹੋ ਜਾਣਗੇ, ਜਦ ਤੁਸੀਂ ਪਾਪ ਨੂੰ ਗਲੀਆਂ ਵਿੱਚ ਭੱਜਾ ਫਿਰਦਾ ਦੇਖ ਰਹੇ ਹੋ ?ਕਿੰਨੀਆਂ ਔਰਤਾਂ ਆਪਣੇ ਵਿਆਹ ਦੀਆਂ ਕਸਮਾਂ ਨੂੰ ਇਸ ਛੋਟੇ ਜਿਹੇ ਧਰਤੀ ਦੇ ਭਾਗ ਜਿਸਨੂੰ ਜੈਫਰਸਿਨਵਿਲੇ ਕਹਿੰਦੇ ਹਨ ਵਿੱਚ ਤੋੜ ਦੇਣਗੀਆਂ ? ਤੁਸੀਂ ਕੀ ਸੋਚਦੇ ਹੋ ਕਿ ਸ਼ਿਕਾਗੋ ਵਿੱਚ ਕਿੰਨੇ ਗਰਭਪਾਤ ਦੇ ਕੇਸ ਤੀਹ ਦਿਨਾਂ ਦੇ ਵਿੱਚ ਦਰਜ ਹਣਗੇ ? ਪੰਝੀ ਜਾਂ ਤੀਹ ਹਜਾਰ ਹਰ ਮਹੀਨੇ ਹੁੰਦੇ ਹਨ, ਉਹਨਾਂ ਨੂੰ ਛੱਡ ਕੇ ਜਿਨ੍ਹਾਂ ਦਾ ਕੋਈ ਲੇਖਾ ਜੋਖਾ ਹੀ ਨਹੀਂ ਹੈ । ਕਿੰਨੀ ਸ਼ਰਾਬ ਸ਼ਿਕਾਗੋ ਸ਼ਹਿਰ ਵਿੱਚ ਪੀਤੀ ਜਾਂਦੀ ਹੈ ? ਤੁਸੀਂ ਕੀ ਸੋਚਦੇ ਹੋ ਕਿ ਇੱਕ ਰਾਤ ਵਿੱਚ ਲੋਸ ਐਜ਼ਲਸ ਵਿੱਚ ਕੀ ਹੁੰਦਾ ਹੈ ? ਅੱਜ ਜੈਫਰਸਿਨਵਿਲੇ ਵਿੱਚ ਕਿੰਨੀ ਵਾਰ ਪ੍ਰਭੂ ਦਾ ਨਾਮ ਵਿਅਰਥ ਲਿਆ ਗਿਆ ਹੈ ?ਕੀ ਇਹ ਹੁਣ ਵਧੀਆ ਹੈ ਜਾਂ ਓਸ ਵੇਲੇ ਵਧੀਆ ਸੀ ਜਦੋਂ ਜਾਰਜ ਰੋਗਰ ਕਲਾੱਰਕ ਬੇੜੀ 'ਤੇ ਚੜ ਕੇ ਆਇਆ ਸੀ ?ਤੁਸੀਂ ਵੇਖੋ ਅਸੀਂ ਆਪਣੀ ਗੰਦਗੀ ਨਾਲ ਧਰਤੀ ਨੂੰ ਪੂਰੀ ਤਰ੍ਹਾਂ ਨਾਲ ਦੂਸ਼ਿਤ ਕਰ ਦਿੱਤਾ ਹੈ, ਅਤੇ ਖੁਦਾ ਉਹਨਾਂ ਦਾ ਨਾਸ਼ ਕਰੇਗਾ ਜਿਹੜੇ ਧਰਤੀ ਨੂੰ ਵਿਗਾੜਦੇ ਹਨ ਅਰਥਾਤ ਉਸਦਾ ਨਾਸ਼ ਕਰਦੇ ਹਨ । ਪ੍ਰਮੇਸ਼ੁਰ ਨੇ ਇਸੇ ਤਰ੍ਹਾਂ ਹੀ ਕਿਹਾ ਹੈ ।

113 ਮੈਂ ਹਮੇਸ਼ਾਂ ਹੀ ਇਹ ਸੋਚਦਾ ਸੀ ਕਿ ਮੇਰੇ ਹਿਰਦੇ ਦੇ ਅੰਦਰ ਕਿਤੇ ਕੁਝ ਹੈ, ਜੋ ਮੈਂ ਪਹਾੜਾਂ ਤੇ ਜਾਣਾ ਪਸੰਦ ਕਰਦਾ ਹਾਂ ਜਿਦਾਂ ਪ੍ਰਮੇਸ਼ੁਰ ਨੇ ਇਹਨਾਂ ਪਹਾੜਾਂ ਨੂੰ ਰੱਖਿਆ ਹੈ ।

114 ਮੈਂ ਫਲੋਰਿਡਾ ਨੂੰ ਨਫਰਤ ਕਰਦਾ ਹਾਂ ਜਿੱਥੇ ਉਹਨਾਂ ਕੋਲ ਨਕਲੀ ਖਜੂਰਾਂ ਦੇ ਦਰੱਖਤ ਹਨ । ਅਤੇ, ਓਹ, ਮੈਂ ਮਗਰਮੱਛ ਨੂੰ ਜੰਗਲ ਵਿੱਚ ਆਪਣੀ ਪੂਛ ਹਿਲਾਉਂਦੇ ਨੂੰ ਵੇਖਣਾ ਪਸੰਦ ਕਰਾਂਗਾ ਬਜਾਏ ਉਹਨਾਂ ਗੱਲਾਂ ਅਤੇ ਉਹਨਾਂ ਕੰਮਾਂ ਦੇ ਜੋ ਉਹ ਹਾਲੀਵੁੱਡ ਵਿੱਚ ਕਰਦੇ ਹਨ,ਅਤੇ ਉਹ ਸਾਰੀ ਤੜਕ-ਭੜਕ ਅਤੇ ਉਹਨਾਂ ਸ਼ਰਾਬੀਆਂ ਦਾ ਟੋਲਾ । ਹੇ ਮੇਰੇ ਪ੍ਰਮੇਸ਼ੁਰ, ਮੈਂ ਸੋਚਦਾ ਹਾਂ ਕਿਸੇ ਦਿਨ ! ਕਿਸੇ ਦਿਨ ! ਜੀ ਹਾਂ ।

115 ਪ੍ਰੰਤੂ ਯਾਦ ਰੱਖੋ ਬਾਈਬਲ ਨੇ ਸਾਨੂੰ ਮੱਤੀ ਦੇ 5ਵੇਂ ਬਾਬ ਵਿੱਚ ਦੱਸਿਆ ਹੈ ਕਿ, " ਹਲੀਮ ਧਰਤੀ ਦੇ ਵਾਰਸ ਹੋਣਗੇ। " ਇਹ ਠੀਕ ਹੈ । " ਹਲੀਮ ਅਤੇ ਦੀਨ ਧਰਤੀ ਦੇ ਵਾਰਸ ਹੋਣਗੇ।"

ਯਿਸੂ ਨੇ ਆਖਿਆ " ਧੰਨ ਉਹ ਹਨ ਜੋ ਹਲੀਮ ਹਨ ", ਉਹ ਸਾਦਾ ਲੋਕ ਜੋ ਵੱਡੇ ਬਣਨ ਦਾ ਯਤਨ ਨਹੀਂ ਕਰਦੇ, " ਉਹ ਧਰਤੀ ਦੇ ਵਾਰਸ ਹੋਣਗੇ । " ਯਿਸੂ ਨੇ ਇਸੇ ਤਰ੍ਹਾਂ ਹੀ ਕਿਹਾ ਹੈ । ਹਾਂ ਜੀ। ਹੁਣ ਉਹਨਾਂ ਨੇ ਇਸ ਨੂੰ ਦੂਸ਼ਿਤ ਕੀਤਾ ਅਤੇ ਪ੍ਰਮੇਸ਼ੁਰ ਉਹਨਾਂ ਦਾ ਨਾਸ਼ ਕਰੇਗਾ ;ਪਰ ਹਲੀਮ ਧਰਤੀ ਦੇ ਵਾਰਸ ਹੋਣਗੇ, ਧਰਤੀ ਦੇ ਸ਼ੁੱਧ ਹੋਣ ਤੋਂ ਬਾਦ।

116 ਹੁਣ, ਔਹ ਮੇਰੇ ਖੁਦਾ !ਹੁਣ ਗੁੰਮ ਹੋਇਆ ਵਸੀਅਤ ਨਾਮਾ ਤਾਂ ਮੂਲ ਸਵਾਮੀ ਅਰਥਾਤ ਅਸਲੀ ਮਾਲਕ ਜੋ ਸਰਵ ਸ਼ਕਤੀਮਾਨ ਪ੍ਰਮੇਸ਼ੁਰ ਹੈ, ਉਸ ਦੇ ਹੱਥ ਵਿੱਚ ਹੈ । ਜਦ ਆਦਮ ਨੇ ਧਰਤੀ ਦਾ ਵਸੀਅਤ ਨਾਮਾ, ਸਦੀਪਕ ਜੀਵਨ ਦਾ ਵਸੀਅਤ ਨਾਮਾ ਗੁਆ ਲਿਆ । ਤਾਂ ਸ਼ੈਤਾਨ ਦੇ ਗੰਦੇ ਹੱਥ ਇਸਨੂੰ ਲੈ ਨਾ ਸਕੇ, ਇਸ ਲਈ ਇਹ ਆਪਣੇ ਅਸਲੀ ਮਾਲਕ ਦੇ ਕੋਲ ਪਹੁੰਚ ਗਿਆ, ਜੋ ਖੁਦ ਪ੍ਰਮੇਸ਼ੁਰ ਆਪ ਹੈ । ਇੱਕ ਮਿੰਟ ਬਾਦ ਅਸੀਂ ਇਸ 'ਤੇ ਆ ਰਹੇ ਹਾਂ । ਉਹ ਉਸ ਵਸੀਅਤ ਨੂੰ ਆਪਣੇ ਹੱਥ ਵਿੱਚ ਲੈ ਕੇ ਉੱਥੇ ਸਿੰਘਾਸਣ ਦੇ ਉੱਤੇ ਬੈਠਾ ਹੋਇਆ ਹੈ । [ ਭਾਈ ਬ੍ਰਾਨਹਾਮ ਦੋ ਵਾਰੀ ਤਾੜੀ ਮਾਰਦੇ ਹਨ -ਸੰਪ] ਔਹ, ਇਹ ਗੱਲ ਮੈਨੂੰ ਧਾਰਮਿਕ ਮਹਿਸੂਸ ਕਰਾਉਂਦੀ ਹੈ। ਜਦ ਆਦਮ ਨੇ ਵਿਸ਼ਵਾਸ਼ ਦੀ ਬਜਾਏ ਬੁੱਧ ਦੇ ਲਈ ਅਨੰਤ ਜੀਵਨ ਦਾ ਵਸੀਅਤ ਨਾਮਾ, ਅਨੰਤ ਜੀਵਨ ਦੇ ਵਸੀਅਤ ਨਾਮੇ ਦਾ ਸਾਰ, ਗੁਆ ਲਿਆ ਤਾਂ ਇਹ ਮੂਲ ਸੁਆਮੀ, ਸਰਵ ਸ਼ਕਤੀਮਾਨ ਪ੍ਰਮੇਸ਼ੁਰ ਦੇ ਹੱਥਾਂ ਵਿੱਚ ਵਾਪਿਸ ਚਲਾ ਗਿਆ । ਕੇਡੀ ਮਹਾਨ ਗੱਲ ਹੈ !

117 ਠੀਕ ਹੈ, ਉਡੀਕ ਕਰ ਰਿਹਾ ਹੈ । ਇਹ ਕੀ ਕਰ ਰਿਹਾ ਹੈ ? ਪ੍ਰਮੇਸ਼ੁਰ ਦੇ ਹੱਥਾਂ ਵਿੱਚ ਛੁਟਕਾਰੇ ਦੇ ਦਾਵਿਆਂ ਲਈ ਉਡੀਕ ਰਿਹਾ ਹੈ । ਉਸਨੇ ਛੁਟਕਾਰੇ ਦਾ ਰਾਹ ਤਿਆਰ ਕੀਤਾ, ਉਸਨੇ ਪਿਛਾਂਹ ਰਾਹ ਤਿਆਰ ਕੀਤਾ, ਕਿ ਕਿਸੇ ਦਿਨ ਛੁਟਕਾਰਾ ਦੇਣ ਵਾਲਾ ਇਹਨੂੰ ਵਾਪਿਸ ਲੈ ਲਵੇਗਾ। ਤੁਸੀਂ ਵੇਖਦੇ ਹੋ ਕਿ ਹੁਣ ਅਸੀਂ ਕਿੱਥੇ ਪਹੁੰਚ ਰਹੇ ਹਾਂ ? ਅਸੀਂ ਹੁਣ ਉਸ ਉੱਤੇ ਗੌਰ ਕਰਾਂਗੇ ਜਿਹੜਾ ਸਿੰਘਾਸਣ ਤੇ ਬਿਰਾਜਮਾਨ ਹੈ । ਠੀਕ ਹੈ, ਉਹ ਆਪਣੇ ਛੁਟਕਾਰੇ ਦੇ ਦਾਵਿਆਂ ਦੀ ਉਡੀਕ ਕਰ ਰਿਹਾ ਹੈ ।

118 ਇਹ ਛੁਟਕਾਰੇ ਦੀ ਪੋਥੀ, ਇਹ ਵਸੀਅਤ ਨਾਮਾ, ਇਹ ਵਸੀਅਤ ਨਾਮੇ ਦਾ ਸਾਰ ਕੀ ਹੈ? "ਤੁਸੀਂ ਕਹਿੰਦੇ ਹੋ ਸਾਰ ( ABSTRACT)?" ਸਾਰ ਦਾ ਕੀ ਮਤਲਬ ਹੁੰਦਾ ਹੈ ? ਇਸਦਾ ਮਤਲਬ ਹੁੰਦਾ ਹੈ ਕਿ ਇਹ ਬਿਲਕੁੱਲ ਪਿੱਛੇ ਤੱਕ ਆਪਣੀ ਉਤਪਤੀ ਤੱਕ ਖੋਜ ਕਰਦਾ ਹੈ । ਜਿਵੇਂ ਕਿ ਮੈਂ ਅੱਜ ਸਵੇਰੇ ਉਸ ਛੋਟੀ ਸਿਆਹੀ ਦੀ ਬੂੰਦ ਦੇ ਬਾਰੇ ਵਿੱਚ ਦੱਸਿਆ ਸੀ ਜਦ ਉਹ ਉਸ ਰੰਗ ਕਾਟ ਵਿੱਚ ਡਿੱਗਦੀ ਹੈ ਤਾਂ ਉਹ ਵਾਪਿਸ ਆਪਣੀ ਸ਼ੁਰੂਆਤ ਵਿੱਚ ਪਹੁੰਚ ਜਾਂਦੀ ਹੈ । ਅਰ ਜਦ ਤੁਹਾਡੇ ਪਾਪਾਂ ਦਾ ਇਕਰਾਰ ਹੋ ਜਾਂਦਾ ਹੈ ਅਤੇ ਉਹ ਯਿਸੂ ਮਸੀਹ ਦੇ ਲਹੂ ਵਿੱਚ ਡਿੱਗ ਪੈਂਦੇ ਹਨ, ਤਾਂ ਉਹ ਮੇਰੇ, ਇਹ ਇੱਕ ਸਾਰ ( ABSTRACT )ਦਿੰਦਾ ਹੈ, ਤਾਂ ਇਹ ਵਾਪਿਸ ਠੀਕ ਸਿੱਧਾ ਆਪਣੇ ਰਚਨਹਾਰੇ ਦੇ ਕੋਲ ਪਹੁੰਚ ਜਾਂਦਾ ਹੈ । ਤੁਸੀਂ ਪ੍ਰਮੇਸ਼ੁਰ ਦੇ ਪੁੱਤਰ ਬਣ ਜਾਂਦੇ ਹੋ। ਵਸੀਅਤ ਨਾਮੇ ਦਾ ਸਾਰ ਸਰਵ ਸ਼ਕਤੀਮਾਨ ਪ੍ਰਮੇਸ਼ੁਰ ਦੇ ਹੱਥਾਂ ਵਿੱਚ ਫੜਿਆ ਹੋਇਆ ਹੈ । ਹੇ ਮੇਰੇ!

119 ਇਸ ਛੁਟਕਾਰੇ ਦਾ ਮਤਲਬ ਹੁੰਦਾ ਹੈ ਉਸ ਸੱਭ ਦਾ ਕਨੂੰਨਨ ਕਬਜ਼ਾ ਜੋ ਆਦਮ ਅਤੇ ਹੱਵਾਹ ਨੇ ਗਵਾ ਲਿਆ ਸੀ । ਹੇ ਮੇਰੇ ਪ੍ਰਭੂ ![ਭਾਈ ਬ੍ਰਾਨਹਾਮ ਇੱਕ ਵਾਰੀ ਤਾੜੀ ਮਾਰਦੇ ਹਨ -ਸੰਪ] ਨਵਾਂ ਜਨਮ ਪਾਏ ਹੋਏ ਮਸੀਹੀ ਲਈ ਇਹ ਕੀ ਕਰਦਾ ਹੈ!ਇਹ ਉਸ ਸਾਰੇ ਵਸੀਅਤ



ਹਾਂ ਤੂੰ ਪੂਰੀ ਤਰ੍ਹਾਂ ਟੁੱਟ ਗਿਆ ਹੈਂ ਕਿਉਂਕਿ ਤੂੰ ਜਾਣਦਾ ਹੈਂ ਕਿ ਕੋਈ ਵੀ ਅਜਿਹਾ ਨਹੀਂ ਹੈ ਜੋ ਛੁਟਕਾਰਾ ਕਰ ਸਕੇ, ਸੱਭ ਕੁਝ ਵਿਨਾਸ਼ ਵੱਲ ਚਲਾ ਗਿਆ ਹੈ ; ਕੋਈ ਵੀ ਅਜਿਹਾ ਨਹੀਂ ਹੈ ਜੋ ਛੁਟਕਾਰੇ ਦੀਆਂ ਮੰਗਾਂ ਨੂੰ ਪੂਰਾ ਕਰ ਸੱਕਦਾ ਹੋਵੇ । ਪ੍ਰੰਤੂ ਯਹੂਦਾ ਦੇ ਗੋਤ ਦਾ ਬਬਰ ਸ਼ੇਰ ਹੀ ਅਜਿਹਾ ਕਰ ਸੱਕਦਾ ਹੈ ........."

185 ਤੁਸੀਂ ਜਾਣਦੇ ਹੋ ਯਹੂਦਾ ਦਾ ਗੋਤ .......ਤੁਸੀਂ ਜਾਣਦੇ ਹੋ ਅਸੀਂ ਇਸਦਾ ਚਿੰਨ੍ਹ ਬਲੈਕ ਬੋਰਡ ਤੇ ਬਣਾਇਆ ਹੋਇਆ ਸੀ । ਯਹੂਦਾ ਦੇ ਗੋਤ ਦਾ ਚਿੰਨ੍ਹ ਬਬਰ ਸ਼ੇਰ ਸੀ।

186 ਯਾਦ ਕਰੋ, ਸ਼ੇਰ ਅਤੇ ਬਲਦ ..........ਅਤੇ ਹੋਰ,ਹੋਰ, ਮਨੁੱਖ ਦਾ ਚਿਹਰਾ ਅਤੇ ਉਹਨਾਂ ਸਰਾਫੀਮਾਂ ਨੂੰ ਤੱਕ ਰਹੇ ਸਨ, ਜਦਕਿ ਮੱਤੀ, ਮਰਕੁਸ, ਲੂਕਾ ਅਤੇ ਯੂਹੰਨਾ ਸੱਭ ਰਸੂਲਾਂ ਦੇ ਕਰਤੱਵ ਦੀ ਪੁਸਤਕ ਦੇ ਦੁਆਲੇ ਖੜੇ ਸਨ, ਉਹ ਸਰਾਫੀਮ ਉਸ ਵਚਨ ਨੂੰ ਵੇਖ ਰਹੇ ਸਨ।

187 ਅਤੇ ਮੈਂ ਇੱਕ ਆਦਮੀ ਨੂੰ, ਇੱਕ ਮਹਾਨ ਸੇਵਾਦਾਰ ਨੂੰ ਇਹ ਕਹਿੰਦੇ ਸੁਣਿਆ ਕਿ " ਰਸੂਲਾਂ ਦੇ ਕਰੱਤਵ ਪੁਸਤਕ ਤਾਂ ਮਾਤਰ ਇੱਕ ਕੱਚੇ ਘਰ ਦਾ ਕੰਮ ਦਿੰਦੀ ਹੈ । "

188 ਇਹ ਤਾਂ ਉਹ ਪਹਿਲੀ ਟਹਿਣੀ ਸੀ ਜੋ ਕਿ ਉਸ ਪਵਿੱਤਰ ਕਲੀਸਿਯਾ ਵਿੱਚੋਂ ਨਿੱਕਲੀ । ਔਹ -ਹੂ !ਜੀ ਹਾਂ ਸ਼੍ਰੀਮਾਨ । ਅਤੇ ਜੇ ਉਹ ਕੋਈ ਹੋਰ ਟਹਿਣੀ ਪੈਦਾ ਕਰੇਗੀ ਤਾਂ ਉਹ ਵੀ ਉਸੇ ਵਰਗੀ ਹੀ ਹੋਵੇਗੀ । ਹਾਂ ਜੀ ਸ਼੍ਰੀਮਾਨ । ਤੁਹਾਡੇ ਕੋਲ ਕੁਝ ਪਿਉਂਦ ਕੀਤੀਆਂ ਹੋਈਆਂ ਟਹਿਣੀਆਂ ਹਨ ਜਿਨ੍ਹਾਂ ਤੇ ਨਿੰਬੂ ਲੱਗਦੇ ਹਨ। ਉਹਨਾਂ ਤੇ ਤਾਂ ਸੰਤਰੇ ਲੱਗਣੇ ਚਾਹੀਦੇ ਸਨ । ਪ੍ਰੰਤੂ, ਵੇਖੋ ?..... ਜਦ ਉਹ ਟਹਿਣੀ -ਜਦ ਉਹ ਟਹਿਣੀ ਦੁਬਾਰਾ ਕਿਸੇ ਟਹਿਣੀ ਨੂੰ ਕੱਢੇਗੀ ਤਾਂ ਇਹ ਬਿਲਕੁੱਲ ਠੀਕ ਅਸਲੀ ਵਰਗੀ ਹੀ ਹੋਵੇਗੀ ।

189 ਅਤੇ ਮੱਤੀ, ਮਰਕੁਸ, ਲੂਕਾ, ਯੂਹੰਨਾ ਦੀਆਂ ਉਹ ਇੰਜੀਲਾਂ ਉੱਥੇ ਖੜੇ ਹੋ ਕੇ ਉਸਦੀ ਰਾਖੀ ਕਰ ਰਹੀਆਂ ਹਨ । ਮਨੁੱਖ ਦੀ ਬੁੱਧੀ, ਬਬਰ ਸ਼ੇਰ ਦੀ ਤਾਕਤ, ਬਲਦ ਦਾ ਕੰਮ ; ਅਤੇ ਚੀਤੇ ਦੀ ਤੇਜ਼ੀ ......... ਬਲਕਿ ਉਕਾਬ ਦੀ । ਹਾਂ ਜੀ, ਉੱਥੇ ਇੰਜੀਲਾਂ ਖੜੀਆਂ ਹਨ ! ਯਾਦ ਕਰੋ ਜਦੋਂ ਅਸੀਂ ਇਹਨਾਂ ਤੇ ਵਿਚਾਰ ਕੀਤਾ ਸੀ ? [ ਸਭਾ ਆਖਦੀ ਹੈ, " ਆਮੀਨ "-ਸੰਪ] ਇਹ *ਸੱਤ ਕਲੀਸਿਯਾਈ ਯੁੱਗਾਂ* ਵਿੱਚ ਹੈ ।

ਹੁਣ ਉਸਨੇ ਆਖਿਆ, " ਯਹੂਦਾ ਦੇ ਗੋਤ ਦਾ ਬਬਰ ਸ਼ੇਰ । "

190 ਯਹੂਦਾ ਦੇ ਗੋਤ ਵਿੱਚੋਂ ਹੀ ਕਿਉਂ ? ਜਦ ਤੱਕ ਸ਼ੀਲੋਹ ਨਾ ਆ ਜਾਏ ਤਦ ਤੱਕ ਨਾ ਤਾਂ ਯਹੂਦਾ ਵਿੱਚੋਂ ਰਾਜ ਛੁੱਟੇਗਾ, ਨਾ ਉਸਦੇ ਵੰਸ਼ ਵਿੱਚੋਂ ਵਿਬਸਥਾ ਦੇਣ ਵਾਲਾ ਅਲੱਗ ਹੋਵੇਗਾ । ਪ੍ਰੰਤੂ ਉਹ ਯਹੂਦਾ ਵਿੱਚੋਂ ਆਵੇਗਾ ।

191 "ਅਤੇ ਯਹੂਦਾ ਦੇ ਗੋਤ ਦਾ ਨਿਸ਼ਾਨ, ਬਬਰ ਸ਼ੇਰ, ਇਹ ਫਤਿਹਮੰਦ ਹੋਇਆ ਹੈ । ਉਸਨੇ ਜਿੱਤ ਪ੍ਰਾਪਤ ਕੀਤੀ ਹੈ । "

192 ਅਤੇ ਜਦ ਉਹ ਬਬਰ ਸ਼ੇਰ ਨੂੰ ਵੇਖਣ ਲਈ ਘੁੰਮਿਆ ਕਿ ਵੇਖੇ ਬਬਰ ਸ਼ੇਰ ਕਿੱਥੇ ਹੈ ਤਾਂ ਉਸਨੇ ਲੇਲਾ ਵੇਖਿਆ । ਕਿੰਨੀ ਅਜੀਬ ਗੱਲ ਹੈ, ਮੁੜਿਆ ਬਬਰ ਸ਼ੇਰ ਵੇਖਣ ਲਈ ਪਰ ਦਿੱਸਦਾ

179 ਯਕੂਬ ਜੋ ਇੱਕ ਧੋਖੇਬਾਜ ਸੀ। ਅਰ ਜਦ ਉਹ ਸਵਰਗਦੂਤ ਦੇ ਸੰਪਰਕ ਵਿੱਚ ਆਇਆ, ਤਾਂ ਉਸਨੇ ਉਸ ਨਾਲ ਘੋਲ ਕੀਤਾ । ਅਤੇ ਸਵਰਗਦੂਤ ਨੇ ਉਸਨੂੰ ਛੱਡ ਕੇ ਜਾਣਾ ਚਾਹਿਆ । ਉਸਨੇ ਕਿਹਾ, " ਮੈਂ ਤੈਨੂੰ ਨਹੀਂ ਜਾਣ ਦਿਆਂਗਾ । " ਉਸਨੇ ਉਹਨੂੰ ਫੜੀ ਰੱਖਿਆ ਅਰਥਾਤ ਲੜਦਾ ਰਿਹਾ ਜਦ ਤੱਕ ਕਿ ਉਸਨੂੰ ਉਹ ਮਿਲ ਨਾ ਗਿਆ ਜੋ ਉਹ ਚਾਹੁੰਦਾ ਸੀ । ਅਤੇ ਉਸਦਾ ਨਾਮ ਬਦਲ ਦਿੱਤਾ ਗਿਆ, *ਧੋਖੇਬਾਜ* ਤੋਂ ਕਾਹਦੇ ਵਿੱਚ ਬਦਲ ਦਿੱਤਾ ਗਿਆ ? ਕਾਹਦੇ ਵਿੱਚ? *ਇਸਰਾਈਲ* ਵਿੱਚ, ਪ੍ਰਮੇਸ਼ੁਰ ਦੇ ਨਾਲ ਰਾਜ ਕੁਮਾਰ ਵਿੱਚ ਬਦਲ ਦਿੱਤਾ । ਉਸਨੇ ਘੋਲ ਕੀਤਾ ਅਤੇ ਉਹ ਜਿੱਤਿਆ ਸੀ ।

180 ਅਤੇ ਯਹੂਦਾ ਦੇ ਗੋਤ ਦੇ ਇਸ ਬਬਰ ਸ਼ੇਰ ਨੇ ਜਿੱਤ ਪ੍ਰਾਪਤ ਕੀਤੀ । ਉਸ ਬਜੁਰਗ ਨੇ ਕਿਹਾ ਸੀ, " ਯੂਹੰਨਾ ਨਾ ਰੋ । " ਕਿਉਂਕਿ ਯਹੂਦਾ ਗੋਤ ਦੇ ਬਬਰ ਸ਼ੇਰ ਨੇ ਜੋ ਦਾਊਦ ਦੀ ਜੜ੍ਹ ਹੈ ਨੇ ਜਿੱਤ ਪ੍ਰਾਪਤ ਕੀਤੀ ਹੈ । ਉਹਨੇ ਪਹਿਲਾਂ ਹੀ ਜਿੱਤ ਪਾ ਲਈ ਹੈ । ਉਹਨੇ ਇਹ ਕਰ ਲਿਆ ਹੈ । ਯੂਹੰਨਾ ਇਹ ਕੰਮ ਤਾਂ ਪਹਿਲਾਂ ਹੀ ਪੂਰਾ ਹੋ ਚੁੱਕਾ ਹੈ । ਇਹ ਖਤਮ ਹੋ ਗਿਆ ਹੈ । ਆਹ! ਔਹ-ਔਹ, ਪ੍ਰਭੂ ! ਉਸਨੇ ਅਜਿਹਾ ਰੰਗ ਕਾਟ ਉਤਪਨ ਕੀਤਾ ਜੋ ਪਾਪ ਨੂੰ ਵਾਪਿਸ ਉਹਨਾਂ ਹੀ ਭ੍ਰਿਸ਼ਟ ਹੱਥਾਂ ਵਿੱਚ ਭੇਜ ਦਿੰਦਾ ਹੈ ......ਵਾਪਿਸ ਉਸ ਦੇ ਉਸੇ ਗਿਆਨ ਦੇ ਕੋਲ ਭੇਜ ਦਿੰਦਾ ਹੈ ਜਿਸਨੇ ਮਨੁੱਖ ਜਾਤੀ ਨੂੰ ਅਪਵਿੱਤਰ ਕੀਤਾ ਹੈ । ਜੀ ਹਾਂ ।

181 ਪਰ ਜਦ ਯੂਹੰਨਾ ਵੇਖਣ ਦੇ ਲਈ ਮੁੜਿਆ, ਤਾਂ ਉਸਨੇ ਇੱਕ ਲੇਲਾ ਵੇਖਿਆ । ਸ਼ੇਰ ਤੋਂ ਕਿੰਨਾ ਵੱਖਰਾ ! ਉਹਨੇ ਕਿਹਾ, " ਬਬਰ ਸ਼ੇਰ ਜਿੱਤ ਗਿਆ ਹੈ । " ਵੇਖੋ ਮੈਂ ਫਿਰ ਇੱਥੇ ਉਸ ਵਾਕ ਦਾ ਇਸਤੇਮਾਲ ਕਰ ਸੱਕਦਾ ਹਾਂ ਕਿ ਪ੍ਰਮੇਸ਼ੁਰ ਸਧਾਰਨਤਾ ਵਿੱਚ ਗੁਪਤ ਹੈ । ਉਸਨੇ ਕਿਹਾ ਸੀ, "ਉਹ ਇੱਕ ਬੱਬਰ ਸ਼ੇਰ ਹੈ । " ਉਹ ਜਾਨਵਰਾਂ ਦਾ ਰਾਜਾ ਹੈ । " ਬਬਰ ਸ਼ੇਰ ਜਿੱਤ ਗਿਆ ਹੈ।" ਜਾਨਵਰਾਂ ਵਿੱਚ ਸੱਭ ਤੋਂ ਤਾਕਤਵਰ ਸ਼ੇਰ ਹੁੰਦਾ ਹੈ ।

182 ਮੈਂ ਅਫਰੀਕਾ ਦੇ ਜੰਗਲਾਂ ਵਿੱਚ ਰਿਹਾ ਹਾਂ ਅਤੇ ਜਿਰਾਫਾਂ ਦੀਆਂ ਦਰਦ ਭਰੀਆਂ ਚੀਕਾਂ ਸੁਣ ਚੁੱਕਿਆ ਹਾਂ । ਅਤੇ ਮਹਾਨ ਬਲਵੰਤ ਹਾਥੀ ਨੂੰ ਆਪਣੀ ਸੁੰਡ ਨੂੰ ਹਵਾ ਵਿੱਚ ਚੁੱਕ ਕੇ " ਵੀਅ -ਵੀਅ -ਵੀਅ " ਕਰਕੇ ਚਿਲਾਉਂਦੇ ਸੁਣਿਆ ਹੈ । ਅਤੇ ਹੋਰ ਜੰਗਲੀ ਜਾਨਵਰਾਂ ਨੂੰ ਦੁਹਾਈ ਪਾਉਂਦੇ ਹੋਏ ਸੁਣਿਆ ਹੈ । ਅਤੇ ਭੂੰਡ(ਪਤੰਗੇ )ਨੂੰ ਚੀਕਾਂ ਮਾਰਦੇ ਸੁਣਿਆ ਹੈ ....... ਮੈਂ ਅਤੇ ਬਿਲੀ ਪਾੱਲ ਇੱਕ ਪੁਰਣੀ ਜਗ੍ਹਾ ਜੋ ਕਿ ਚੇਪੀਆਂ ਨਾਲ ਢੱਕੀ ਹੋਈ ਸੀ, ਵਿੱਚ ਲੇਟੇ ਹੋਏ ਸਾਂ । ਅਤੇ ਮੈਂ ਉੱਥੋਂ ਕੁਝ ਦੂਰੀ ਤੇ ਸ਼ੇਰ ਨੂੰ ਗਰਜਦੇ ਸੁਣਿਆ, ਅਤੇ ਜੰਗਲ ਵਿੱਚ ਹਰੇਕ ਚੀਜ਼ ਚੁੱਪ ਹੋ ਗਈ। ਇੱਥੋਂ ਤੱਕ ਕਿ ਪਤੰਗੇ ਵੀ ਬੋਲਣੋ ਹੱਟ ਗਏ । ਰਾਜਾ ਬੋਲਦਾ ਹੈ । ਔਹ, ਔਹ, ਔਹ, ਔਹ, ਮੇਰੇ ਪ੍ਰਭੂ!

183 ਮੈਂ ਤੁਹਾਨੂੰ ਦੱਸਦਾ ਹਾਂ ਜਦ ਰਾਜਾ ਬੋਲਦਾ ਹੈ ਤਾਂ ਸਾਰੀਆਂ ਫਿਰਕਾ ਪ੍ਰਸਤੀਆਂ ਅਤੇ ਸਾਰੇ ਸ਼ੱਕ ਭੁੰਝੇ ਡਿੱਗ ਪੈਂਦੇ ਹਨ। ਸੱਭ ਕੁਝ ਸ਼ਾਂਤ ਹੋ ਜਾਂਦਾ ਹੈ ਜਦੋਂ ਰਾਜਾ ਬੋਲਦਾ ਹੈ । ਅਤੇ ਇਹ ਜੋ ਰਾਜਾ ਹੈ, ਇਹ ਉਸਦਾ ਵਚਨ ਹੈ । ਔਹ !

184 ਉਸ ਬਜੁਰਗ ਨੇ ਕਿਹਾ, " ਯੂਹੰਨਾ ਚਿੰਤਾ ਨਾ ਕਰ । ਨਾ ਰੋ । ਯੂਹੰਨਾ ਦਿਲ ਥੋੜਾ ਨਾ ਕਰ । ਮੈਂ ਤੈਨੂੰ ਇੱਥੇ ਦਰਸ਼ਨ ਵਿੱਚ ਲਿਆਂਦਾ ਹੈ ; ਮੈਂ ਤੈਨੂੰ ਕੁਝ ਵਿਖਾ ਰਿਹਾ ਹਾਂ ਅਤੇ ਮੈਂ ਜਾਣਦਾ



ਨਾਮੇ ਦਾ, ਅਨੰਤ ਜੀਵਨ ਦੇ ਵਸੀਅਤ ਨਾਮੇ ਦਾ, ਕਨੂੰਨੀ ਕਬਜ਼ਾ ਹੈ, ਇਸਦਾ ਮਤਲਬ ਇਹ ਹੈ ਕਿ ਤੁਸੀਂ ਉਹਨਾਂ ਸਾਰੀਆਂ ਚੀਜ਼ਾਂ ਨੂੰ ਪ੍ਰਾਪਤ ਕਰ ਲਿਆ ਹੈ, ਜਿਹਨਾਂ ਨੂੰ ਆਦਮ ਅਤੇ ਹੱਵਾਹ ਨੇ ਗੁਆ ਦਿੱਤਾ ਸੀ । ਵਾਹ ! ਭਾਈ ਜੀ ਇਸਦੇ ਬਾਰੇ ਵਿੱਚ ਕੀ ਖਿਆਲ ਹੈ ? ਉਸ ਵਸੀਅਤ ਨਾਮੇ ਦੇ ਕਬਜ਼ੇ ਦੇ ਬਾਰੇ ਵਿੱਚ !

120 ਆਦਮ ਛੁਟਕਾਰੇ ਦੀਆਂ ਲੋੜਾਂ ਨੂੰ ਪੂਰਿਆਂ ਨਹੀਂ ਕਰ ਸੱਕਦਾ ਸੀ। ਮਿਲਣ ਤੋਂ ਬਾਦ ਉਸਨੇ ਇਸਨੂੰ ਗੁਆ ਲਿਆ, ਉਸਨੇ ਪਾਪ ਕੀਤਾ ਸੀ ਅਤੇ ਆਪਣੇ ਆਪ ਨੂੰ ਪ੍ਰਮੇਸ਼ੁਰ ਤੋਂ ਜੁਦਾ ਕਰ ਲਿਆ ਸੀ ਸੋ ਉਹ ਇਸਦਾ ਛੁਟਕਾਰਾ ਨਹੀਂ ਸੀ ਕਰ ਸੱਕਦਾ । ਉਹ ਨਹੀਂ ਸੀ ਕਰ ਸੱਕਦਾ ਕਿਉਂਕਿ ਉਸਨੂੰ ਤਾਂ ਆਪ ਛੁਟਕਾਰੇ ਦੀ ਲੋੜ ਸੀ, ਇਸ ਲਈ ਉਹ ਨਹੀਂ ਸੀ ਕਰ ਸੱਕਦਾ।

121 ਪਰ ਬਿਵਸਥਾ ਮੰਗ ਕਰਦੀ ਹੈ ਕਿ ਛੁਟਕਾਰਾ ਦੇਣ ਵਾਲਾ ਨੇੜੇ ਦਾ ਸਾਕ ਹੋਵੇ। ਪ੍ਰਮੇਸ਼ੁਰ ਦੀ ਬਿਵਸਥਾ ਨੂੰ ਇੱਕ ਛੁਟਕਾਰਾ ਦੇਣ ਵਾਲੇ ਨੇੜੇ ਦੇ ਸਾਕ ਦੀ ਜਰੂਰਤ ਸੀ। ਤੁਸੀਂ ਜਿਹੜੇ ਇਸ ਤੇ ਅਰਥਾਤ " ਨੇੜੇ ਦਾ ਸਾਕ " ਤੇ ਨਿਸ਼ਾਨੀ ਲਗਾਉਣਾ ਚਾਹੁੰਦੇ ਹੋ, ਤੁਸੀਂ ਇਸਨੂੰ ਲੇਵੀਆਂ ਦੀ ਪੋਥੀ 25 ਬਾਬ ਵਿੱਚ ਭਾਲੋ ।

122 ਇਸ ਨੂੰ ਚੰਗੀ ਤਰ੍ਹਾਂ ਭਾਲਣ ਦੇ ਲਈ ਸਾਡੇ ਕੋਲ ਸਮਾਂ ਨਹੀਂ ਹੈ .ਕਿਉਂਕਿ ਤੁਸੀਂ ਜਾਣਦੇ ਹੋ ਕਿ ਹਰੇਕ ਵਿਸ਼ਾ ਰਾਤ ਕਰ ਦੇਵੇਗਾ । ਸਮਝੇ?

123 ਪ੍ਰਮੇਸ਼ੁਰ ਦੀ ਬਿਵਸਥਾ ਨੇ ਇਵਜ (ਬਦਲੇ ਵਿੱਚ ਕੋਈ ਚੀਜ ਕਬੂਲ ਕਰਨੀ ) ਕਬੂਲ ਕੀਤਾ । ਕੀ ਹੁੰਦਾ ਜੇ ਪ੍ਰਮੇਸ਼ੁਰ ਨੇ ਇਵਜ ਨੂੰ ਕਬੂਲ ਨਾ ਕੀਤਾ ਹੁੰਦਾ ?ਪਰ ਪਿਆਰ ਨੇ ਉਸਨੂੰ ਇਸ ਤਰ੍ਹਾਂ ਕਰਨ ਲਈ ਮਜਬੂਰ ਕਰ ਦਿੱਤਾ । ਉਹ ਮਨੁੱਖ ਮਾਰਗ ਤੋਂ ਬਿਨਾਂ ਹੀ ਸੀ ਤੇ ਪਿਛਾਂਹ ਜਾਣ ਦੇ ਲਈ ਉਸਦੇ ਕੋਲ ਕੋਈ ਰਾਹ ਨਹੀਂ ਸੀ । ਉਹ ਤਾਂ ਖਤਮ ਹੋ ਚੁੱਕਾ ਸੀ । ਪ੍ਰੰਤੂ ਪਰਮੇਸ਼ੁਰ ਦੀ ਕਿਰਪਾ ਨੇ ਯਿਸੂ ਮਸੀਹ ਦੇ ਵਿਅਕਤੀਤਵ ਵਿੱਚ ਛੁਟਕਾਰਾ ਦੇਣ ਵਾਲੇ ਨੂੰ ਪਾਇਆ । ਬਿਵਸਥਾ ਨੂੰ ਇਸਦੀ ਲੋੜ ਸੀ । ਕਿਰਪਾ ਨੇ ਹੀ ਇਸ ਦੀਆਂ ਸ਼ਰਤਾਂ ਨੂੰ ਪੂਰਾ ਕੀਤਾ । ਔਹ, ਅਦਭੁਤ ਕਿਰਪਾ, ਕਿੰਨੀ ਮਿੱਠੀ ਅਵਾਜ਼ ਹੈ ! ਪ੍ਰਮੇਸ਼ੁਰ ਦੀ ਬਿਵਸਥਾ ਨੂੰ ਇੱਕ ਨਿਰਦੋਸ਼ ਇਵਜ਼ ਦੀ ਲੋੜ ਸੀ ।

124 ਅਤੇ ਕੌਣ ਨਿਰਦੋਸ਼ ਸੀ ? ਹਰ ਇੱਕ ਮਨੁੱਖ ਸ਼ਰੀਰਕ ਵਾਸਨਾ ਦੇ ਦੁਆਰਾ ਹੋਇਆ ਸੀ; ਹਰੇਕ ਮਨੁੱਖ ਸ਼ਰੀਰਕ ਸਬੰਧਾਂ ਰਾਹੀਂ ਪੈਦਾ ਹੋਇਆ ਸੀ। ਪਰ ਕੇਵਲ ਇੱਕ ਹੀ ਇਸ ਤਰ੍ਹਾਂ ਕਰ ਸੱਕਦਾ ਸੀ ਜੋ ਇਸ ਤਰ੍ਹਾਂ ਨਹੀਂ ਜਨਮਿਆਂ ਸੀ, ਅਤੇ ਨਾ ਹੀ ਉਸਨੇ ਅਨੰਤ ਜੀਵਨ ਦੇ ਅਧਿਕਾਰਾਂ ਨੂੰ ਅਤੇ ਧਰਤੀ ਉੱਤੇ ਰਾਜਾ ਹੋਣ ਦੇ ਅਧਿਕਾਰਾਂ ਨੂੰ ਗੁਆਇਆ ਸੀ ।

125 ਔਹ, ਜਦ ਮੈਂ ਉਸ ਲਿਖਤ ਦੇ ਬਾਰੇ ਵਿੱਚ ਸੋਚਦਾ ਹਾਂ, " ਤੂੰ ਸਾਨੂੰ ਪ੍ਰਮੇਸ਼ੁਰ ਦੇ ਲਈ ਮੁੱਲ ਲਿਆ ਹੈ, ਕਿ ਅਸੀਂ ਰਾਜ ਕਰੀਏ ਅਤੇ ਧਰਤੀ ਉੱਤੇ ਰਾਜੇ ਅਤੇ ਜਾਜਕ ਬਣੀਏ । " ਹੇ ਮੇਰੇ ਪ੍ਰਭੂ ! ਇਹ ਕੌਣ ਹੈ ? ਛੁਡਾਉਣ ਵਾਲਾ ਨੇੜੇ ਦਾ ਰਿਸ਼ਤੇਦਾਰ ! ਕਿਸ ਤਰ੍ਹਾਂ ਦੀ ਕਹਾਣੀ ਇੱਥੇ ਸਾਡੇ ਕੋਲ ਹੋਵੇਗੀ !

126 ਧਿਆਨ ਦਿਓ, ਗੁਆਚੀਆਂ ਹੋਈਆਂ ਚੀਜ਼ਾਂ ਦ ਛੁਟਕਾਰਾ ਕਰਨ ਦੇ ਲਈ ਬਿਵਸਥਾ ਨੂੰ ਇੱਕ ਛੁਡਾਉਣ ਵਾਲਾ ਨੇੜੇ ਦਾ ਰਿਸ਼ਤੇਦਾਰ ਚਾਹੀਦਾ ਸੀ । ਕਿਰਪਾ ਨੇ ਇਸ ਸ਼ਰਤ ਨੂੰ ਯਿਸੂ

ਮਸੀਹ ਦੇ ਵਿਅਕਤੀਤਵ ਵਿੱਚ ਪਾਇਆ । ਇੱਕ ਨੇੜੇ ਦੇ ਰਿਸਤੇਦਾਰ ਨੂੰ ਇਹ ਜਰੂਰੀ ਸੀ ਕਿ ਉਹ ਮਨੁੱਖ ਜਾਤੀ ਵਿੱਚੋਂ ਹੀ ਪੈਦਾ ਹੋਇਆ ਹੋਵੇ ।

127 ਹੁਣ ਵੇਖੋ, ਅਸੀਂ ਉਹ ਕਿਵੇਂ ਹੋ ਸੱਕਦੇ ਹਾਂ ਜਦਕਿ ਹਰੇਕ ਮਨੁੱਖ ਜੋ ਜੰਮਿਆਂ ਹੈ .......ਅਗਰ ਕੋਈ ਇਹ ਨਹੀਂ ਵੇਖ ਸੱਕਦਾ ਕਿ ਉੱਥੇ ਇਹ ਤਾਂ ਕਾਮ ਵਾਸਨਾ ਦਾ ਕੰਮ ਸੀ ਤਾਂ ਉਹ ਪੂਰੀ ਤਰ੍ਹਾਂ ਅੰਨ੍ਹਾ ਹੈ ਕਿਉਂਕਿ ਹਰ ਇੱਕ ਮਨੁੱਖ ਜੋ ਜੰਮਿਆਂ ਹੈ ਉਹ ਇਸਤਰੀ ਤੋਂ ਜੰਮਿਆਂ ਹੈ ।

128 ਅਤੇ ਪ੍ਰਮੇਸ਼ੁਰ ਦੀ ਮੰਗ ਛੁਡਾਉਣ ਵਾਲਾ ਨੇੜੇ ਦਾ ਸਾਕ ਸੀ, ਅਤੇ ਉਸਨੂੰ ਮਨੁੱਖ ਹੋਣਾ ਚਾਹੀਦਾ ਸੀ । ਹੇ ਮੇਰੇ ! ਹੁਣ ਤੁਸੀਂ ਕੀ ਕਰਨ ਜਾ ਰਹੇ ਹੋ ?ਬਿਵਸਥਾ ਦੀ ਮੰਗ ਇੱਕ ਛੁਡਾਉਣ ਵਾਲਾ ਨੇੜੇ ਦਾ ਸਾਕ ਸੀ ।

129 ਹੁਣ, ਉਹ ਕਿਸੇ ਸਵਰਗਦੂਤ ਨੂੰ ਨਹੀਂ ਲੈ ਸੱਕਦਾ ਸੀ । ਉਸਨੂੰ ਤਾਂ ਇੱਕ ਮਨੁੱਖ ਦੀ ਲੋੜ ਸੀ ;ਕਿਉਂਕਿ ਅਸੀਂ ਸਵਰਗਦੂਤ ਦੇ ਸਾਕ ਸਬੰਧੀ ਨਹੀਂ ਹਾਂ । ਅਸੀਂ ਇੱਕ ਦੂਸਰੇ ਦੇ ਸਾਕ ਸਬੰਧੀ ਹਾਂ । ਸਵਰਗਦੂਤ ਕਦੇ ਵੀ ਨਹੀਂ ਡਿੱਗਿਆ ਸੀ । ਉਹ ਤਾਂ ਅਲੱਗ ਕਿਸਮ ਦੀ ਹੋਂਦ ਦਾ ਹੈ, ਉਸਦਾ ਸ਼ਰੀਰ ਵੱਖਰਾ ਹੈ ਉਸਨੇ ਕਦੇ ਵੀ ਪਾਪ ਜਾਂ ਕੁਝ ਨਹੀਂ ਕੀਤਾ । ਉਹ ਤਾਂ ਵੱਖਰਾ ਹੈ।

ਪ੍ਰੰਤੂ ਬਿਵਸਥਾ ਨੂੰ ਇੱਕ ਛੁਡਾਉਣ ਵਾਲੇ ਨੇੜੇ ਦੇ ਸਾਕ ਦੀ ਲੋੜ ਸੀ ।

130 ਅਤੇ ਹਰੇਕ ਮਨੁੱਖ ਇਸ ਧਰਤੀ ਤੇ ਸ਼ਰੀਰਕ ਕਾਮਨਾ ਦੁਆਰਾ ਪੈਦਾ ਹੋਇਆ ਹੈ । ਕੀ ਤੁਸੀਂ ਨਹੀਂ ਵੇਖਦੇ ਇਹ ਕਾਮ ਵਾਸਨਾ ਉੱਥੋਂ ਆਈ ਹੈ । ਇਹ ਹੀ ਹੈ ਉਹ ਜਿੱਥੇ ਪਾਪ ਦਾ ਅਰੰਭ ਹੋਇਆ। ਕੀ ਤੁਸੀਂ ਵੇਖਦੇ ਹੋ ਕਿ ਇਹ ਹੁਣ ਕਿੱਥੇ ਹੈ ?ਇੱਥੋਂ ਹੀ ਉਹ ਆਉਂਦਾ ਹੈ, ਇੱਥੇ ਹੀ ਤੁਹਾਡਾ ਸੱਪ ਦਾ ਵੰਸ਼ ਆਉਂਦਾ ਹੈ । ਸਮਝੇ ?

131 ਹੁਣ ਧਿਆਨ ਦਿਓ, ਛੁਡਾਉਣ ਵਾਲੇ ਨੇੜੇ ਦੇ ਸਾਕ ਦੀ ਜਰੂਰਤ ਸੀ । ਅਤੇ ਛੁਡਾਉਣ ਵਾਲਾ ਮਨੁੱਖ ਜਾਤੀ ਵਿੱਚੋਂ ਹੀ ਜਨਮਿਆਂ ਹੋਣਾ ਚਾਹੀਦਾ ਸੀ । ਇੱਥੇ ਇਹ ਗੱਲ ਤਾਂ ਸਾਨੂੰ ਟਹਿਣੀ ਤੇ ਹੀ ਛੱਡ ਜਾਂਦੀ ਹੈ । ਪ੍ਰੰਤੂ ਆਓ ਮੈਂ ਤੁਹਾਡੇ ਲਈ ਤੁਰ੍ਹੀ ਵਜਾਉਂਦਾ ਹਾਂ । ਕੁਆਰੀ ਤੋਂ ਜਨਮ ਨੇ ਇਸ ਉਪਜ ਨੂੰ -ਪੈਦਾ ਕੀਤਾ । ਆਮੀਨ । ਕੁਆਰੀ ਤੋਂ ਜਨਮ ਲੈਣ ਦੇ ਰਾਹੀਂ ਸਾਡਾ ਛੁਡਾਉਣ ਵਾਲਾ ਨੇੜੇ ਦਾ ਸਾਕ ਪੈਦਾ ਹੋਇਆ । ਕੋਈ ਹੋਰ ਨਹੀਂ ਪ੍ਰੰਤੂ ਸਰਵ ਸ਼ਕਤੀਮਾਨ ਆਪ ਹੀ ਇੰਮਾਨੂਏਲ ਬਣ ਗਿਆ, ਸਾਡੇ ਵਿੱਚੋਂ ਇੱਕ ਬਣ ਗਿਆ । ਇੰਮਾਨੂਏਲ ! ਛੁਡਾਉਣ ਵਾਲਾ ਨੇੜੇ ਦਾ ਸਾਕ ਮਿਲ ਗਿਆ ਸੀ । ਤੁਸੀਂ ਦੇਖਿਆ ਕਿ ਕਿਵੇਂ ਪ੍ਰਮੇਸ਼ੁਰ ਇੱਕ ਮੰਗ (ਲੋੜ) ਰੱਖਦਾ ਹੈ, ਅਤੇ ਅਸੀਂ ਕੁਝ ਵੀ ਨਹੀਂ ਕਰ ਸੱਕਦੇ । ਪਰ ਤਦ ਕਿਰਪਾ ਆਣ ਕੇ ਬਿਵਸਥਾ ਉੱਤੇ ਛਾ ਜਾਂਦੀ ਹੈ ਅਤੇ ਇੱਕ ਉਪਜ ਪੈਦਾ ਕਰਦੀ ਹੈ । ਆਮੀਨ ! [ਭਾਈ ਬ੍ਰਾਨਹਾਮ ਆਪਣੇ ਹੱਥਾਂ ਨਾਲ ਇੱਕ ਵਾਰ ਤਾੜੀ ਮਾਰਦੇ ਹਨ -ਸੰਪ]

132 ਔਹ, ਜਦ ਤੁਸੀਂ ਸਵਰਗੀ ਘਰ ਪਹੁੰਚੋ ! ਜਦ ਮੈਨੂੰ ਛੋਟਾ ਜਿਹਾ ਮਕਾਨ ਉੱਥੇ ਮਿਲੇਗਾ; ਜਿਸਦੇ ਬਾਰੇ ਵਿੱਚ ਭਾਈ ਨੇਵਿਲ ਗਾਉਂਦੇ ਹਨ । ਜਦ ਇੱਕ ਸਵੇਰ ਤੁਸੀਂ ਸਾਰੇ ਉੱਥੇ ਇਸਨੂੰ



170 ਅਜਿਹਾ ਨਹੀਂ ਹੈ ਕਿ ਉਹ ਰੋਂਦਾ ਹੀ ਰਿਹਾ, ਪ੍ਰੰਤੂ ਉਹ ਥੋੜੀ ਹੀ ਦੇਰ ਰੋਇਆ । ਤਦ ਉੱਥੇ ਖੜੇ ਬਜ਼ੁਰਗਾਂ ਵਿੱਚੋਂ ਇੱਕ ਨੇ ਕਿਹਾ, " ਯੂਹੰਨਾ ਨਾ ਰੋ । " ਹੇ ਮੇਰੇ ਖੁਦਾ ! ਉਸਦਾ ਰੋਣਾ ਲੰਬਾ ਨਾ ਸੀ ਪਰ ਉਸਦਾ ਰੋਣਾ ਥੋੜੀ ਦੇਰ ਲਈ ਹੀ ਸੀ ।

171 ਯੂਹੰਨਾ ਨੇ ਸੋਚਿਆ, " ਔਹ, ਮੇਰਿਆ, ਉਹ ਆਦਮੀ ਕਿੱਥੇ ਹੈ ?ਉੱਥੇ ਨਬੀ ਖੜੇ ਹਨ; ਉਹ ਉਸੇ ਤਰ੍ਹਾਂ ਹੀ ਜੰਮੇ ਹਨ ਜਿਵੇਂ ਕਿ ਮੈਂ ਜੰਮਿਆਂ ਹਾਂ । ਉੱਥੇ ਸੰਤ ਖੜੇ ਹਨ । ਉੱਥੇ ਖੜੇ ਹਨ ..... ਔਹ, ਕੀ ਇੱਥੇ ਕੋਈ ਵੀ ਇਸਨੂੰ ਖੋਲਣ ਦੇ ਯੋਗ ਨਹੀਂ ਹੈ ?

172 ਮੈਨੂੰ ਅਜਿਹਾ ਆਦਮੀ ਚਾਹੀਦਾ ਹੈ ਜੋ ਕਿ ਇਹ ਕਰਨ ਦੇ ਯੋਗ ਹੋਵੇ । ਮੈਨੂੰ ਉਹ ਆਦਮੀ ਚਾਹੀਦਾ ਹੈ ਜੋ ਕਿ ਛੁਟਕਾਰਾ ਕਰ ਸਕੇ ।

173 ਅਤੇ ਯੂਹੰਨਾ ਨੂੰ ਕੋਈ ਵੀ ਮਨੁੱਖ ਨਾ ਮਿਲਿਆ ਜੋ ਅਜਿਹਾ ਕਰ ਸੱਕਦਾ ਹੋਵੇ, ਇਸ ਲਈ ਯੂਹੰਨਾ ਰੋ ਪਿਆ । ਔਹ, ਸੱਭ ਕੁਝ ਗੁਆਚ ਗਿਆ ਸੀ, ਤੇ ਉਹ ਵਿਲਖ-ਵਿਲਖ ਕੇ ਰੋਇਆ । ਅਤੇ ਉਹ ਉਦਾਸ ਸੀ, ਕਿਉਂਕਿ ਹਰੇਕ ਚੀਜ਼, ਸਾਰੀ ਸਰਿਸ਼ਟੀ, ਹਰੇਕ ਚੀਜ਼ ਗੁਆਚ ਗਈ ਸੀ, ਜੇ ਉਹ ਕਿਸੇ ਨੂੰ ਨਾ ਲੱਭ ਸਕੇ । ਪ੍ਰਮੇਸ਼ੁਰ ਦੀ ਮਹਿਮਾਂ ਹੋਵੇ ! ਜੇ ਉਹ ਕਿਸੇ ਨੂੰ ਨਾ ਲੱਭ ਸਕੇ ਜੋ ਕਿ ਇਹਨਾਂ ਮੰਗਾਂ ਨੂੰ ਪੂਰਿਆਂ ਕਰ ਸੱਕਦਾ ਹੋਵੇ, ਉੱਥੇ .....

ਸਾਰੀ ਮਨੁੱਖ ਜਾਤੀ, ਸਾਰਾ ਜਗਤ ਅਤੇ ਸਾਰੀ ਸਰਿਸ਼ਟੀ ਦਾ ਨਾਸ਼ ਹੋ ਜਾਣਾ ਸੀ । ਔਹ, ਹਰੇਕ ਚੀਜ਼ ਡਿੱਗ ਚੁੱਕੀ ਸੀ। ਛੁਟਕਾਰੇ ਦਾ ਅਧਿਕਾਰ, ਅਨੰਤ ਜੀਵਨ ਦਾ ਅਧਿਕਾਰ, ਉਜਿਆਲੇ ਅਤੇ ਇਹ ਸੱਭ ਅਧਿਕਾਰ, ਮਨੁੱਖ ਕੋਲੋਂ ਲੈ ਲਏ ਗਏ ਸਨ ਅਰਥਾਤ ਗੁਆਚ ਚੁੱਕੇ ਸਨ, ਅਤੇ ਕੋਈ ਵੀ ਅਜਿਹਾ ਨਹੀਂ ਸੀ ਜੋ ਮੁੱਲ ਤਾਰ ਸਕੇ । ਅਤੇ ਯੂਹੰਨਾ ਰੋਣ ਲੱਗ ਪਿਆ, ਕਿਉਂਕਿ ਕੋਈ ਵੀ ਇਸ ਯੋਗ ਨਹੀਂ ਸੀ, ਇੱਥੋਂ ਤੱਕ ਕਿ ਕੋਈ ਵੀ ਇਸ ਯੋਗ ਨਹੀਂ ਸੀ ਕਿ ਉਸ ਪੋਥੀ ਵੱਲ ਵੇਖ ਹੀ ਸੱਕਦਾ । ਔਹ, ਕੋਈ ਮਨੁੱਖ ਚਾਹੀਦਾ ਸੀ । ਯੂਹੰਨਾ ਰੋਇਆ ਕਿਉਂਕਿ ਕੋਈ ਵੀ ਅਜਿਹਾ ਨਹੀਂ ਸੀ ਜੋ ਕਿ ਇਹ ਕਰ ਸੱਕਦਾ, ਅਤੇ ਹਰ ਚੀਜ਼ ਗੁਆਚ ਗਈ ਸੀ ।

174 ਅਤੇ ਉੱਥੇ ਚੋਹਾਂ ਜੰਤੂਆਂ ਅਤੇ ਸਵਰਗ ਦੀ ਮਹਾਨ ਸੈਨਾ ਵਿੱਚ ਖੜੇ ਬਜ਼ੁਰਗਾਂ ਵਿੱਚੋਂ ਇੱਕ ਨੇ ਕਿਹਾ, "ਯੂਹੰਨਾ ਨਾ ਰੋ । " ਹੇ ਮੇਰੇ ਖੁਦਾ !

175 [ਭਾਈ ਬ੍ਰਾਨਹਾਮ ਦੋ ਵਾਰ ਤਾੜੀ ਵਜਾਉਂਦੇ ਹਨ -ਸੰਪਾਦਕ] ਪ੍ਰਮੇਸ਼ੁਰ ਦੀ ਕਿਰਪਾ !

176 " ਯੂਹੰਨਾ, ਹੋਂਸਲਾ ਨਾ ਹਾਰ । ਨਾ ਰੋ । ਕਿਉਂਕਿ ਯਹੂਦਾ ਦੇ ਗੋਤ ਦਾ ਬਬਰ ਸ਼ੇਰ, ਜੋ ਦਾਊਦ ਦੀ ਜੜ੍ਹ ਅਤੇ ਮੂਲ ਹੈ, ਉਹ ਜਿੱਤ ( PREVAIL) ਗਿਆ ਹੈ । "

177. ਜਿੱਤਣ ( PREVAIL) ਦਾ ਅਰਥ ਹੈ, "ਘੋਲ ਕਰਕੇ ਜਿੱਤ ਪਾਉਣੀ । " ਹੇ ਮੇਰੇ ਖੁਦਾ! ਜਦ ਗਤਸਮਨੀ ਦੇ ਬਾਗ ਵਿੱਚ ਉਸਦੇ ਚਿਹਰੇ ਤੋਂ ਲਹੂ ਚੋ ਰਿਹਾ ਸੀ, ਉਹ ਜਿੱਤ ਪਾ ਰਿਹਾ ਸੀ। ਵੇਖਿਆ ਜੇ ? ਵਾਹ ! ਸਮਝੇ ?

178 " ਯਹੂਦਾ ਦੇ ਗੋਤ ਦਾ ਬਬਰ ਸ਼ੇਰ ਜੋ ਦਾਊਦ ਦੀ ਜੜ੍ਹ ਹੈ ਜਿੱਤ ਗਿਆ ਹੈ, ਫਤਿਹਮੰਦ ਹੋਇਆ ਹੈ । "

164 ਪ੍ਰੰਤੂ ਇਹ ਤਾਂ ਨੇੜੇ ਦੇ ਰਿਸਤੇਦਾਰਾਂ ਵਿੱਚੋਂ ਹੋਣਾ ਚਾਹੀਦਾ ਸੀ । ਪ੍ਰੰਤੂ ਯੂਹੰਨਾ ਕਹਿੰਦਾ ਹੈ, " ਕੋਈ ਆਦਮੀ " ਨਹੀਂ ਸੀ, ਕਿਉਂਕਿ ਉੱਥੇ ਕੋਈ ਵੀ ਅਜਿਹਾ ਨਹੀਂ ਸੀ ਜਿਸ ਦਾ ਛੁਟਕਾਰਾ ਹੋਇਆ ਹੋਵੇ । " ਕੋਈ ਵੀ ਉਸ ਪੁਸਤਕ ਉੱਤੇ ਨਿਗਾਹ ਕਰਨ ਦੇ ਯੋਗ ਨਾ ਨਿੱਕਲਿਆ । " ਓਹ, ਨਹੀਂ !ਮੇਰੇ ਖੁਦਾ !ਇਸ ਲਈ ਉਹ ਨੇੜੇ ਦਾ ਰਿਸਤੇਦਾਰ ਮਨੁੱਖ ਹੀ ਹੋਣਾ ਚਾਹੀਦਾ ਸੀ । ਅਤੇ ਉਸਨੇ ਇਸ ਰਿਸਤੇਦਾਰ ਦੇ ਬਾਰੇ ਵਿੱਚ ਪੁੱਛਿਆ, ਅਤੇ ਉਹ ਕਿਤੇ ਵੀ ਲੱਭ ਨਹੀਂ ਸਕਿਆ । ਕਿਤੇ ਵੀ ਕੋਈ ਵੀ ਨਹੀਂ ਸੀ । ਨਾ ਕੋਈ ਬਿਸ਼ਪ, ਨਾ ਆਰਕ ਬਿਸ਼ਪ, ਨਾ ਪਾਦਰੀ, ਨਾ ਕੋਈ ਧਰਮ ਰਾਜ ਦੀ ਗੱਦੀ, ਨਹੀਂ ਕੋਈ ਵੀ ਨਹੀਂ ਸੀ, ਇੱਥੋਂ ਤੱਕ ਕਿ .........ਉਹਨਾਂ ਵਿੱਚ ਏਨੀ ਵੀ ਪਵਿੱਤਰਤਾ ਨਹੀਂ ਸੀ ਕਿ ਉਹ ਉਸ ਪੋਥੀ ਵੱਲ ਨਿਗਾਹ ਕਰ ਸਕਣ । ਵਾਹ-ਹ ! ਮੇਰੇ ਖੁਦਾ! ਇਹ ਬਹੁਤ ਹੀ ਮਜਬੂਤ ਗੱਲ ਹੈ, ਪ੍ਰੰਤੂ ਇਹ ਹੀ ਹੈ ਜੋ ਬਾਈਬਲ ਨੇ ਆਖਿਆ ਹੈ । ਮੈਂ ਤਾਂ ਬਸ ਉਸਦਾ ਹਵਾਲਾ ਹੀ ਦੇ ਰਿਹਾ ਹਾਂਜੋ ਯੂਹੰਨਾ ਨੇ ਆਖਿਆ ਸੀ ।

ਬਾਈਬਲ ਨੇ ਆਖਿਆ ਹੈ ਕਿ ਯੂਹੰਨਾ " ਰੋਇਆ । "

165 ਮੈਂ ਇਸਦੇ ਬਾਰੇ ਵਿੱਚ ਇਸ ਤਰ੍ਹਾਂ ਨਹੀਂ ਸੋਚਦਾ ਹਾਂ ਜਿਵੇਂ ਕਿ ਕਈ ਸੋਚਦੇ ਹਨ। ਇੱਕ ਵਾਰ ਮੈਂ ਇੱਕ ਆਦਮੀ ਨੂੰ ਇਹ ਸਿਖਾਉਂਦੇ ਹੋਏ ਸੁਣਿਆ, ਉਸਨੇ ਕਿਹਾ, "ਯੂਹੰਨਾ ਇਸ ਲਈ ਰੋਇਆ ਕਿਉਂਕਿ ਉਸਨੇ ਆਪਣੇ ਆਪ ਨੂੰ ਇਸ ਯੋਗ ਨਹੀਂ ਪਾਇਆ ਸੀ। " ਓਹ !ਕੋਈ ਵੀ ਆਦਮੀ ਜੋ ਪਵਿੱਤਰ ਆਤਮਾ ਦੇ ਅਧੀਨ ਹੈ ਉਸ ਆਦਮੀ ਦੀ ਗੱਲ ਤੋਂ ਵੱਖਰਾ ਜਾਣੇਗਾ, ਸਮਝੇ; ਕੋਈ ਵੀ ਮਨੁੱਖ ਜੋ ਪ੍ਰਮੇਸ਼ੁਰ ਦੀ ਪ੍ਰੇਰਨਾ ਦੇ ਅਧੀਨ ਪਾਇਆ ਜਾਂਦਾ ਹੈ ਇਸ ਨਾਲੋ ਵੱਖਰਾ ਹੀ ਜਾਣੇਗਾ।

166 ਪ੍ਰੰਤੂ ਯੂਹੰਨਾ " ਰੋਇਆ । " ਇੱਥੇ ਉਹ ਕਾਰਨ ਹੈ ਜਿਸਦੇ ਲਈ ਕਿ ਮੈਂ ਸੋਚਦਾ ਹਾਂ ਯੂਹੰਨਾ ਰੋਇਆ । ਕਿਉਂਕਿ, ਜੇ ਕੋਈ ਵੀ ਇਸ ਯੋਗ ਨਹੀਂ ਹੈ ਕਿ ਇਸ ਛੁਟਕਾਰੇ ਦੀ ਪੋਥੀ ਨੂੰ ਖੋਲ੍ਹ ਸਕੇ, ਤਾਂ ਸਾਰੀ ਸਰਿਸ਼ਟੀ ਨਾਸ਼ ਹੋ ਜਾਵੇਗੀ ।

167 *ਇੱਥੇ* ਉਹ ਪੋਥੀ ਹੈ, *ਇੱਥੇ* ਉਹ ਵਸੀਅਤ ਨਾਮਾ ਹੈ, ਇਹ ਉਸ ਨੇੜੇ ਦੇ ਰਿਸਤੇਦਾਰ ਨੂੰ ਭੇਂਟ ਕੀਤਾ ਜਾਵੇਗਾ ਜੋ ਕਿ ਇਸ ਦੀਆਂ ਯੋਗਤਾਵਾਂ ਨੂੰ ਪੂਰਾ ਕਰ ਸਕੇ । ਇਹ ਪ੍ਰਮੇਸ਼ੁਰ ਦੀ ਆਪਣੀ ਬਿਵਸਥਾ (ਸ਼ਰਾ)ਹੈ, ਅਤੇ ਉਹ ਆਪਣੀ ਹੀ ਬਿਵਸਥਾ ਵਿੱਚ ਅਦਲਾ-ਬਦਲੀ ਨਹੀਂ ਕਰ ਸੱਕਦਾ ਹੈ, ਨਾ ਹੀ ਉਹ ਆਪਣੀ ਬਿਵਸਥਾ ਦੀ ਉਲੰਘਣਾ ਕਰ ਸੱਕਦਾ ਹੈ । ਵੇਖਿਆ ? ਪ੍ਰਮੇਸ਼ੁਰ ਨੂੰ ਇੱਕ ਛੁਡਾਉਣ ਵਾਲੇ ਨੇੜੇ ਦੇ ਸਾਕ ਦੀ ਲੋੜ ਸੀ ਜੋ ਕਿ ਇਸ ਯੋਗ ਸੀ, ਜੋ ਇਹ ਕਰਨ ਦੀ ਸਮਰੱਥਾ ਰੱਖਦਾ ਸੀ । ਜਿਸਦੇ ਕੋਲ ਇਹ ਕਰਨ ਲਈ ਧਨ-ਸੰਪਤੀ ਸੀ ।

168 ਅਤੇ ਸਵਰਗ ਦੂਤ ਨੇ ਕਿਹਾ, " ਹੁਣ ਉਹ ਛੁਡਾਉਣ ਵਾਲਾ ਨੇੜੇ ਦਾ ਸਾਕ ਅਗਾਂਹ ਕਦਮ ਪੁੱਟੇ । "

169 ਅਤੇ ਯੂਹੰਨਾ ਨੇ ਵੇਖਿਆ । ਅਤੇ ਉਸਨੇ ਸਾਰੀ ਧਰਤੀ ਦੇ ਉੱਤੇ ਵੇਖਿਆ । ਉਸਨੇ ਧਰਤੀ ਦੇ ਹੇਠਾਂ ਵੇਖਿਆ । ਅਤੇ ਕੋਈ ਵੀ ਯੋਗ ਨਹੀਂ ਸੀ । ਸਰਿਸ਼ਟੀ ਅਤੇ ਹਰ ਚੀਜ ਗੁਆਚ ( ਨਸ਼ਟ ਹੋ ) ਗਈ ਸੀ । ਅਤੇ ਯੂਹੰਨਾ ਬੇਸ਼ੱਕ ਰੋ ਪਿਆ । ਸਭ ਕੁਝ ਗਵਾਚ ਗਿਆ ਸੀ ।



ਗਾਉਂਦੇ ਹੋਏ ਸੁਣਦੇ ਹੋ, " ਹੈਰਾਨ ਕਰਨ ਵਾਲੀ ਕਿਰਪਾ, ਕਿੰਨੀ ਮਿੱਠੀ ਅਵਾਜ਼, ਜਿਸਨੇ ਮੇਰੇ ਵਰਗੇ ਮੰਦਭਾਗੇ ਨੂੰ ਬਚਾ ਲਿਆ ! " ਤੁਸੀਂ ਆਖਦੇ ਹੋ, " ਖੁਦਾ ਦੀ ਮਹਿਮਾਂ ਹੋਵੇ ! " ਆਖਰ ਭਾਈ ਬ੍ਰਾਨਹਾਮ ਨੇ ਇਸਨੂੰ ਸਿੱਖ ਹੀ ਲਿਆ । ਹੁਣ ਉਹ ਭਾਈ ਬ੍ਰਾਨਹਾਮ ਬੈਠੇ ਹੋਏ ਹਨ। " ਜੀ ਹਾਂ । ਓਹ !

ਇਹ ਤਾਂ ਕਿਰਪਾ ਸੀ ਜਿਸਨੇ ਮੇਰੇ ਦਿਲ ਨੂੰ ਡਰਨਾ ਸਿਖਾਇਆ,
ਇਹ ਕਿਰਪਾ ਹੀ ਸੀ ਜਿਸ ਨੇ ਮੈਨੂੰ ਡਰ ਤੋਂ ਅਜਾਦ ਕੀਤਾ ;
ਉਸ ਵੇਲੇ ਜਦੋਂ ਮੈਂ ਪਹਿਲੀ ਵਾਰ ਵਿਸ਼ਵਾਸ਼ ਕੀਤਾ,
ਕਿੰਨੀ ਬਹੁਮੁੱਲੀ ਉਹ ਕਿਰਪਾ ਵਿਖਾਲੀ ਦਿੱਤੀ !

133 ਜਦ ਤੱਕ ਥੋੜੀ ਦੇਰ ਵਿੱਚ ਹੀ ਅਸੀਂ ਇਸਨੂੰ ਹੇਠਾਂ ਤੱਕ ਨਹੀਂ ਵੇਖ ਲੈਂਦੇ ਤੁਸੀਂ ਠਹਿਰੇ ਰਹੋ ! ਓਹ, ਮੇਰੇ ! ਹੁਣ ਵੇਖੋ । ਪੁਸਤਕ ........

134 ਰੂਥ ਦੀ ਪੁਸਤਕ ਇਸ ਗੱਲ ਦੀ ਬਹੁਤ ਸੋਹਣੀ ਤਸਵੀਰ ਖਿੱਚਦੀ ਹੈ, ਕਿਵੇਂ ਬੋਅਜ ........ ਨਾਓਮੀ ਆਪਣੀ ਧਰਤੀ ਗੁਆ ਬੈਠੀ ਸੀ । ਤੁਸੀਂ ਇਸਨੂੰ ਜਾਣਦੇ ਹੋ । ਤੁਸੀਂ ਮੈਨੂੰ ਇਸ ਉੱਤੇ ਪ੍ਰਚਾਰ ਕਰਦੇ ਨੂੰ ਸੁਣ ਚੁੱਕੇ ਹੋ, ਕੀ ਤੁਸੀਂ ਨਹੀਂ ਸੁਣ ਚੁੱਕੇ ਹੋ ? ਆਪਣੇ ਹੱਥਾਂ ਨੂੰ ਉੱਪਰ ਉਠਾਓ ਜੇ ਤੁਸੀਂ ਮੈਨੂੰ ਪ੍ਰਚਾਰ ਕਰਦੇ ਸੁਣਿਆ ਹੈ । ਸੋ ਤੁਸੀਂ ਸਮਝ ਗਏ ਹੋ । ਵੇਖੋ ਬੋਅਜ਼ ਨੇ ਇੱਕ ਛੁਡਾਉਣ ਵਾਲਾ ਬਣਨਾ ਸੀ । ਅਤੇ ਉਹ ਹੀ ਸਿਰਫ ਇੱਕ ਅਜਿਹਾ ਸੀ ਜੋ ਇਹ ਕਰ ਸੱਕਦਾ ਸੀ। ਉਸਨੇ ਰਿਸ਼ਤੇਦਾਰ ਹੋਣਾ ਸੀ, ਇੱਕ ਨੇੜੇ ਦਾ ਰਿਸ਼ਤੇਦਾਰ ਬਣਨਾ ਸੀ । ਅਤੇ ਨਾਓਮੀ ਦਾ ਛੁਟਕਾਰਾ ਕਰਨ ਬਦਲੇ ਉਸਨੂੰ ਰੂਥ ਮਿਲੀ ਸੀ । ਉਹ ਯਿਸੂ ਸੀ, ਬੋਅਜ ਮਸੀਹ ਦਾ ਨਮੂਨਾ ਸੀ। ਅਤੇ ਜਦ ਉਸਨੇ ਇਸਰਾਈਲ ਨੂੰ ਛੁਡਾਇਆ, ਉਸਨੂੰ ਪਰਾਈ ਜਾਤੀਆਂ ਦੀ ਲਾੜੀ ਮਿਲੀ। ਤੁਸੀਂ ਵੇਖੋ ਕਿ ਇਹ ਕਿੰਨਾ ਸੁੰਦਰ ਹੈ ! ਇੱਥੇ ਕਿਤੇ ਅਸੀਂ ਇਸਦੀ ਟੇਪ ਵੀ ਭਰੀ ਹੋਈ ਹੈ, ਮੈਨੂੰ ਪੂਰਾ ਯਕੀਨ ਹੈ ਕਿ ਤੁਸੀਂ ਇਸਨੂੰ ਲੈਣਾ ਚਾਹੋਗੇ ।

135 ਹੁਣ ਧਿਆਨ ਦਿਓ, ਉਸਨੂੰ ਨੇੜੇ ਦੇ ਸਾਕਾਂ ਵਿੱਚੋਂ ਹੋਣਾ ਚਾਹੀਦਾ ਸੀ ਤੁਸੀਂ ਵੇਖੋ, ਸਵਰਗਦੂਤ ਇਸ ਤਰ੍ਹਾਂ ਨਹੀਂ ਕਰ ਸੱਕਦਾ ਸੀ । ਮਨੁੱਖ ਇਸ ਤਰ੍ਹਾਂ ਨਹੀਂ ਕਰ ਸੱਕਦਾ ਸੀ ; ਇਸਨੂੰ ਆਦਮੀ ਹੋਣਾ ਜਰੂਰੀ ਸੀ, ਪ੍ਰੰਤੂ ਉਸਨੂੰ ਔਰਤ ਤੋਂ ਸੰਭੋਗ ਦੁਆਰਾ ਜੰਨਮਿਆ ਹੋਣਾ ਨਹੀਂ ਚਾਹੀਦਾ ਸੀ । ਇਸ ਲਈ ਕੁਆਰੀ ਤੋਂ ਜਨਮ ਨੇ, ਪਵਿੱਤਰ ਆਤਮਾ ਨੇ ਮਰਿਯਮ ਉੱਤੇ ਛਾਇਆ ਕੀਤੀ । ਇਹ ਹੀ ਕਾਰਨ ਹੈ ਕਿ ਯਿਸੂ ਯਹੂਦੀ ਨਹੀਂ ਸੀ । ਯਿਸੂ ਗੈਰ ਕੌਮਾਂ ਵਿੱਚੋਂ ਨਹੀਂ ਸੀ । ਯਿਸੂ ਪ੍ਰਮੇਸ਼ੁਰ ਸੀ । ਬਿਲਕੁੱਲ ਇਸੇ ਤਰ੍ਹਾਂ ਹੀ ਸੀ । ਉਸਦਾ ਲਹੂ ਕਿਸੇ ਸੰਭੋਗ ਕਿਰਿਆ ਰਾਹੀਂ ਨਹੀਂ ਆਇਆ ਸੀ । ਉਹ ਪਵਿੱਤਰ ਸੀ, ਉਸਦੇ ਲਹੂ ਦੀ ਰਚਨਾ ਖੁਦਾ ਨੇ ਕੀਤੀ ਸੀ । ਅਤੇ ਅਸੀਂ ਯਹੂਦੀ ਲਹੂ ਜਾਂ ਗੈਰ ਕੌਮਾਂ ਦੇ ਲਹੂ ਰਾਹੀਂ ਨਹੀਂ ਬਚਾਏ ਗਏ ਹਾਂ । " ਅਸੀਂ ਤਾਂ ਪ੍ਰਮੇਸ਼ੁਰ ਦੇ ਲਹੂ ਦੇ ਰਾਹੀਂ ਬਚਾਏ ਗਏ ਹਾਂ । " ਇਹ ਬਾਈਬਲ ਦੇ ਅਨੁਸਾਰ ਹੈ । ਇਸੇ ਤਰ੍ਹਾਂ ਹੀ ਕਿਹਾ ਗਿਆ ਹੈ । ਸਾਡਾ ਛੁਟਕਾਰਾ....

136 ਸੋ ਤੁਸੀਂ ਵੇਖਦੇ ਹੋ ਯਿਸੂ ਪ੍ਰਮੇਸ਼ੁਰ ਸੀ । ਉਹ ਕੋਈ ਤੀਜਾ ਵਿਅਕਤੀ, ਚੌਥਾ ਵਿਅਕਤੀ, ਦੂਜਾ ਵਿਅਕਤੀ ਨਹੀਂ ਸੀ । ਉਹ ਤਾਂ ਇੱਕ ਵਿਅਕਤੀ ਸੀ । ਉਹ ਤਾਂ ਪ੍ਰਮੇਸ਼ੁਰ ਸੀ । ਉਹ ਤਾਂ

ਇੰਮਾਨੂਏਲ ਪ੍ਰਮੇਸ਼ੁਰ ਸੀ । ਪਰਮੇਸ਼ੁਰ ਆਪਣੀ ਮਹਿਮਾਂ ਵਿੱਚੋਂ ਹੇਠਾਂ ਆਇਆ ਅਤੇ ਆਪਣੇ ਆਪ ਨੂੰ ਪ੍ਰਗਟ ਕੀਤਾ। ਮੈਂ ਬ੍ਰੁਥ -ਕਲਿਬਬੋਰਨ ਦੀ ਉਸ ਕਹਾਣੀ ਨੂੰ ਪਸੰਦ ਕਰਦਾ ਹਾਂ ਜੋ ਕਿ ਇੱਕ ਮਹਾਨ ਸੁੰਦਰ ਗੀਤ ਦੇ ਰੂਪ ਵਿੱਚ ਹੈ ।

> ਆਪਣੀ ਮਹਿਮਾਂ ਤੋਂ ਹੇਠਾਂ, ਸਦਾ ਬਹਾਰ ਕਹਾਣੀ,
> ਮੇਰਾ ਪ੍ਰਮੇਸ਼ੁਰ ਅਤੇ ਮੁਕਤੀਦਾਤਾ ਹੇਠਾਂ ਆਇਆ, ਯਿਸੂ ਉਸਦਾ ਨਾਮ ਸੀ,
> ਚਰਨੀ ਵਿੱਚ ਉਹ ਪੈਦਾ ਹੋਇਆ, ਆਪਣਿਆ ਵਿੱਚ ਬੇਗਾਨਾ ਹੋਇਆ,
> ਦੁੱਖ ਦਾ ਆਦਮੀ, ਹੰਝੂ ਅਤੇ ਪੀੜਾਂ ਦਾ । ਓਹ !
> ਕਿਸ ਤਰ੍ਹਾਂ ਦੀ ਕਿਰਪਾ, ਜੋ ਸਾਡੇ ਲਈ ਛੁਟਕਾਰਾ ਲਿਆ ਰਹੀ ਹੈ,
> ਜਦ ਰਾਤ ਦੇ ਘੁੱਪ ਹਨੇਰੇ ਵਿੱਚ, ਕੋਈ ਵੀ ਆਸ ਨਜ਼ਰ ਨਹੀਂ ਸੀ ਆਉਂਦੀ,
> ਬਹੁਮੁੱਲਾ ਪ੍ਰਮੇਸ਼ੁਰ, ਕੋਮਲ ਉਸਨੇ ਆਪਣੀ ਸ਼ਾਨੋ ਸ਼ੌਕਤ ਲਾਂਭੇ ਰੱਖ ਦਿੱਤੀ
> ਮੈਨੂੰ ਸੱਦਣ ਅਤੇ ਮੇਰੀ ਰੂਹ ਨੂੰ ਬਚਾਉਣ ਲਈ ਹੇਠਾਂ ਆਇਆ,
> ਓਹ, ਮੈਂ ਉਸਨੂੰ ਕਿੰਨਾ ਪਿਆਰ ਕਰਦਾ ਹਾਂ,
> ਮੈਂ ਉਸਦੀ ਕਿੰਨੀ ਸਰਾਹਨਾ ਕਰਦਾ ਹਾਂ !
> ਮੇਰਾ ਸਾਹ, ਮੇਰਾ ਚਾਨਣ, ਮੇਰਾ ਸੱਭ ਕੁਝ !
> ਉਹ ਛੁਡਾਉਣ ਵਾਲਾ ਬਣਿਆ ਮੇਰਾ ਮੁਕਤੀਦਾਤਾ,
> ਉਹ ਮਹਾਨ ਸਰਿਸ਼ਟੀ ਕਰਤਾ, ਬਣਿਆ ਮੇਰਾ ਮੁਕਤੀਦਾਤਾ,
> ਅਤੇ ਪ੍ਰਮੇਸ਼ੁਰ ਦੀ ਸਾਰੀ ਭਰਪੂਰੀ ਕਰਦੀ ਸੀ ਉਸਦੇ ਵਿੱਚ ਵਾਸ ।

137 ਇਹ ਉਹ ਹੈ ਜਿਸਨੇ ਲੋੜ ਨੂੰ ਪੂਰਾ ਕੀਤਾ । ਕਿਰਪਾ ਨੇ ਯਿਸੂ ਮਸੀਹ ਇੱਕ ਵਿਅਕਤੀ ਨੂੰ ਪੈਦਾ ਕੀਤਾ । ਸਾਨੂੰ ਪਤਾ ਲੱਗਦਾ ਹੈ ਕਿ ਇਹ ਪੁਸਤਕ ਹੁਣ ........ ਪ੍ਰਮੇਸ਼ੁਰ ਆਪਣੇ ਡੇਰੇ ਨੂੰ ਫੈਲਾਉਂਦਾ ਹੈ ਅਤੇ ਪ੍ਰਮੇਸ਼ੁਰ ਤੋਂ ਮਨੁੱਖ ਬਣ ਜਾਣ ਲਈ ਆਉਂਦਾ ਹੈ । ਖੁਦਾ ਨੇ ਆਪਣੇ ਸਰਵ ਸ਼ਕਤੀਮਾਨ ਰੂਪ ਨੂੰ ਬਦਲਿਆ, ਤਾਂ ਕਿ ਮਨੁੱਖ ਬਣ ਜਾਏ ; ਕਿ ਮਨੁੱਖ ਦਾ ਰੂਪ ਧਾਰਨ ਕਰ ਲਏ, ਤਾਂ ਕਿ ਉਹ ਮਰ ਸਕੇ, ਜਿਸ ਨਾਲ ਉਹ ਮਨੁੱਖ ਨੂੰ ਛੁਡਾ ਸਕੇ । ਉਸ ਸਮੇਂ ਤੱਕ ਉਡੀਕ ਕਰੋ, ਜਦ ਤੱਕ ਕਿ ਅਸੀਂ ਇਹ ਨਾ ਵੇਖ ਲਈਏ ਕਿ ਉੱਥੇ ਕੋਈ ਵੀ ਯੋਗ ਨਹੀਂ ਸੀ । ਸਮਝੇ? ਠੀਕ ਹੈ।

138 ਬਾਈਬਲ ਵਿੱਚ, ਰੂਥ ਦੀ ਕਿਤਾਬ ਵਿੱਚ, ਜਦ ਤੁਸੀਂ ਇਸਨੂੰ ਪੜ੍ਹਦੇ ਹੋ, ਤਾਂ ਤੁਸੀਂ ਦੇਖੋਗੇ ਕਿ ਅਜਿਹੇ ਮਨੁੱਖ ਨੂੰ ਮੁੱਲ ਚੁਕਾਉਣ ਵਾਲਾ (GOEL) ਕਹਿੰਦੇ ਸਨ। ਉਹ ਵਿਅਕਤੀ ਮੁੱਲ ਚੁਕਾਉਣ ਵਾਲਾ ਅਖਵਾਉਂਦਾ ਸੀ ਜਾਂ ਇਹ ਉਹ ਵਿਅਕਤੀ ਹੁੰਦਾ ਸੀ ਜੋ ਛੁਟਕਾਰਾ ਦੇਣ ਦੀਆਂ ਲੋੜਾਂ ਨੂੰ ਪੂਰਾ ਕਰ ਸੱਕਦਾ ਸੀ । ਅਤੇ ਮੁੱਲ ਚੁਕਾਉਣ ਵਾਲਾ ਇਹ ਕਰਨ ਦੇ ਯੋਗ ਹੋਣਾ ਚਾਹੀਦਾ ਹੈ, ਕਰਨ ਦਾ ਚਾਹਵੰਦ ਵੀ ਜਰੂਰ ਹੋਣਾ ਚਾਹੀਦਾ ਹੈ, ਅਤੇ ਉਹਨੂੰ ਇੱਕ ਸਾਕ ਸਬੰਧੀ ਵੀ ਹੋਣਾ ਚਾਹੀਦਾ ਹੈ, ਉਹ ਸਾਕ ਸਬੰਧੀ ਤੋਂ ਅਗਲਾ ਹੋਣਾ ਚਾਹੀਦਾ ਹੈ ਤਾਂ ਕਿ ਉਹ ਇਹ ਕਰ ਸਕੇ।

139 ਅਤੇ ਖੁਦਾ, ਜੋ ਆਤਮਾ ਦਾ ਰਚਨ ਵਾਲਾ ਹੈ, ਜਦ ਉਹ ਆਦਮੀ ਬਣ ਗਿਆ ਤਾਂ ਉਹ ਸਾਡਾ ਸਾਕ ਸਬੰਧੀ ਬਣ ਗਿਆ, ਤਾਂ ਕਿ ਉਹ ਆਪਣੇ ਉੱਤੇ ਸਾਡੇ ਪਾਪ ਚੁੱਕ ਸਕੇ ਅਤੇ ਸਾਡੇ ਪਾਪਾਂ



ਹੈ ! *ਇੱਥੇ* ਛੁਟਕਾਰੇ ਦੀ ਯੋਜਨਾ ਹੈ !*ਇੱਥੇ* ਹੀ ਇੱਕ ਉਹ ਰਾਹ ਹੈ ਜਿਸਦੇ ਦੁਆਰਾ ਹਮੇਸ਼ਾਂ ਦੇ ਲਈ ਛੁਟਕਾਰਾ ਹੋ ਜਾਵੇਗਾ, ਕਿਉਂਕਿ *ਇੱਥੇ* ਹੀ ਸਾਰੇ ਸਵਰਗ ਅਤੇ ਧਰਤੀ ਦੇ ਛੁਟਕਾਰੇ ਦਾ ਵਸੀਅਤਨਾਮਾ ਹੈ । " ਉਹ ਅੱਗੇ ਆਏ, ਜੇ ਉਹ ਆਉਣਾ ਚਾਹੇ । " ਓਹ ਮੇਰਿਆ !ਜਾਂ ਤਾਂ ਉਹ ਹੁਣ ਬੋਲੇ ਨਹੀਂ ਤਾਂ ਹਮੇਸ਼ਾਂ ਲਈ ਸ਼ਾਂਤ ਰਹੇ । ਉਹ ਅਗਾਂਹ ਆਏ ਅਤੇ ਆ ਕੇ ਇਸ ਪੁਸਤਕ ਦਾ ਦਾਵਾ ਕਰੇ । ਇਸ ਤਰ੍ਹਾਂ ਕਰਨ ਦੇ ਯੋਗ ਕੌਣ ਹੈ ?

158 ਅਤੇ ਯੂਹੰਨਾ ਨੇ ਕਿਹਾ :

> *ਅਤੇ ਨਾ ਸਵਰਗ ਵਿੱਚ ਕੋਈ ਮਨੁੱਖ ਯੋਗ ਨਿੱਕਲਿਆ, ਨਾ ਧਰਤੀ ਤੇ, ਨਾ ਧਰਤੀ ਦੇ ਹੇਠ ਹੀ ਕੋਈ ਸੀ ਜੋ ਇਸ ਯੋਗ ਹੋਵੇ* ;

ਜੋ ਕਦੇ ਜੀਉਂਦਾ ਰਿਹਾ ਜਾਂ ਮਰ ਗਿਆ ਹੋਵੇ, ਕੋਈ ਵੀ ਮਨੁੱਖ ਅਜਿਹਾ ਕਰਨ ਦੇ ਯੋਗ ਨਾ ਪਾਇਆ ਗਿਆ ।

159 ਅਤੇ ਸਵਰਗਦੂਤ ਦੀ ਪੁਕਾਰ ਛੁਡਾਉਣ ਵਾਲੇ ਨੇੜੇ ਦੇ ਰਿਸ਼ਤੇਦਾਰ ਦੇ ਪ੍ਰਗਟ ਹੋਣ ਲਈ ਸੀ । ਪ੍ਰਮੇਸ਼ੁਰ ਨੇ ਕਿਹਾ, " ਮੇਰਾ ਕਾਨੂੰਨ ਹੈ ; ਛੁਡਾਉਣ ਵਾਲਾ ਨੇੜੇ ਦਾ ਰਿਸ਼ਤੇਦਾਰ, ਇਵਜ ਹੋ ਸੱਕਦਾ ਹੈ । ਉਹ ਛੁਡਾਉਣ ਵਾਲਾ ਨੇੜੇ ਦਾ ਰਿਸਤੇਦਾਰ ਕਿੱਥੇ ਹੈ ? ਇਸਨੂੰ ਲੈਣ ਦੇ ਯੋਗ ਕੌਣ ਹੈ ?"

160 ਅਤੇ ਆਦਮ ਤੋਂ ਲੈ ਕੇ ਸਾਰੇ ਰਸੂਲਾਂ ਅਤੇ ਨਬੀਆਂ ਅਤੇ ਬਾਕੀ ਸਾਰਿਆਂ ਨੂੰ ਵੇਖਿਆ ; ਪ੍ਰੰਤੂ ਕੋਈ ਵੀ ਉਸ ਪੁਸਤਕ ਨੂੰ ਲੈਣ ਜਾਂ ਉਸ ਉੱਤੇ ਨਿਗਾਹ ਕਰਨ ਦੇ ਯੋਗ ਨਾ ਨਿੱਕਲਿਆ। ਹੁਣ, ਇਸ ਦੇ ਬਾਰੇ ਵਿੱਚ ਕੀ ਖਿਆਲ ਹੈ ? " ਨਾ ਸਵਰਗ ਵਿੱਚ, ਨਾ ਧਰਤੀ ਉੱਤੇ, ਨਾ ਹੀ ਕੋਈ ਅਜਿਹਾ ਕਦੇ ਜੀਉਂਦਾ ਰਿਹਾ । ਏਲੀਯਾਹ ਉੱਥੇ ਖੜ੍ਹਾ ਸੀ । ਮੂਸਾ ਉੱਥੇ ਖੜ੍ਹਾ ਸੀ । ਸਾਰੇ ਰਸੂਲ ਉੱਥੇ ਖੜੇ ਸਨ, ਜਾਂ ਉਹ ਜੋ ਮਰ ਗਏ ਉੱਥੇ ਖੜੇ ਸਨ ; ਸੱਭ ਪਵਿੱਤਰ ਮਨੁੱਖ, ਅਯੂਬ ਅਤੇ ਸੱਭ ਸੰਤ ਲੋਕ ਉੱਥੇ ਖੜੇ ਸਨ । ਹਰੇਕ ਜਣਾ ਉੱਥੇ ਖੜਾ ਸੀ, ਅਤੇ ਕੋਈ ਵੀ ਇਸ ਯੋਗ ਨਾ ਸੀ ਕਿ ਉਸ ਪੁਸਤਕ ਉੱਤੇ ਨਿਗਾਹ ਵੀ ਕਰ ਸੱਕਦਾ, ਉਸ ਦੀਆਂ ਮੋਹਰਾਂ ਨੂੰ ਤੋੜਨਾ ਤਾਂ ਛੱਡੋ ਕੋਈ ਨਿਗਾਹ ਕਰਨ ਦੇ ਵੀ ਯੋਗ ਨਹੀਂ ਸੀ ।

161 ਹੁਣ ਪੋਪ ਅਤੇ ਉਹ ਸੱਭ ਕਿੱਥੇ ਹਨ ?ਤੁਹਾਡਾ ਬਿਸ਼ਪ ਕਿੱਥੇ ਹੈ ? ਸਾਡੀ ਯੋਗਤਾ ਕਿੱਥੇ ਹੈ ? ਅਸੀਂ ਕੁਝ ਵੀ ਨਹੀਂ ਹਾਂ । ਇਹ ਠੀਕ ਹੈ ।

162 ਉਸਨੇ ਛੁਡਾਉਣ ਵਾਲੇ ਨੇੜੇ ਦੇ ਰਿਸ਼ਤੇਦਾਰ ਨੂੰ ਪੁਕਾਰਿਆ ਜੇ ਉਹ ਆ ਸੱਕਦਾ ਹੈ ਤਾਂ ਆਵੇ । ਪ੍ਰੰਤੂ ਯੂਹੰਨਾ ਨੇ ਆਖਿਆ, " ਕੋਈ ਵੀ ਆਦਮੀ ਯੋਗ ਨਹੀਂ ਸੀ । "

163 ਇਹ ਨਹੀਂ ਕਿ ਉੱਥੇ ਯੋਗ ਲੋਕ ਨਹੀਂ ਸਨ, ਹੁਣ ਵੇਖੋ, ਉਦਾਹਰਨ ਲਈ ਜਿਵੇਂ ਕਿ ਉੱਥੇ ਫਰਿਸ਼ਤੇ ਸਨ ;ਉੱਥੇ ਜਿਬਰਾਇਲ ਸੀ, ਮੀਕਾਏਲ ਸੀ । ਪਰ ਯਾਦ ਰਹੇ, ਉਹ ਨੇੜੇ ਦਾ ਰਿਸ਼ਤੇਦਾਰ ਹੋਣਾ ਚਾਹੀਦਾ ਸੀ । ਯਾਦ ਰੱਖੋ । ਯੂਹੰਨਾ ਨੇ ਇੱਥੇ ਕਿਹਾ ਹੈ ਕਿ " ਕੋਈ ਵੀ ਆ-ਦ-ਮੀ ", ਯੋਗ ਨਹੀਂ ਸੀ ਨਾ ਕਿ ਫਰਿਸ਼ਤਾ, ਨਾ ਕਿ ਸਰਾਫੀਮ । ਉਹਨਾਂ ਨੇ ਪਾਪ ਨਹੀਂ ਸੀ ਕੀਤਾ ਪਰ ਉਹ ਤਾਂ ਵੱਖਰੇ ਦਰਜੇ ਦੇ ਹਨ। ਉਹ ਕਦੇ ਵੀ ਡਿੱਗੇ ਨਹੀਂ ਸਨ ।

ਭੇਤ, ਉਹਨਾਂ ਮੋਹਰਾਂ ਵਿੱਚ ਹੈ । ਛੁਟਕਾਰੇ ਦੀ ਸੰਪੂਰਣ ਯੋਜਨਾ ਇਹਨਾਂ ਸੱਤਾਂ ਮੋਹਰਾਂ ਰਾਹੀਂ ਪ੍ਰਗਟ ਹੁੰਦੀ ਹੈ । ਓਹ, ਇਹ ਇੱਕ ਮਹੱਤਵਪੂਰਨ ਸਮਾਂ ਹੈ ਪ੍ਰਮੇਸ਼ੁਰ ਇਸਨੂੰ ਸਮਝਣ ਵਿੱਚ ਸਾਡੀ ਸਹਾਇਤਾ ਕਰੇ । ਵੇਖਿਆ ?

153 ਹੁਣ, " ਅਤੇ ਇੱਕ ਬਲੀ ਦੂਤ ........ " ਹੁਣ ਦੂਸਰੀ ਆਇਤ ।

*ਅਤੇ ਮੈਂ ਇੱਕ ਬਲੀ ਦੂਤ ਨੂੰ ਵੱਡੀ ਅਵਾਜ਼ ਨਾਲ ਇਹ ਪ੍ਰਚਾਰ ਕਰਦੇ ਵੇਖਿਆ ਭਈ ਯੋਗ ਕੌਣ ਹੈ .....*(ਕਾਹਦੇ ਯੋਗ ? )

*ਪੋਥੀ ਨੂੰ ਖੋਲ੍ਹਣ ਦੇ ਯੋਗ ਕੌਣ ਹੈ, ........*

154 ਹੁਣ ਸਾਨੂੰ ਪਤਾ ਲੱਗਾ ਹੈ । ਹੁਣ ਇਹ ਪੋਥੀ ਕਿੱਥੇ ਹੈ? ਇਹ ਪੋਥੀ ਹੁਣ ਆਪਣੇ ਮੂਲ ਜਾਂ ਅਸਲੀ ਮਾਲਿਕ ਦੇ ਕੋਲ ਹੈ ਕਿਉਂਕਿ ਇਸਨੂੰ ਪੁੱਤਰ ਨੇ, ਪਹਿਲੇ ਪੁੱਤਰ ਦੁਆਰਾ ਮਨੁੱਖ ਜਾਤੀ ਤੋਂ ਲੈ ਲਿਆ ਸੀ । ਜਦ ਉਸਨੇ ਸ਼ੈਤਾਨ ਨੂੰ ਸੁਣਨ ਦੇ ਰਾਹੀਂ ਆਪਣੇ ਆਪਣੇ ਅਧਿਕਾਰਾਂ ਨੂੰ ਗੁਆ ਲਿਆ ਸੀ, ਉਸਨੇ ਛੱਡ ਦਿੱਤਾ .....ਉਸਨੇ ਕੀ ਕੀਤਾ ? ਉਸਨੇ ਪ੍ਰਮੇਸ਼ੁਰ ਦੇ ਵਚਨ ਨੂੰ ਕਬੂਲ ਕਰਨ ਦੀ ਬਜਾਏ ਸੈਤਾਨ ਦੇ ਗਿਆਨ ਨੂੰ ਕਬੂਲ ਕੀਤਾ । ਹੁਣ ਕੀ ਅਸੀਂ ਇੱਥੇ ਇੱਕ ਪਲ ਵਾਸਤੇ ਨਹੀਂ ਰੁਕ ਸੱਕਦੇ ਹਾਂ ! ਪ੍ਰਮੇਸ਼ੁਰ ਦੇ ਪੁੱਤਰ ਇਸ ਦੇ ਬਾਰੇ ਵਿੱਚ ਪ੍ਰਮੇਸ਼ੁਰ ਦਾ ਵਚਨ ਲੈਣ ਦੀ ਬਜਾਏ ਸੈਮਨਰੀ ਦਾ ਗਿਆਨ ਲੈਣਗੇ । ਵੇਖੋ, ਇਹੋ ਗੱਲ ਆਦਮ ਨੇ ਵੀ ਕੀਤੀ ਅਤੇ ਆਪਣੇ ਹੱਕ ਗੁਆ ਲਏ । ਅਤੇ ਜਦ ਉਸਨੇ ਇਸ ਤਰ੍ਹਾਂ ਕੀਤਾ ਤਾਂ ਇਹ ਵਾਪਿਸ ਚਲੀ ਗਈ । ਕੀ ਤੁਸੀਂ ਵੇਖ ਨਹੀਂ ਸੱਕਦੇ ਕਿ ਉਹ ਯੁੱਗ ਕਿੱਥੇ ਰਹੇ ਹਨ ? ਸਮਝੇ ? ਇਹ ਵਾਪਿਸ ਆਪਣੇ ਮੂਲ (ਅਸਲੀ) ਸੁਆਮੀ ਦੇ ਕੋਲ ਪਹੁੰਚ ਗਈ ।

155 ਅਤੇ ਯੂਹੰਨਾ ਆਤਮਾ ਦੇ ਅੰਦਰ, ਸੁਰਗ ਵਿੱਚ ਇੱਥੇ ਖੜਾ ਹੈ । ਜਦ ਉਸ ਨੂੰ ਕਲੀਸਿਯਾਈ ਯੁੱਗਾਂ ਤੋਂ ਉਤਾਹਾਂ ਉਠਾ ਲਿਆ ਗਿਆ ਕਿ ਉਹ ਕਲੀਸਿਯਾ ਦੇ ਯੁੱਗਾਂ ਨੂੰ ਵੇਖੇ । ਅਤੇ ਤਦ ਉਹ 4 ਬਾਬ ਵਿੱਚ ਉਤਾਂਹ ਉਠਾ ਲਿਆ ਗਿਆ ਸੀ। ਉਸਨੇ ਯੂਹੰਨਾ ਨੂੰ ਕਿਹਾ, ਐਧਰ ਉਤਾਂਹ ਨੂੰ ਆ ਜਾਹ, ਅਤੇ ਜੋ ਕੁਝ ਇਹਦੇ ਮਗਰੋਂ ਹੋਣ ਵਾਲਾ ਹੈ ਮੈਂ ਤੈਨੂੰ ਵਿਖਾਵਾਂ । "

156 ਉਸਨੇ ਇੱਕ ਜਣੇ ਨੂੰ ਸਿੰਘਾਸਣ ਉੱਤੇ ਬਿਰਾਜਮਾਨ ਹੋਏ ਵੇਖਿਆ, ਉਸਦੇ ਹੱਥ ਵਿੱਚ -ਉਸਦੇ ਸੱਜੇ ਹੱਥ ਵਿੱਚ ਇੱਕ ਪੋਥੀ ਸੀ । ਹੁਣ ਇਸਦੇ ਬਾਰੇ ਵਿੱਚ ਜਰਾ ਸੋਚੋ । ਅਤੇ ਤਦ, ਇਸ ਪੋਥੀ ਵਿੱਚ ਛੁਟਕਾਰੇ ਦਾ ਵਸੀਅਤ ਨਾਮਾ ਸੀ, ਅਤੇ ਇਸਨੂੰ ਸੱਤਾਂ ਮੋਹਰਾਂ ਦੇ ਨਾਲ ਬੰਦ ਕੀਤਾ ਹੋਇਆ ਸੀ ।

157 ਅਤੇ ਇਸਦੇ ਬਾਦ ਇੱਕ ਬਲੀ ਦੂਤ ਇਹ ਪ੍ਰਚਾਰ ਕਰਦੇ ਹੋਏ ਆਇਆ ਕਿ " ਇਸ ਪੋਥੀ ਨੂੰ ਲੈਣ ਦੇ ਯੋਗ ਕੋਣ ਹੈ ; ਇਸ ਪੋਥੀ ਨੂੰ ਖੋਲ੍ਹਣ ਦੇ ਯੋਗ ਕੋਣ ਹੈ ? ਮੋਹਰਾਂ ਨੂੰ ਖੋਲ੍ਹਣ ਦੇ ਯੋਗ ਕੌਣ ਸੀ ? ਇਸ ਪੋਥੀ ਨੂੰ ਖੋਲ੍ਹਣ ਦੇ ਯੋਗ ਕੌਣ ਸੀ ?" ਵੇਖੋ ਸਵਰਗ ਦੂਤ ਨੇ ਇਹ ਪੁੱਛਿਆ । ਯੂਹੰਨਾ ਨੇ ਇਹ ਵੇਖਿਆ । ਅਤੇ ਉਸਨੇ ਕਿਹਾ, " ਹੁਣ ਕੌਣ ਯੋਗ ਹੈ ?ਉਹ ਆਵੇ ......" ਹੇ ਮੇਰੇ ਖੁਦਾ !ਹੋ ਸੱਕਦਾ ਹੈ ਕਿ ਮੈਂ ਇਸਨੂੰ ਇਸ ਤਰੀਕੇ ਦੇ ਨਾਲ ਮਹਿਸੂਸ ਕਰ ਰਿਹ ਹਾਂ । " ਪ੍ਰੰਤੂ ਉਹ ਆਵੇ ", ਦੂਤ ਨੇ ਆਖਿਆ, " ਉਹ ਆਵੇ ......" *ਇੱਥੇ* ਛੁਟਕਾਰੇ ਦੀ ਪੁਸਤਕ



ਦਾ ਮੁੱਲ ਤਾਰ ਸਕੇ, ਅਰ ਸਾਨੂੰ ਫਿਰ ਦੁਬਾਰਾ ਪ੍ਰਮੇਸ਼ੁਰ ਨਾਲ ਮਿਲਾ ਦੇਵੇ । ਇਹ ਹੈ ਉਹ ਗੱਲ। ਇਹ ਹੈ ਉਹ ਛੁਡਾਉਣ ਵਾਲਾ ।

140 ਹੁਣ ਮਸੀਹ ਨੇ ਸਾਡਾ ਛੁਟਕਾਰਾ ਕਰ ਦਿੱਤਾ ਹੈ । ਅਸੀਂ ਹੁਣ ਛੁਡਾਏ ਜਾ ਚੁੱਕੇ ਹਾਂ । ਪ੍ਰੰਤੂ ਉਸਨੇ ਆਪਣੇ ਅਧਿਕਾਰ ਦਾ ਅਜੇ ਦਾਵਾ ਨਹੀਂ ਕੀਤਾ ਹੈ । ਹੁਣ ਤੁਸੀਂ ਇਸਦੇ ਬਾਰੇ ਵਿੱਚ ਵੱਖਰਾ ਵਿਚਾਰ ਰੱਖ ਸੱਕਦੇ ਹੋ, ਪਰ ਇੱਕ ਪਲ ਵਾਸਤੇ ਜਰਾ ਰੁਕੋ, ਵੇਖੋ । ਅਸੀਂ ਇਸਨੂੰ ਵੇਖਾਂਗੇ। ਸਮਝੇ ?ਉਸਨੇ ਇਹਦਾ ਦਾਵਾ ਨਹੀਂ ਕੀਤਾ ਹੈ । ਜੇ ਉਸ ਨੇ ਛੁਟਕਾਰੇ ਦੀ ਪੋਥੀ ਨੂੰ ਲਿਆ ਹੈ ਤਾਂ ਸੱਭ ਕੁਝ ਜੋ ਆਦਮ ਦੇ ਕੋਲ ਸੀ ਅਰ ਸੱਭ ਕੁਝ ਜੋ ਉਸਨੇ ਗੁਆ ਲਿਆ ਸੀ, ਮਸੀਹ ਨੇ ਉਸਨੂੰ ਛੁਡਾ ਲਿਆ ਹੈ। ਉਹ ਸਾਨੂੰ ਪਹਿਲਾਂ ਹੀ ਛੁਡਾ ਚੁੱਕਾ ਹੈ । ਪਰ ਹਾਲੇ ਉਸਨੇ ਇਸਦਾ ਕਬਜਾ ਨਹੀਂ ਲਿਆ ਹੈ ; ਉਹ ਠਹਿਰਾਏ ਹੋਏ ਸਮੇਂ ਤੱਕ ਅਜਿਹਾ ਨਹੀਂ ਕਰ ਸੱਕਦਾ ਹੈ । ਅਤੇ ਫਿਰ ਜੀ ਉੱਠਣਾ ਹੋਵੇਗਾ, ਅਤੇ ਫਿਰ ਧਰਤੀ ਦੁਬਾਰਾ ਨਵੀਂ ਕੀਤੀ ਜਾਵੇਗੀ । ਤਦ ਉਹ ਆਪਣੇ ਉਸ ਅਧਿਕਾਰ ਨੂੰ ਲਵੇਗਾ ਜੋ ਉਸਨੂੰ ਉਸ ਵੇਲੇ ਮਿਲਿਆ ਸੀ ਜਦ ਉਸਨੇ ਸਾਡਾ ਛੁਟਕਾਰਾ ਕੀਤਾ ਸੀ, ਪਰ ਉਹ ਇਹ ਕੰਮ ਨਿਯੁਕਤ ਕੀਤੇ ਹੋਏ ਸਮੇਂ ਤੇ ਹੀ ਕਰੇਗਾ । ਹੇ ਮੇਰੇ ਖੁਦਾ !

141 ਇਸਦਾ ਵਰਣਨ ਸੱਤਾਂ ਮੋਹਰਾਂ ਦੀ ਇਸ ਪੋਥੀ ਵਿੱਚ ਕੀਤਾ ਗਿਆ ਹੈ, ਜਿਹਦੇ ਬਾਰੇ ਵਿੱਚ ਅਸੀਂ ਹੁਣ ਗੱਲ ਕਰ ਰਹੇ ਹਾਂ । ਠੀਕ ਹੈ । ਨਿਸਤਾਰੇ ਦੀ ਪੋਥੀ ਵਿੱਚ ਇਸਦਾ ਸਾਰਾ ਵਿਵਰਣ ਦਿੱਤਾ ਗਿਆ ਹੈ । ਉਹ ਸਭ ਜੋ ਮਸੀਹ ਅੰਤ ਵਿੱਚ ਕਰੇਗਾ, ਇਹਨਾਂ ਸੱਤਾਂ ਮੋਹਰਾਂ ਦੇ ਵਿੱਚ ਸਾਡੇ ਉੱਤੇ ਇਸ ਹਫਤੇ ਪ੍ਰਗਟ ਹੋ ਜਾਵੇਗਾ, ਜੇ ਸਾਡੇ ਉੱਤੇ ਪ੍ਰਮੇਸ਼ੁਰ ਇਸਨੂੰ ਪ੍ਰਗਟ ਹੋਣ ਦੇਵੇਗਾ । ਸਮਝੇ ? ਅਤੇ ਜਦ ਮੋਹਰਾਂ ਨੂੰ ਤੋੜਿਆ ਜਾਂਦਾ ਹੈ, ਅਤੇ ਸਾਡੇ ਉੱਤੇ ਇਹਨਾਂ ਨੂੰ ਪ੍ਰਗਟ ਕੀਤਾ ਜਾਂਦਾ ਹੈ ;ਤਾਂ ਅਸੀਂ ਵੇਖ ਸਕਾਂਗੇ ਕਿ ਇਹ ਛੁਟਕਾਰੇ ਦੀ ਮਹਾਨ ਯੋਜਨਾ ਕੀ ਹੈ, ਅਤੇ ਕਦੋਂ ਅਤੇ ਕਿਵੇਂ ਇਹ ਯੋਜਨਾਪੂਰੀ ਹੋਵੇਗੀ । ਇੱਥੇ ਇਸ ਭੇਤ ਦੀ ਪੁਸਤਕ ਵਿੱਚ ਇਹ ਸੱਭ ਕੁਝ ਗੁਪਤ ਹੈ । ਇਸਨੂੰ ਮੋਹਰਬੰਦ ਕੀਤਾ ਗਿਆ ਸੀ, ਸੱਤਾਂ ਮੋਹਰਾਂ ਦੇ ਨਾਲ ਇਸਨੂੰ ਮੋਹਰਬੰਦ ਕੀਤਾ ਗਿਆ ਹੈ, ਅਤੇ ਲੇਲਾ ਹੀ ਸਿਰਫ ਇੱਕ ਅਜਿਹਾ ਸੀ ਜੋ ਕਿ ਉਹਨਾਂ ਨੂੰ ਤੋੜ ਸੱਕਦਾ ਸੀ ।

142 ਹੁਣ .......[ ਭਾਈ ਬ੍ਰਾਨਹਾਮ ਦਾ ਧਿਆਨ ਕਿਸੇ ਚੀਜ ਦੇ ਦੁਆਰਾ ਹੋਰ ਪਾਸੇ ਖਿੱਚਿਆ ਗਿਆ -ਸੰਪ] ਮੈਨੂੰ ਮਾਫ ਕਰਨਾ । ਅਸੀਂ ਮਹਿਸੂਸ ਕਰਦੇ ਹਾਂ ..........

143 ਹੁਣ ਜੇ ਤੁਸੀਂ ਲਿਖਤਾਂ ਵਿੱਚ ਵੇਖਣਾ ਚਾਹੋ ਤਾਂ ਤੁਸੀਂ ਵੇਖ ਸੱਕਦੇ ਹੋ, ਯਿਰਮਿਯਾਹ ਦੀ ਪੁਸਤਕ ਵਿੱਚ ਵੇਖ ਸੱਕਦੇ ਹੋ । ਜਦ ਉਹ ਸੀ -ਜਦ ਉਹ ਉਸ ਦੇਸ਼ ਦੀ ਗੁਲਾਮੀ ਵਿੱਚ ਜਾ ਰਿਹਾ ਸੀ, ਤੁਸੀਂ ਜਾਣਦੇ ਹੋ, ਉਸਨੇ ਆਪਣੇ ਚਾਚੇ ਨੂੰ ਖਰੀਦਿਆ ...... ਉਹਦੇ ਚਾਚੇ ਦੇ ਪੁੱਤਰ ਕੋਲ ਕੁਝ ਜਾਇਦਾਦ ਸੀ, ਉਹ ਇਸ ਮੋਹਰਬੰਦ ਹੋਣ ਦੀ ਕਿਰਿਆ ਥਾਣੀ ਹੋ ਕੇ ਲੰਘਿਆ ਸੀ । ਅਤੇ ਜੇ ਅਸੀਂ ਇਸ ਸਾਰੇ ਨੂੰ ਦੇਖਣਾ ਚਾਹੁੰਦੇ ........ ਅਸੀਂ ਇਸਨੂੰ *ਸੱਤ ਕਲੀਸਿਯਾਈ ਯੁੱਗਾਂ* ਵਿੱਚ ਵੀ ਵੇਖਿਆ ਹੈ, ਉਹ ਮੋਹਰਾਂ ਅਤੇ ਹੋਰ ਸੱਭ ਦੂਸਰਿਆਂ ਵਿੱਚ ਵੀ ਹੈ ।

144 ਤੁਸੀਂ ਦੇਖਦੇ ਹੋ ਕਿ ਪੁਰਾਣੇ ਨੇਮ ਵਿੱਚ ਮੋਹਰ ਇੱਕ ਲਪੇਟਵੀਂ ਪੱਤਰੀ ਵਾਂਗ ਸੀ, *ਇਸ* ਤਰ੍ਹਾਂ । [ਭਾਈ ਬ੍ਰਾਨਹਾਮ ਕਾਗਜਾਂ ਨੂੰ ਲੈ ਕੇ ਇੱਕ ਲਪੇਟਵੀਂ ਪੋਥੀ, ਮੋਹਰ ਕਿਵੇਂ ਲਗਾਈ ਦੀ ਹੈ ਅਤੇ ਮੋਹਰ ਖੋਲ੍ਹਣ ਦੇ ਬਾਰੇ ਵਿੱਚ ਸਮਝਾਉਂਦੇ ਹਨ -ਸੰਪ ] ਅਤੇ *ਇੱਥੇ* ਇੱਕ ਭੇਤ ਸੀ, ਅਤੇ

ਇਹ ਭੇਤ ਗੁਪਤ ਸੀ । ਠੀਕ ਹੈ, ਇਹ ਮੋਹਰ ਲਗਾ ਕੇ ਇਸ ਤਰ੍ਹਾਂ ਲਿਖਿਆ ਹੋਇਆ ਸੀ ਕਿ *ਫਲਾਣੇ -ਫਲਾਣੇ* ਦਾ ਦਾਵਾ । ਇਸ ਤੋਂ ਬਾਦ ਅਗਲੇ ਭੇਤ ਨੂੰ ਇਸ ਦੇ ਦੁਆਲੇ (ਚਾਰੇ ਪਾਸੇ ) ਲਪੇਟ ਦਿੱਤਾ ਜਾਂਦਾ ਸੀ ਕਿ ਇਹ ਮੀਰਾਸ ਕੀ ਹੈ, ਅਤੇ ਇੱਥੇ *ਇਸ* ਪਾਸੇ ਨੱਥੀ ਕੀਤਾ ਹੋਇਆ ਸੀ ਕਿ *ਫਲਾਣੇ-ਫਲਾਣੇ* ਦਾ ਦਾਵਾ । ਅਤੇ ਇਸੇ ਤਰ੍ਹਾਂ ਹਰੇਕ ਦਾਵੇ ਨੂੰ ਤਦ ਤੱਕ ਇਕੱਠਾ ਕੀਤਾ ਜਾਂਦਾ ਸੀ ਜਦ ਤੱਕ ਕਿ ਉਹ ਪੋਥੀ ਨਹੀਂ ਬਣ ਜਾਂਦੀ ਸੀ, ਕਿਉਂਕਿ ਉਸ ਵੇਲੇ ਲੋਕਾਂ ਕੋਲ *ਇਸ* ਤਰ੍ਹਾਂ ਦੀਆਂ ਪੁਸਤਕਾਂ ਨਹੀਂ ਸਨ। ਇਹ ਇੱਕ ਲਪੇਟਵੀਂ ਪੋਥੀ (SCROLL )ਹੋਇਆ ਕਰਦੀ ਸੀ, (ਕਿੰਨੇ ਇਸ ਗੱਲ ਨੂੰ ਜਾਣਦੇ ਹਨ ?) ਅਤੇ ਇਹ ਲਪੇਟਵੀਂ ਪੋਥੀ ਅਖਵਾਉਂਦੀ ਸੀ । ਠੀਕ ਹੈ। ਇਹ ਮੋਹਰ ਇੱਕ ਲਪੇਟਵੀਂ ਪੋਥੀ ਹੁੰਦੀ ਸੀ, ਤੁਸੀਂ *ਇੱਥੋ* ਇੱਕ ਮੋਹਰ ਨੂੰ ਤੋੜ ਸੱਕਦੇ ਸੀ, ਅਤੇ ਇਹ ਜਾਣ ਸੱਕਦੇ ਸੀ ਕਿ ਇਸ ਮੋਹਰ ਵਿੱਚ ਭੇਤ ਕੀ ਹੈ ;ਅਤੇ ਤੁਸੀਂ ਉਸਨੂੰ ਖੋਲ੍ਹ ਸੱਕਦੇ ਸੀ, ਅਤੇ ਖੋਲ੍ਹ ਕੇ ਦੇਖ ਸੱਕਦੇ ਸੀ ਕਿ ਉਹ ਦਾਵਾ ਕੀ ਸੀ । ਅਤੇ ਫਿਰ ਦੂਸਰੇ ਨੂੰ ਖੋਲ੍ਹੋ, ਅਤੇ ਤੁਸੀਂ ਵੇਖ ਸੱਕਦੇ ਸੀ ਕਿ ਇਸ ਵਿੱਚ ਦਾਵਾ ਕੀ ਹੈ ।

145 ਅਤੇ ਸੰਪੂਰਣ ਇਹ ਹੀ ਗੱਲ ਸੱਤ ਮੋਹਰਾਂ ਦੇ ਨਾਲ ਹੈ, ਜਿਸ ਵਿੱਚ ਪ੍ਰਮੇਸ਼ੁਰ ਦੇ ਸੱਭ ਭੇਤ ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਦੇ ਗੁਪਤ ਹਨ, ਅਤੇ ਇਹ ਭੇਤ ਸੱਤ ਵੱਖਰੀਆਂ-ਵੱਖਰੀਆਂ ਮੋਹਰਾਂ ਦੇ ਦੁਆਰਾ ਪ੍ਰਗਟ ਹੁੰਦੇ ਹਨ, ਜੇ ਪ੍ਰਮੇਸ਼ੁਰ ਦੀ ਮਰਜੀ ਹੋਈ, ਉਹ ਸਾਨੂੰ ਇਹਨਾਂ ਮੋਹਰਾਂ ਨੂੰ ਸਮਝਣ ਦੇਵੇ, ਤਾਂ ਅਸੀਂ ਇਸ ਪੁਸਤਕ ਦਾ ਵਿਸਥਾਰ ਦੇ ਨਾਲ ਅਧਿਐਨ ਕਰਾਂਗੇ, ਅਤੇ ਵੇਖਾਂਗੇ ਕਿ ਇਸ ਵਿੱਚ ਇਹਨਾਂ ਮੋਹਰਾਂ ਦੇ ਬਾਰੇ ਵਿੱਚ ਕੀ ਕਿਹਾ ਗਿਆ ਹੈ । ਸਮਝੇ ?ਓਹ, ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਸਾਡੇ ਕੋਲ ਬੜਾ ਮਹਾਨ ਸਮਾਂ ਹੈ !ਛੁਟਕਾਰੇ ਦਾ ਭੇਤ ਉਸ ਵਿੱਚ ਤਦ ਤੱਕ ਮੋਹਰਬੰਦ ਹੈ ਜਦ ਤੱਕ ....... ਇਸ ਪੁਸਤਕ ਨੂੰ ਤਦ ਤੱਕ ਖੋਲ੍ਹਿਆ ਨਹੀਂ ਜਾਂਦਾ ਹੈ ਜਦ ਤੱਕ ਆਖਰੀ ਦੂਤ ਦਾ ਸੰਦੇਸ਼ ਪ੍ਰਚਾਰਿਆ ਨਹੀਂ ਜਾਂਦਾ ਹੈ ।

146 ਪੋਥੀ ਉੱਥੇ ਹੈ । ਅਸੀਂ ਜਾਣ ਗਏ ਹਾਂ ਕਿ ਇਹ ਉੱਥੇ ਸੀ । ਅਸੀਂ ਜਾਣਦੇ ਹਾਂ ਕਿ ਉਹ ਛੁਟਕਾਰਾ ਅਰਥਾਤ ਨਿਸਤਾਰਾ ਸੀ। ਯਿਰਮਿਯਾਹ ਨੇ ਕਿਹਾ ਸੀ, " ਇਹ ਪੋਥੀ ਜਰੂਰ ...... ਰੱਖੀ ਜਾਵੇ । " ਜਿਵੇਂ ਕਿ ਤੁਸੀਂ ਇਸਨੂੰ ਯਿਰਮਿਯਾਹ ਦੀ ਕਿਤਾਬ ਵਿੱਚ ਪੜ੍ਹਦੇ ਹੋ, ਉਹ ਕਹਿੰਦਾ ਹੈ, ਕਿ ਪੋਥੀ ਨੂੰ ਮਿੱਟੀ ਦੇ ਭਾਂਡੇ ਵਿੱਚ ਰੱਖਿਆ ਜਾਵੇ । ਸਮਝੇ ? ਓਹ, ਕਿੰਨੀ ਸ਼ਾਨਦਾਰ ਗੱਲ ਏਥੇ ਹੈ ਜਿਸ ਤੇ ਕਿ ਮੈਂ ਕੁਝ ਦੇਰ ਬੋਲ ਸੱਕਦਾ ਹਾਂ । ਇਸ ਪੋਥੀ ਨੂੰ ਮਿੱਟੀ ਦੇ ਬਰਤਨ ਵਿੱਚ ਰੱਖਿਆ ਗਿਆ ਸੀ, ਉਹ ਬਰਤਨ ਜੋ ਇੱਕ ਵਾਰ ਦੇਹਧਾਰੀ ਹੋਇਆ (ਮਹਿਮਾਂ ਹੋਵੇ ! )ਮਰ ਗਿਆ, ਫਿਰ ਜੀ ਉੱਠਿਆ, ਉਹ ਪੋਥੀਉਸ ਸਮੇਂ ਤੱਕ ਮਿੱਟੀ ਦੇ ਬਰਤਨ ਵਿੱਚ ਰੱਖੀ ਗਈ ਜਦ ਤੱਕ ਕਿ ਖਰੀਦੇ ਜਾਣ ਦਾ ਸਮਾਂ ਨਹੀਂ ਆ ਗਿਆ । ਹੇ ਮੇਰੇ, ਪ੍ਰਭੂ ! ਕਿੰਨੇ ਸੋਹਣੇ ਢੰਗ ਨਾਲ ਇਸਦਾ ਬਿਆਨ ਕੀਤਾ ਗਿਆ ਹੈ ! ਠੀਕ ਹੈ ।

147 ਹੁਣ ਦੇਖੋ, ਇਹਨਾਂ ਸੰਦੇਸ਼ਾਂ ਨੂੰ ਇਸ ਮਿੱਟੀ ਦੇ ਬਰਤਨ ਵਿੱਚ ਤਦ ਤੱਕ ਰੱਖਿਆ ਗਿਆ ਜਦ ਤੱਕ ਕਿ ਪ੍ਰਮੇਸ਼ੁਰ ਦਾ ਨਿਯੁਕਤ ਕੀਤਾ ਸਮਾਂ ਨਹੀਂ ਆ ਗਿਆ ;ਜਦ ਤੱਕ ਧਰਤੀ ਤੇ ਆਖਰੀ ਦੂਤ ਨਹੀਂ ਆ ਗਿਆ । ਅਤੇ ਉਹਨਾਂ ਲੋਕਾਂ ਨੇ ਜਿਹਨਾਂ ਨੇ ਇਸਦਾ ਅੰਦਾਜ਼ਾਂ ਲਗਾਇਆ ਸੀ, ਇਹ ਕਿਹਾ, " ਮੈਂ ਜਾਣਦਾ ਹਾਂ ਕਿ ਇਹ ਉੱਥੇ ਹੈ । ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਇਹ ਉੱਥੇ ਹੈ।" ਅਤੇ ਉਹਨਾਂ ਨੇ ਇਸ ਉੱਤੇ ਝਗੜਾ ਕੀਤਾ, ਇਸਨੂੰ ਅਗਾਂਹ ਲਿਆਂਦਾ, ਅਤੇ ਉਹ ਸੱਭ ਗੱਲਾਂ ਪੈਦਾ



ਕੀਤੀਆਂ ਜਿਨ੍ਹਾਂ ਦਾ ਉਹ ਵਿਸ਼ਵਾਸ ਦੇ ਦੁਆਰਾ ਯਕੀਨ ਕਰਦੇ ਸਨ। ਪ੍ਰੰਤੂ ਹੁਣ ਇਹ ਸਾਡੇ ਕੋਲ ਪਰਕਾਸ਼ ਦੇ ਦੁਆਰਾ ਅਤੇ ਪ੍ਰਮੇਸ਼ੁਰ ਦੇ ਹੱਥਾਂ ਵਿੱਚੋਂ ਪ੍ਰਮਾਣ ਦੇ ਨਾਲ ਲਿਆਂਦਾ ਜਾਣਾ ਹੈ । ਪ੍ਰਮੇਸ਼ੁਰ ਨੇ ਇਸੇ ਤਰ੍ਹਾਂ ਹੀ ਕਿਹਾ ਹੈ । ਉਸਨੇ ਇਸਦਾ ਵਇਦਾ ਕੀਤਾ ਹੈ ।

148 ਹੁਣ ਆਓ ਵੇਖੀਏ । ਕਿੱਥੇ, ਅਸੀਂ ਕਿੱਥੇ ਸੀ ? ਆਓ ਹੁਣ ਦੂਜੀ ਆਇਤ ਦੀ ਵੱਲ ਚੱਲੀਏ। ਪਹਿਲੀ ਆਇਤ ਨੂੰ ਪੜ੍ਹਿਆਂ ਕਾਫੀ ਦੇਰ ਹੋ ਗਈ ਹੈ, ਪ੍ਰੰਤੂ ਆਓ ਹੁਣ ਅਸੀਂ ਦੂਸਰੀ ਆਇਤ ਪੜ੍ਹੀਏ । ਹੁਣ ਸ਼ਾਇਦ ਅਸੀਂ ਅਗਲੀ ਆਇਤ ਤੇ ਬਹੁਤਾ ਚਿਰ ਨਹੀਂ ਠਹਿਰਾਂਗੇ ।

*ਅਤੇ ਮੈਂ ਇੱਕ ਬਲੀ ਦੂਤ ਨੂੰ ਵੱਡੀ ਅਵਾਜ਼ ਨਾਲ ਇਹ ਪ੍ਰਚਾਰ ਕਰਦੇ ਵੇਖਿਆ ਭਈ ਪੋਥੀ ਨੂੰ ਖੋਲ੍ਹਣ ਅਤੇ ਉਹਦੀਆਂ ਮੋਹਰਾਂ ਨੂੰ ਤੋੜਨ ਦੇ ਯੋਗ ਕੌਣ ਹੈ ?*

149 ਹੁਣ ਯਾਦ ਰਹੇ । ਆਓ ਅਸੀਂ ਪਹਿਲੀ ਆਇਤ ਫਿਰ ਪੜ੍ਹਦੇ ਹਾਂ ਤਾਂ ਕਿ ਅਸੀਂ ਇਹਨਾਂ ਦੋਹਾਂ ਨੂੰ ਇੱਕਠਾ ਜੋੜ ਸਕੀਏ ।

*.........ਜਿਹੜਾ ਸਿੰਘਾਸਣ ਉੱਤੇ ਬਿਰਾਜਮਾਨ ਸੀ ਮੈਂ ਉਹਦੇ ਸੱਜੇ ਹੱਥ ਵਿੱਚ .........*

150 ਪ੍ਰਮੇਸ਼ੁਰ । ਉਹ ਕੌਣ ਹੈ ? ਬਿਲਕੁੱਲ ਠੀਕ ਅਸਲੀ ਜੀਵਨ ਦੀ ਪੋਥੀ ਦਾ ਮਾਲਕ । ਇਹ ਉਸਦੇ ਕੋਲ ਹੈ । ਪ੍ਰਮੇਸ਼ੁਰ ਇਸ ਤਰ੍ਹਾਂ ਕਰਦਾ ਹੈ । ਜਦ ਆਦਮ ਨੇ ਇਸਨੂੰ ਗੁਆ ਲਿਆ, ਤਦ ਇਹ ਵਾਪਿਸ ਆਪਣੇ ਅਸਲੀ (ਮੂਲ) ਮਾਲਕ ਦੇ ਕੋਲ ਪਹੁੰਚ ਗਈ । ਇਹ ਤਾਂ ਉਸਦੀ ਪੋਥੀ ਹੈ।

*ਅਤੇ ਯੂਹੰਨਾ ਨੇ* (ਦਰਸ਼ਣ ਵਿੱਚ ) ਉਤਾਂਹਾ ਝਾਤ ਮਾਰੀ, *ਅਤੇ ਜਿਹੜਾ ਸਿੰਘਾਸਣ ਉੱਤੇ ਬਿਰਾਜਮਾਨ ਹੈ ਉਸਦੇ ਸੱਜੇ ਹੱਥ ਵਿੱਚ ਇੱਕ ਪੋਥੀ ਵੇਖੀ ਜੋ ਅੰਦਰੋਂ ਬਾਹਰੋਂ ਲਿਖੀ ਹੋਈ ਅਤੇ ਸੱਤਾਂ ਮੋਹਰਾਂ ਨਾਲ ਬੰਦ ਕੀਤੀ ਹੋਈ ਸੀ ।*

151 ਅੰਦਰ ਵੇਖੋ ! ਹੁਣ ਜਦ ਅਸੀਂ ਇਹਨਾਂ ਮੋਹਰਾਂ ਨੂੰ ਤੋੜਾਂਗੇ, ਤਾਂ ਤੁਸੀਂ ਵੇਖੋਗੇ ਕਿ ਇਹਨਾਂ ਵਿੱਚੋਂ ਹਰੇਕ ਮੋਹਰ ਪਿਛਾਂਹ ਵਚਨ ਵਿੱਚ ਪਾਈ ਗਈ ਹੈ । ਸਾਰੇ ਦਾ ਸਾਰਾ ਕੁਝ ਹੀ, ਸਾਰੇ ਭੇਤ ਇਹਨਾਂ ਮੋਹਰਾਂ ਵਿੱਚ ਹੀ ਪਾਏ ਜਾਂਦੇ ਹਨ । ਸਮਝੇ ?ਬਾਈਬਲ ਦਾ ਹਰੇਕ ਭੇਤ ਇਹਨਾਂ ਮੋਹਰਾਂ ਵਿੱਚ ਹੈ । [ ਭਾਈ ਬ੍ਰਾਨਹਾਮ ਪੁਲਪਿਟ ਨੂੰ ਪੰਜ ਵਾਰ ਖੜਕਾਉਂਦੇ ਹਨ -ਸੰਪ ] ਅਤੇ ਮੋਹਰਾਂ ਨੂੰ ਉਸ ਸਮੇਂ ਤੱਕ ਤੋੜਿਆ ਨਹੀਂ ਜਾ ਸੱਕਦਾ । ਮੈਂ ਇਸਨੂੰ ਇੱਕ ਮਿੰਟ ਵਿੱਚ ਹੀ ਇੱਥੇ ਸਾਬਤ ਕਰਦਾ ਹਾਂ ।

152 ਧਿਆਨ ਦਿਓ । ਹੁਣ ਪੁਸਤਕ ਮੋਹਰਬੰਦ ਹੈ । ਇੱਥੇ ਇੱਕ ਮੋਹਰ ਹੈ, *ਇਹ* ਇੱਕ ਮੋਹਰ ਹੈ । ਇਸ ਤੋਂ ਬਾਦ ਇਸ ਉੱਤੇ ਦੂਸਰੀ ਮੋਹਰ ਲਪੇਟੀ ਹੋਈ ਹੈ । ਇਸ ਤੋਂ ਬਾਦ ਇਸ ਉੱਤੇ ਇੱਕ ਹੋਰ ਮੋਹਰ ਲਪੇਟੀ ਹੋਈ ਹੈ । ਇਹ ਛੁਟਕਾਰੇ ਦੀ ਪੋਥੀ ਹੈ । ਇਹਨਾਂ ਸਭਨਾਂ ਨੂੰ ਇੱਕਠਿਆ ਕਰਕੇ ਇੱਕ ਪੁਸਤਕ ਬਣਦੀ ਹੈ, ਅਤੇ ਇਹ ਸੱਤਾਂ ਮੋਹਰਾਂ ਨਾਲ ਬੰਦ ਕੀਤੀ ਹੋਈ ਹੈ । ਅਤੇ ਇਹ ਮੋਹਰਾਂ ਪਿਛਲੇ ਪਾਸੇ ਲਗਾਈਆਂ ਗਈਆਂ ਹਨ, ਕਿਉਂਕਿ ਇਹ ਖਤਮ ਹੋ ਚੁੱਕੀ ਹੈ । ਮੋਹਰ ਦਾ ਭੇਤ ਅੰਦਰ ਹੈ । ਬਾਹਰਵਾਰ ਤਾਂ ਬਸ ਇੰਝ ਆਖਿਆ ਗਿਆ ਹੈ, " ਚਿੱਟੇ ਘੋੜੇ ਦਾ ਸਵਾਰ ", ਜਾਂ, " ਕਾਲੇ ਘੋੜੇ ਦਾ ਸਵਾਰ ", ਪ੍ਰੰਤੂ ਸਾਰੀ ਪੁਸਤਕ ਉਤਪਤ ਤੋਂ ਲੈ ਕੇ ਪ੍ਰਕਾਸ਼ ਦੀ ਪੋਥੀ ਤੱਕ ਦਾ